ਪੰਥ ਰਤਨ

# ਸੂਬਾ ਗੰਡਾ ਸਿੰਘ



ਪ੍ਰਿੰ: ਬੇਅੰਤ ਕੌਰ

Namdhari Elibrary NamdhariElibrary@gmail.com

ਮਹਾ ਪਵਿਤ੍ਰ ਸਾਧ ਕਾ ਸੰਗੁ॥
ਜਿਸੁ ਭੇਟਤ ਲਾਗੈ ਪ੍ਰਭ ਰੰਗੁ॥

ਇਨ੍ਹਾਂ ਗੁਰਬਾਣੀ ਦੀਆਂ ਤੁਕਾਂ ਦਾ ਪ੍ਰਭਾਵ ਸੂਬਾ ਗੰਡਾ ਸਿੰਘ ਜੀ ਦੇ ਜੀਵਨ ਵਿਚ ਸਪਸ਼ਟ ਰੂਪ ਵਿਚ ਵੇਖਿਆ ਜਾ ਸਕਦਾ ਹੈ। ਬਚਪਨ ਵਿਚ ਹੀ ਸੂਬਾ ਜੀ ਨੂੰ ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਦੀ ਸੰਗਤ ਪ੍ਰਾਪਤ ਹੋਈ, ਜਿਨ੍ਹਾਂ ਦੇ ਪ੍ਰਭਾਵ ਨੇ ਸੂਬਾ ਜੀ ਦੀ ਕਾਇਆ ਕਲਪ ਹੀ ਕਰ ਦਿੱਤੀ। ਸੰਤਾਂ ਨੇ ਸੂਬਾ ਜੀ ਨੂੰ ਗੁਰਸਿਖੀ ਦੇ ਮਾਰਗ ਦਾ ਪਾਂਧੀ ਬਣਾਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਨਾਲ ਜੋੜ ਦਿੱਤਾ।

ਅਟੱਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੂਬਾ ਜੀ ਦੀ ਬਾਂਹ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਫੜਾਈ ਤੇ ਸੂਬਾ ਜੀ ਨੇ ਆਖੀਰੀ ਸੁਆਸਾਂ ਤਕ ਆਪਣੀ ਪ੍ਰੀਤ ਸਤਿਗੁਰੂ ਜੀ ਦੇ ਚਰਨਾਂ ਨਾਲ ਨਿਭਾਈ। ਸਤਿਗੁਰੂ ਜੀ ਦੇ ਦਸੇ ਉਪਦੇਸ਼ਾਂ ਅਨੁਸਾਰ ਆਪਣਾ ਜੀਵਨ ਢਾਲ ਕੇ ਸੂਬਾ ਜੀ ਮਾਨਵਤਾ ਲਈ ਚਾਨਣ ਮੁਨਾਰਾ ਬਣ ਗਏ। ਸੂਬਾ ਜੀ ਦੇ ਜੀਵਨ ਨੂੰ ਪ੍ਰੇਰਣਾ ਸਰੋਤ ਮੰਨ ਕੇ ਜੇਕਰ ਯੁਵਾ ਪੀੜ੍ਹੀ ਸਤਿਗੁਰੂ ਜੀ ਦੇ ਦਸੇ ਰਾਹਾਂ ਤੇ ਚਲ ਪਏ ਤਾਂ ਇਸ ਪੁਸਤਕ ਦੇ ਲਿਖਣ ਦਾ ਮੰਤਵ ਪੂਰਨ ਹੋ ਜਾਵੇਗਾ।

Namdhari Elibrary NamdhariElibrary@gmail.com



# *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

In order to continue conserving, digitising and publishing our numerous literature online, we are asking for your support and involvement.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

Digitising our treasures is an ambitious undertaking. Every page, every object, must be photographed individually and with great care. The whole photographic process including lighting, colour temperature, and environmental controls must all be precisely regulated. Post processing is also done with meticulous care including orientation, de-skewing, sizing and finally quality control to ensure the documents reflect the true state of the originals.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information about the process or your contribution - please contact

Email: NamdhariElibrary@gmail.com

kirpal singh chana

Namdhari Elibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

# ਪੰਥ ਰਤਨ
# ਸੂਬਾ ਗੰਡਾ ਸਿੰਘ


**ਬੇਅੰਤ ਕੌਰ**

ਐਮ.ਏ. (ਅੰਗ੍ਰੇਜ਼ੀ, ਪੰਜਾਬੀ, ਸਾਹਿੱਤ ਰਤਨ ਹਿੰਦੀ) ਬੀ.ਟੀ.

ਪ੍ਰਿੰਸੀਪਲ

ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ

ਮਾਨਸਰੋਵਰ ਗਾਰਡਨ, ਨਵੀਂ ਦਿੱਲੀ।



ਮਿਲਣ ਦਾ ਪਤਾ :

ਪ੍ਰਿੰ: ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ

ਮਾਨਸਰੋਵਰ ਗਾਰਡਨ, ਨਵੀਂ ਦਿੱਲੀ।



Namdhari Elibrary NamdhariElibrary@gmail.com

ਕਾਪੀ ਰਾਈਟ
ਸਭ ਹੱਕ ਕਰਤਾ ਦੇ ਰਾਖਵੇਂ ਹਨ
ਪਹਿਲੀ ਵਾਰ : ੧੧੦੦
ਮਾਰਚ, ੧੯੯੦
ਕੀਮਤ : ਚਾਲੀ ਰੁਪਏ
ਮਿਲਣ ਦਾ ਪਤਾ :
ਪ੍ਰਿੰ:, ਸ਼ਹੀਦ ਬਿਸ਼ਨ ਸਿੰਘ ਮੇਮੋਰੀਅਲ ਸਕੂਲ
ਮਾਨਸਰੋਵਰ ਗਾਰਡਨ, ਨਵੀਂ ਦਿੱਲੀ
ਰੂਪਕਾਰ :
ਪਰਮਜੀਤ ਸਿੰਘ (ਕਮਰਸ਼ੀਅਲ ਆਰਟਿਸਟ)
ਛਾਪਕ :
ਪਰਮ ਪ੍ਰਿੰਟਿੰਗ ਸਰਵਿਸ
੫, ਗੁ: ਸਿੰਘ ਸਭਾ ਰੋਡ,
ਭਾਈ ਪਰਮਾਨੰਦ ਨਗਰ,
ਦਿੱਲੀ-੧੧੦੦੦੯

---

**Panth Ratan Suba Ganda Singh**
**by Beant Kaur**
**Price : 40/- only**

Namdhari Elibrary NamdhariElibrary@gmail.com

ਪੰਥ ਰਤਨ
ਸੂਬਾ ਗੰਡਾ ਸਿੰਘ

*With best compliments*

Namdhari Elibrary NamdhariElibrary@gmail.com

Namdhari Elibrary NamdhariElibrary@gmail.com

## ਸਮਰਪਣ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ
ਮਧੁਰ ਯਾਦ ਵਿਚ
ਜਿਨ੍ਹਾਂ ਦੀ ਅਵਤਾਰ ਸ਼ਤਾਬਦੀ
ਸਾਰਾ ਸੰਸਾਰ ਮਨਾ ਰਿਹਾ ਹੈ ।

Namdhari Elibrary NamdhariElibrary@gmail.com

Namdhari Elibrary NamdhariElibrary@gmail.com



ਮੋਹਣੀ ਮੂਰਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

Namdhari Elibrary NamdhariElibrary@gmail.com

ਜਿਹ ਸਤਿਗੁਰ ਸਿਮਰੰਤ, ਨਯਨ ਕੇ ਤਿਮਰ ਮਿਟਹਿ ਖਿਨੁ ॥
ਜਿਹ ਸਤਿਗੁਰ ਸਿਮਰੰਥਿ, ਰਿਦੈ ਹਰਿਨਾਮੁ ਦਿਨੋ ਦਿਨੁ ॥
ਜਿਹ ਸਤਿਗੁਰ ਸਿਮਰੰਥਿ, ਜੀਅ ਕੀ ਤਪਤਿ ਮਿਟਾਵੈ ॥
ਜਿਹ ਸਤਿਗੁਰ ਸਿਮਰੰਥਿ, ਰਿਧਿ ਸਿਧਿ ਨਵ ਨਿਧਿ ਪਾਵੈ ॥
ਸੋਈ ਰਾਮਦਾਸੁ ਗੁਰੁ ਬਲ੍ਯ੍ਯ ਭਣਿ, ਮਿਲਿ ਸੰਗਤਿ ਧੰਨਿ ਧੰਨਿ ਕਰਹੁ ॥
ਜਿਹ ਸਤਿਗੁਰ ਲਗਿ ਪ੍ਰਭੁ ਪਾਈਐ, ਸੋ ਸਤਿਗੁਰੁ ਸਿਮਰਹੁ ਨਰਹੁ ॥੫॥੫੪॥

ਪੰਨਾ ੨੧੨ (੧੪੦੫)

Namdhari Elibrary NamdhariElibrary@gmail.com



ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ

Namdhari Elibrary NamdhariElibrary@gmail.com

ਸੋ ਸਤਿਗੁਰੁ, ਧਨੁ ਧੰਨੁ, ਜਿਨਿ ਭਰਮ ਗੜੁ ਤੋੜਿਆ ॥
ਸੋ ਸਤਿਗੁਰੁ ਵਾਹੁ ਵਾਹੁ, ਜਿਨਿ ਹਰਿ ਸਿਉ ਜੋੜਿਆ ॥
ਨਾਮੁ ਨਿਧਾਨੁ ਅਖੁਟੁ, ਗੁਰੁ ਦੇਇ ਦਾਰੂਓ ॥
ਮਹਾ ਰੋਗੁ ਬਿਕਰਾਲੁ ਤਿਨੈ ਬਿਦਾਰੂਓ ॥
ਪਾਇਆ ਨਾਮੁ ਨਿਧਾਨੁ, ਬਹੁਤ ਖਜਾਨਿਆ ॥
ਜਿਤਾ ਜਨਮੁ ਅਪਾਰੁ, ਆਪੁ ਪਛਾਨਿਆ ॥
ਮਹਿਮਾ ਕਹੀ ਨ ਜਾਇ, ਗੁਰ ਸਮਰਥ ਦੇਵ ॥
ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ, ਅਲਖ ਅਭੇਵ ॥੧੭॥

ਪੰਨਾ ੨੧੦ (੫੨੨)

Namdhari Elibrary NamdhariElibrary@gmail.com



ਬੀਤ ਰਾਗ ਸ਼੍ਰੋਮਣੀ ਮਹਾਨ ਆਤਮਾ

ਜੋਂਗੀਰਾਜ.ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲੇ

Namdhari Elibrary NamdhariElibrary@gmail.com

ਤਨੁ ਸੰਤਨ ਕਾ, ਧਨੁ ਸੰਤਨ ਕਾ, ਮਨੁ ਸੰਤਨ ਕਾ ਕੀਆ ॥
ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ, ਸਰਬ ਕੁਸਲ ਤਬ ਥੀਆ ॥੧॥
ਸੰਤਨ ਬਿਨੁ ਅਵਰੁ ਨ ਦਾਤਾ ਬੀਆ ॥
ਜੋ ਜੋ ਸਰਣਿ ਪਰੈ ਸਾਧੂ ਕੀ, ਸੋ ਪਾਰਗਰਾਮੀ ਕੀਆ ॥ਰਹਾਉ॥
ਕੋਟਿ ਪਰਾਧ ਮਿਟਹਿ ਜਨ ਸੇਵਾ, ਹਰਿ ਕੀਰਤਨੁ ਰਸਿ ਗਾਈਐ ॥
ਈਹਾ ਸੁਖੁ, ਆਗੈ ਮੁਖ ਊਜਲ, ਜਨ ਕਾ ਸੰਗੁ ਵਡਭਾਗੀ ਪਾਈਐ ॥੨॥
ਰਸਨਾ ਏਕ ਅਨੇਕ ਗੁਣ ਪੂਰਨ, ਜਨ ਕੀ ਕੇਤਕ ਉਪਮਾ ਕਹੀਐ ॥
ਅਗਮ ਅਗੋਚਰ ਸਦ ਅਬਿਨਾਸੀ, ਸਰਣਿ ਸੰਤਨ ਕੀ ਲਹੀਐ ॥੩॥
ਨਿਰਗੁਨ ਨੀਚ ਅਨਾਥ ਅਪਰਾਧੀ, ਓਟ ਸੰਤਨ ਕੀ ਆਹੀ ॥
ਬੂਡਤ ਮੋਹ ਗ੍ਰਿਹ ਅੰਧ ਕੂਪ ਮਹਿ, ਨਾਨਕ ਲੇਹੁ ਨਿਬਾਹੀ ॥੪॥੭॥

ਪੰਨਾ ੩੦੬ (੬੧੦)

Namdhari Elibrary NamdhariElibrary@gmail.com



ਸ੍ਰੀ ਐਚ.ਐਸ. ਹੰਸਪਾਲ ਜੀ

(ਜਿਨ੍ਹਾਂ ਨੇ ਇਸ ਪੁਸਤਕ ਦੇ ਪ੍ਰਕਾਸ਼ਨ ਵਿਚ ਪੂਰਨ ਸਹਿਯੋਗ ਦਿਤਾ)

Namdhari Elibrary NamdhariElibrary@gmail.com



ਸੂਬਾ ਜੀ ਦਾ ਪੋਤਰਾ ਸ. ਨਰੈਣ ਸਿੰਘ

(ਜਿਨ੍ਹਾਂ ਨੇ ਇਸ ਪੁਸਤਕ ਦੇ ਪ੍ਰਕਾਸ਼ਨ ਦੀ ਪੂਰੀ ਜ਼ਿੰਮੇਵਾਰੀ ਸੰਭਾਲੀ)

Namdhari Elibrary NamdhariElibrary@gmail.com

# ਤਤਕਰਾ


| | | |
|---|---|---|
| ੧. | ਸ਼ੁਭ ਇੱਛਾਵਾਂ | ੲ |
| ੨. | ਕੀ ਆਖਾਂ ? | ਸ |
| ੩. | ਦੋ ਅੱਖਰ | ਕ |
| ੪. | ਦੋ ਸ਼ਬਦ | ਗ |
| ੫. | ਧੰਨਵਾਦ | ਘ |
| ੬. | ਮਿਸਤ੍ਰੀ ਜੀ, ਸੰਤ ਜੀ, ਸੂਬਾ ਜੀ | ੧ |
| ੭. | ਬਾਬਾ ਝੰਡਾ ਸਿੰਘ ਜੀ ਦਾ ਪ੍ਰਭਾਵ | ੪ |
| ੮. | ਪੂਰਬ ਕਰਮ ਅੰਕੁਰ ਜਬ ਪ੍ਰਗਟੇ | ੫ |
| ੯. | ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ | ੭ |
| ੧੦. | ਲਖ ਖੁਸੀਆਂ ਪਾਤਿਸਾਹੀਆਂ | ੯ |
| ੧੧. | ਹੁਕਮ ਸਿੰਘ ਨੂੰ ਵਰਦਾਨ | ੧੧ |
| ੧੨. | ਆਓ ਸਖੀ ਸੰਤ ਪਾਸ ਸੇਵਾ ਲਾਗੀਐ | ੧੫ |
| ੧੩. | ਸੰਤਾਂ ਦੀ ਸਮ ਦ੍ਰਿਸ਼ਟੀ | ੧੬ |
| ੧੪. | ਬਲਦੇ ਤੰਦੂਰ ਵਿਚ ਛਾਲ ਮਾਰਨੀ | ੧੮ |
| ੧੫. | ਸਖਾਣੀਆਂ ਤੋਂ ਵਿਦਾਇਗੀ | ੧੭ |
| ੧੬. | ਸੰਤ ਹਮਾਰਾ ਰਾਖਿਆ ਪੜਦਾ | ੧੯ |
| ੧੭. | ਸੰਤ ਪ੍ਰਸਾਦਿ ਕਿਲਵਿਖ ਸਭ ਗਏ | ੨੧ |
| ੧੮. | ਜਿਥੈ ਬੈਸਨਿ ਸਾਧ ਜਨ ਸੋ ਥਾਨ ਸੁਹੰਦਾ | ੨੭ |
| ੧੯. | ਬੱਚਿਆਂ ਨਾਲ ਪਿਆਰ | ੩੪ |
| ੨੦. | ਦੂਖ ਰੋਗ ਬਿਨਸੇ ਭੈ ਭਰਮ | ੩੭ |
| ੨੧. | ਅਨਿਕ ਬਿਘਨ ਤੇ ਸਾਧੂ ਰਾਖੇ | ੪੦ |
| ੨੨. | ਭਾਂਵੇਂ ਲਾਂਬੇ ਕੇਸ ਕਰ ਭਾਂਵੇਂ ਘਰਰਿ ਮੁੰਡਾਇ | ੪੨ |
| ੨੩. | ਉਤਕ ਸਲੋਕ ਸਾਧ ਕੇ ਬਚਨ। ਅਮੁਲੀਕ ਲਾਲ ਇਹ ਰਤਨ। | ੪੪ |
| ੨੪. | ਗੁਰਮੁਖਿ ਆਵੈ ਜਾਇ ਨਿਸੰਗ | ੫੨ |
| ੨੫. | ਜਗਤਮਤ ਤੇਜ ਪੂਰਨ ਪ੍ਰਤਾਪ | ੫੫ |
| ੨੬. | ਸੰਗੀਤ ਦੇ ਭਿੰਨ ਭਿੰਨ ਸਾਜ਼ਾਂ ਦਾ ਨਿਰਮਾਣ | ੫੯ |




Namdhari Elibrary NamdhariElibrary@gmail.com

२੭. ਬਲਦੇ ਵੇਲਣੇ ਵਿਚੋਂ ਬਾਂਹ ਖਿਚਕੇ ਕੱਢਣੀ ੬੧

੨੮. ਵਡੇ ਹਵਨ ਕੁੰਡ ਦਾ ਨਿਰਮਾਣ ੬੨

੨੯. ਗੁਜਰਾਂਵਾਲੇ ਦੀ ਮਾਈ ਮਸਤਾਨੀ ਤੇ ਵਿਸ਼ੇਸ਼ ਬਖਸ਼ਸ਼ ੬੬

੩੦. ਦਰਸ਼ਨਾਂ ਦੀ ਦਾਤ ੭੦

੩੧. ਬੀਬੀ ਈਸ਼ਰ ਕੌਰ ਤੇ ਵਿਸ਼ੇਸ਼ ਬਖਸ਼ਸ਼ ੭੧

੩੨. ਮਾਤਾ ਕੇਸਰ ਕੌਰ ੭੨

੩੩. ਸ੍ਰੀ ਜੀਵਨ ਨਗਰ ਵਿਖੇ ਇੰਜਨ ੭੪

੩੪. ਭਰੋਸਾ ਕਰਨ ਤੋਂ ਪਹਿਲਾਂ ਪਰਖ ੭੫

੩੫. ਸੇਵਕਾਂ ਨੂੰ ਭੂਮੀ ਦਾਨ ੭੬

੩੬. ਗੁਰਬਾਣੀ ਦੀ ਸੰਭਾਲ ੭੮

੩੭. ਮਾਇਆ ਚਰਨਾਂ ਦੀ ਦਾਸੀ ੭੯

੩੮. ਚੌਦਾਂ ਸਤਿਗੁਰੂ ਰਾਇ ੮੧

੩੯. ਆਪਣੇ ਸਾਹਿਬ ਕਾ ਭਰਵਾਸਾ ੮੨

੪੦. ਅੰਤਿਮ ਦਰਸ਼ਨ ੮੩

੪੧. ਸਤਿਗੁਰੂ ਜਗਜੀਤ ਸਿੰਘ ਨੇ ਬਾਂਹ ਫੜਨੀ ੮੫

੪੨. ਸੂਬਾ ਦਿੱਲੀ ਦਾ ੮੬

੪੩. ਦਰਸਨ ਪੇਖਤ ਦੋਸ ਨਸੈ ੮੭

੪੪. ਅੰਤਿਕਾ ੯੪




Namdhari Elibrary NamdhariElibrary@gmail.com

ੴ
**ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥**

ਭਾਵੇਂ ਇਹ ਪ੍ਰਾਕਿਰਤਿਕ ਨਿਯਮਾਂ ਦੇ ਉਲਟ ਹੀ ਹੈ, ਪਰ ਜੀਅ ਇਉਂ ਕਰਦਾ ਹੈ ਕਿ ਸੂਬਾ ਜੀ ਵਰਗੇ ਬਜ਼ੁਰਗ ਸਾਡੇ ਵਿਚ ਸਦਾ ਰਹਿਣ ਤਾਂ ਜੋ ਗੁਰੂ ਸੇਵਾ, ਸਿੱਖੀ ਸਿਦਕ, ਨਾਮ-ਬਾਣੀ ਦੀ ਪ੍ਰੇਰਣਾ, ਵਿਸ਼ੇਸ਼ ਕਰਕੇ ਨਵਯੁਵਕ ਵਰਗ ਨੂੰ ਨਿਰੰਤਰ ਮਿਲਦੀ ਰਹੇ।

ਸੂਕਸ਼ਮ ਸਰੀਰ ਵਾਲੇ ਸੂਬਾ ਜੀ ਦੇ ਦਰਸ਼ਨ, ਹੱਥ ਵਿਚ ਮਾਲਾ, ਮੁਖ ਨਾਲ ਨਾਮ ਸਿਮਰਨ ਕਰਦਿਆਂ ਅੱਜ ਵੀ ਸਾਹਮਣੇ ਆਉਂਦੇ ਹਨ। ਜਦੋਂ ਵੀ ਸੂਬਾ ਜੀ ਮਿਲਦੇ, ਉਨ੍ਹਾਂ ਦੇ ਬਚਨਾਂ ਨਾਲ, ਗੁਰੂ ਚਰਨਾਂ 'ਚ ਪ੍ਰੀਤ ਤੇ ਸਿੱਖੀ ਸਿਦਕ ਵਿਚ ਹੋਰ ਵਾਧਾ ਹੁੰਦਾ ਸੀ। ਉਹ ਸਦਾ ਸ਼ੁਭ ਬਚਨ ਬੋਲਦੇ ਸਨ। ਮਿਲਣਾ ਤੇ ਉਚੇਚਿਆਂ ਪੁਛਣਾ, "ਸ੍ਰੀ ਭੈਣੀ ਸਾਹਿਬ ਕਦੋਂ ਜਾਣਾ ਏਂ ? ਜਦੋਂ ਜਾਓਗੇ, ਸਤਿਗੁਰੂ ਜੀ (ਸਤਿਗੁਰੂ ਜਗਜੀਤ ਸਿੰਘ) ਦੇ ਚਰਨਾਂ ਤੇ ਮੇਰਾ ਮੱਥਾ ਟੇਕਣਾ ਅਤੇ ਅਰਜ਼ ਕਰਨੀ, ਆਪਣਾ ਬਣਾਈ ਰਖਣ, ਸਾਡੇ ਵਸ ਕੁਝ ਨਹੀਂ, ਸਭ ਉਹਨਾਂ ਦੀ ਰਜ਼ਾ ਵਿਚ ਹੀ ਹੈ"। ਘੜੀ-ਮੁੜੀ ਦੋਹਰਾ-ਦੋਹਰਾ ਕੇ ਇਹ ਹੀ ਆਖੀ ਜਾਣਾ, "ਸਮਾਂ ਬੜਾ ਭਿਆਨਕ ਹੈ, ਉਹ ਹੀ (ਸਤਿਗੁਰੂ ਜੀ) ਬਚਾ ਸਕਦੇ ਹਨ।" ਹੋਰ ਕਿਸੇ ਦੀ ਵਾਹ ਨਹੀਂ। ਨਾਲੇ ਆਖਣਾ, "ਗੁਰੂ ਅਗੇ ਚੁਪ (ਭਾਵ ਸਤਿ ਬਚਨ) ਤੇ ਸਿੱਖ ਅਗੇ ਸੱਚ ਬੋਲੀਏ। ਇਸ ਵਿਚ ਹੀ ਮਨੁਖ ਦਾ ਭਲਾ ਹੈ।"

ਸ਼ੁਭ ਇੱਛਾਵਾਂ ਸਹਿਤ

**ਹਰਵਿੰਦਰ ਸਿੰਘ ਹੰਸਪਾਲ**
(ਐਮ.ਪੀ.)
ਕੇ-੧੭, ਰਾਜੌਰੀ ਗਾਰਡਨ,
ਨਵੀਂ ਦਿੱਲੀ

੨੬-੨-੯੦



Namdhari Elibrary NamdhariElibrary@gmail.com

## ਕੀ ਆਖਾਂ ?

ਮਾਲੀ ਕਲਮਾਂ ਲਾਂਦਾ ਏ, ਪਾਣੀ ਦੇਂਦਾ ਏ, ਬੇਲ-ਬੂਟੇ ਵਧਦੇ ਹਨ, ਉਨ੍ਹਾਂ ਦੀਆਂ ਬੇ-ਲੋੜੀਆਂ ਟਾਹਣੀਆਂ ਕਟਦਾ ਏ, ਪੱਤੀਆਂ ਝਾੜਦਾ ਏ । ਉਨ੍ਹਾਂ ਵਿਚੋਂ ਕਲੀਆਂ ਨਿਕਲਦੀਆਂ ਹਨ । ਮੁੜ ਉਹ ਚਿਟਕਦੀਆਂ ਹਨ । ਫੁਲਾਂ ਤੇ ਬਹਾਰ ਆਂਦੀ ਏ, ਉਹ ਆਪਣੇ ਆਪ ਵਿਚ ਸੁੰਦਰਤਾ, ਕੋਮਲਤਾ ਤੇ ਸੁਗੰਧ ਹੁੰਦੀ ਹੈ, ਪਰ ਜਦ ਸਿਆਣਾ ਮਾਲੀ, ਉਨ੍ਹਾਂ ਨੂੰ ਜੁਗਤ ਨਾਲ ਗੁਲਦਸਤੇ ਵਿਚ ਟਿਕਾਂਦਾ ਏ ਤਾਂ ਸਭ ਸ਼ਿੰਗਾਰ ਬਣਦਾ ਏ, ਉਨ੍ਹਾਂ ਕਲਾਤਮਕ ਹੱਥਾਂ ਦੀ ਸ਼ਲਾਘਾ ਹੁੰਦੀ ਏ ।

ਤਿਵੇਂ ਈ ਬੀਬੀ ਬੇਅੰਤ ਕੌਰ ਨੇ ਇਕ ਅਦਭੁਤ ਹਾਰ ਤਿਆਰ ਕੀਤਾ ਹੈ, ਜਿਸ ਵਿਚ ਮਹੀਨਿਆਂ ਦੀ ਜੜਤ, ਸਦੀਆਂ ਦੀ ਬੁਣਤ, ਲਾਲਾਂ ਦੀ ਉੱਣਤ । ਉਹ ਕਾਲੀਆਂ ਕੋਠੜੀਆਂ ਵਿਚ ਵੀ ਨਹੀਂ ਲੁਕਦਾ, ਉਹ ਸੌ ਹਨੇਰਿਆਂ ਨੂੰ ਪਾੜ ਲਟ-ਲਟ ਰੁਸ਼ਨਾ ਦੇਂਦਾ ਏ । ਇਹ ਅਨੂਠਾ ਹਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਨਿੰਨ ਸੇਵਕ ਸੂਬਾ ਗੰਡਾ ਸਿੰਘ ਜੀ ਜਿਹੜੇ ਨੇ ਸਰਬ ਕਲਾ ਸਪੰਨ ।

ਸੂਬਾ ਜੀ ਫੁਲਾਂ ਨਾਲੋਂ ਕੋਮਲ, ਪਰ ਹੀਰੇ ਨਾਲੋਂ ਕਰੜ, ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਰਹਿ, ਸੇਵਾ, ਸਾਦਗੀ, ਭਜਨ ਬੰਦਗੀ, ਹਮ-ਦਰਦੀ, ਪਿਆਰ ਦੀ ਮੂਰਤੀ ਬਣ ਹੀ ਚੁਕੇ ਸਨ, ਪਰ ਬੀਬੀ ਬੇਅੰਤ ਕੌਰ ਨੇ ਉਨ੍ਹਾਂ ਦੇ ਸਮੂਹ ਗੁਣਾਂ ਨੂੰ ਸੰਕਲਨ ਕਰ, ਬੜਾ ਉਪਕਾਰ ਕੀਤਾ ਹੈ । ਉਨ੍ਹਾਂ ਦੀ ਸ਼ਬਦ-ਕਲਾ ਆਪਣੀ ਹੈ । ਉਨ੍ਹਾਂ ਨੇ ਉਸ ਅਰਸ਼ੀ ਪੰਖੇਰੂ ਦਾ ਜਿਵੇਂ ਚਿਤਰ ਉਲੀਕਿਆ ਹੈ, ਉਹ ਅਕੱਥਨੀ ਹੈ । ਉਨ੍ਹਾਂ ਦੇ ਸ਼ਬਦ-ਸ਼ਬਦ ਵਿਚ ਪਵਿਤ੍ਰਤਾ, ਸੱਚਾਈ, ਸਰਲਤਾ, ਸੁਚਜਤਾ ਤੇ ਆਤਮ ਰਸ ਟਪਕਦਾ ਹੈ । ਪਾਠਕ ਜਿਉਂ-ਜਿਉਂ ਪੜ੍ਹਦਾ ਅਗਾਂਹ ਵਧਦਾ ਏ, ਤਾਂ ਅੰਮ੍ਰਿਤਮਈ ਰਸ ਵਿਚ ਟੁਬੀਆਂ ਲਾਉਣ ਲਗ ਪੈਂਦਾ ਏ ਤੇ ਸੁਰਤ ਉੱਚ ਮੰਡਲਾਂ ਵਿਚ ਜਾ ਪੁਜਦੀ ਏ ।

ਬੀਬੀ ਨੇ ਸੂਬਾ ਜੀ ਨੂੰ ਪਿਤਾ ਜਾਣ ਇਹ ਘਾਲ ਨਹੀਂ ਘਾਲੀ, ਉਨ੍ਹਾਂ ਇਕ ਸੱਚੇ ਗੁਰਸਿੱਖ ਦੀ ਤਸਵੀਰ ਖਿੱਚ ਵਿਖਾਈ ਏ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗ੍ਰਿਹਸਤ ਧਰਮ ਨੂੰ ਵਡਿਆਈ ਬਖਸ਼ੀ । ਸੂਬਾ ਜੀ ਗ੍ਰਿਹਸਤੀ ਸਨ । ਘਰ ਵਿਚ ਪੁਤਰ, ਨੂੰਹਾਂ, ਧੀਆਂ, ਜਵਾਈ, ਪੋਤਰੇ, ਦੋਹਤਰੇ, ਖੂਬ ਗਹਿਮਾ-ਗਹਿਮ, ਪਰ ਸੂਬਾ ਜੀ ਸਤਿਗੁਰੂ ਜੀ ਦੇ ਚਰਨ ਕਮਲਾਂ ਦੇ ਭੌਰੇ ਸਦਾ ਸ੍ਰੀ ਭੈਣੀ ਸਾਹਿਬ ਜੀ ਜੀਵਨ ਨਗਰ ਵਿਖੇ ਗੁਜ਼ਾਰਾਂ ਛੇੜਦੇ ।



Namdhari Elibrary NamdhariElibrary@gmail.com

ਇਨ੍ਹਾਂ ਦੀ ਸੁਰਤ ਸਦਾ ਭਜਨ-ਬੰਦਗੀ ਜਾਂ ਗੁਰ ਸੇਵਾ ਘਰ ਹੋਣ ਜਾਂ ਬਾਹਰ ਸਭ ਘੜੀਆਂ ਗੁਰੂ ਕੇ ਲੇਖੇ ।

ਬੀਬੀ ਬੇਅਤ ਕੌਰ ਦੀ ਕਲਮ ਵਿਚੋਂ ਅੰਮ੍ਰਿਤ ਟੇਪੇ ਝਰਦੇ ਹਨ । ਇਨ੍ਹਾਂ ਦੀ ਸਰਲਤਾ, ਸੁਚਜਤਾ, ਅੰਤਸ਼ ਕਰਣ ਵਿਚੋਂ ਰਿਸਦੀ ਏ ।

"ਸੂਬਾ ਜੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਦੇ ਚਰਨ ਸੇਵਕ, ਇਕ ਪੂਰਨ ਗੁਰਸਿੱਖ ਇਕ ਮਹਾਨ ਉਚ ਸ਼ਖਸੀਅਤ ਦੇ ਧਾਰਨੀ ਹੋਣ ਕਰਕੇ ਪੂਜਨੀਕ ਹਨ । ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੀ ਕ੍ਰਿਪਾ ਦ੍ਰਿਸ਼ਟੀ ਰਾਹੀਂ ਉਹਨਾਂ ਦੀ ਬੁੱਧੀ ਨੂੰ ਇਨਾਂ ਤੀਵਰ ਤੇ ਵਿਸ਼ਾਲ ਬਣਾ ਦਿਤਾ, ਕਿ ਨਿੱਕੇ ਨਿੱਕੇ ਕੰਮਾਂ ਤੋਂ ਲੈ ਕੇ ਵੱਡੇ ਕੰਮ ਆਪਣੀ ਤਕਨੀਕੀ ਪ੍ਰਤਿਭਾ ਰਾਹੀਂ ਕਰ ਵਿਖਾਏ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੜੇ ਪਿਆਰ ਨਾਲ ਮਿਸਤ੍ਰੀ ਜੀ ਕਹਿਕੇ ਬੁਲਾਣਾ ਸ਼ੁਰੂ ਕਰ ਦਿੱਤਾ । ਹਮੇਸ਼ਾਂ ਸੱਚ ਬੋਲਣਾਂ, ਦਾਨ-ਪੁੰਨ ਕਰਨਾ, ਕਿਸੇ ਜੀਵ ਜੰਤੂ ਦਾ ਦਿਲ ਨਾ ਦੁਖਾਣਾ, ਸਾਧ-ਸੰਗਤ ਦੀ ਸੇਵਾ ਕਰਨਾ, ਆਪਣੇ ਚਿਤ ਨੂੰ ਹਮੇਸ਼ਾਂ ਨਾਮ ਸਿਮਰਨ ਵਿਚ ਲਿਵ-ਲੀਨ ਰਖਣਾ ਆਪਣੀ ਰਸਨਾ ਤੇ ਹਰ ਵੇਲੇ ਸੰਤਾਂ ਤੇ ਸਤਿਗੁਰਾਂ ਦੇ ਬਚਨਾਂ ਦਾ ਨਿਵਾਸ ਰਖਦੇ ਉਚ ਅਧਿਆਤਮਕ ਸ਼ਿਖਰਾਂ ਨੂੰ ਛੋਹਿਆ ਹੋਇਆ ਵੇਖਕੇ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤ ਕਹਿਕੇ ਨਿਵਾਜਨਾ ਸ਼ੁਰੂ ਕਰ ਦਿਤਾ ਤੇ ਦਿੱਲੀ ਦੀ ਸਾਧ ਸੰਗਤ ਦੀ ਸੇਵਾ, ਕਿਧਰੇ ਵਿਆਹ ਦੇ ਕੰਮ ਸਿਰ ਚਾੜ੍ਹਕੇ, ਕਿਧਰੇ ਲੰਗਰ ਤੇ ਸ਼ਹੀਦੀਆਂ ਦਾ ਮਾਇਆ ਇਕਤ੍ਰ ਕਰਕੇ, ਕਿਧਰੇ ਸਾਧ-ਸੰਗਤ ਦੇ ਝਗੜਿਆਂ ਦਾ ਫੈਸਲਾ ਕਰਕੇ ਆਪਣਾ ਸਮਾ ਸਫਲ ਕਰਨ ਲਗੇ ਤਾਂ ਦਿਲੀ ਦੀ ਸਾਧ-ਸੰਗਤ ਦੀ ਅਰਜ਼ ਕਰਨ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਨਾਂ ਨੂੰ ਦਿਲੀ ਦਾ ਸੂਬਾ ਥਾਪ ਦਿਤਾ । ਮਿਸਤ੍ਰੀ ਜੀ ਤੋਂ ਸੰਤ ਤੇ ਫਿਰ ਸੂਬਾ ਜੀ ।"

ਮੈਂ ਬੀਬੀ ਬੇਅੰਤ ਕੌਰ ਦੀ ਕਲਮ ਨੂੰ ਵਧਾਈ ਦਿਤੇ ਬਿਨਾਂ ਰਹਿ ਨਹੀਂ ਸਕਦਾ ਜਿਹੜੀ ਪਾਠਕਾਂ ਦੇ ਹਿਰਦਿਆਂ ਵਿਚ ਸੁਤੇ ਜਜ਼ਬਿਆਂ ਨੂੰ ਉਠਾਣ ਦੀ ਸਮਰਥਾਂ ਰਖਦੀ ਏ । ਬੀਬੀ ਆਪਣੇ ਵਿਚਾਰਾਂ ਨੂੰ ਲੇਖਾਂ ਰਾਹੀਂ ਜਿਹੜੇ ਸਤਿਜੁਗ, ਵਰਿਆਮ ਤੇ ਨਿਰੋਖਿਅਕ ਨੂੰ ਸ਼ਿੰਗਾਰਦੇ ਹਨ, ਸਾਰੀ ਸੰਗਤ ਭਲੀਭਾਂਤ ਜਾਣੂੰ ਹਨ । ਸਾਦੇ ਸਰਲ ਤੇ ਗੁਧਵੇਂ ਸ਼ਬਦਾਂ ਵਿਚ ਜੀਵਨ ਦੀ ਤਸਵੀਰ ਖਿਚਣੀ ਬੀਬੀ ਨੂੰ ਚੰਗੀ ਤਰ੍ਹਾਂ ਆਉਂਦੀ ਏ ।

ਅੰਤ ਵਿਚ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਕਰਦਾ ਹਾਂ, ਕਿ ਉਹ ਬੀਬੀ ਬਅਤ ਕੌਰ ਨੂੰ ਹੋਰ ਬਲ ਬਖਸ਼ਣ ਤਾਂਕਿ ਕੌਮ ਦੇ ਬੱਚੇ ਤੇ ਬੱਚੀਆਂ ਦੇ ਜੀਵਨ ਵਿਚ ਪਲਟਾ ਲਿਆ ਸਕੇ ।

**ਨਿਹਾਲ ਸਿੰਘ**

੧੦-੧-੯੦ ੧੯੯, ਰਾਮ ਨਗਰ (ਐਕਟੇਨਸ਼ਨ)

ਦਿੱਲੀ-੫੧

Namdhari Elibrary NamdhariElibrary@gmail.com

# ਦੋ ਅੱਖਰ

ਸ: ਸੰਤ ਸਿੰਘ-ਬੇਅੰਤ ਕੌਰ ਦੀ ਜੋੜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਹਨਾਂ ਪ੍ਰੇਮੀਆਂ ਚੋਂ ਹੈ ਜਿਨ੍ਹਾਂ ਨੂੰ ਸਤਿਗੁਰੂ ਜੀ ਦੀ ਆਗਿਆ ਵਿਚ ਹੀ ਸਾਰੇ ਸੰਸਾਰਕ ਸੁਖ ਪ੍ਰਾਪਤ ਹੁੰਦੇ ਜਾਪਦੇ ਹਨ। ਸ੍ਰੀ ਮਾਨ ਜੀ ਭਾਰਤ ਹੈਵੀ ਇਲੈਕ-ਟ੍ਰੀਕਲਜ਼ ਲਿਮਿਟਿਡ ਦੇ ਜਨਰਲ ਮੈਨੇਜਰਾਂ ਵਿਚੋਂ ਹਨ ਪਰ ਸਾਧ ਸੰਗਤ ਵਿਚ ਆ ਸੰਗਤ ਰੂਪ ਹੀ ਹੋ ਜਾਂਦੇ ਹਨ, ਸ੍ਰੀ ਮਤੀ ਜੀ ਗਵਰਨਮੈਂਟ ਦੇ ਹਾਈ ਸਕੂਲਾਂ ਦੀ ਉਚੀ ਪਦਵੀ ਛੱਡਕੇ ਨਾਮਧਾਰੀ ਸਮਾਜ ਦੇ ਪ੍ਰਥਮ ਪਬਲਿਕ ਸਕੂਲ, ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਦਿੱਲੀ ਦੇ ਪ੍ਰਿੰਸੀਪਲ ਆ ਬਣੇ। ਹੁਕਮ ਏਸੇ ਤਰ੍ਹਾਂ ਸੀ। ਪਦਵੀ ਵੀ ਵਡੇਰੀ, ਜ਼ਿੰਮੇਵਾਰੀਆਂ ਵੀ ਵਡੇਰੀਆਂ। ਜਿਸ ਸਕੂਲ ਦੀ ਕਲਪਣਾ ਤੇ ਨਾਮ ਸ੍ਰੀ ਸਤਿਗੁਰੂ ਜੀ ਵਲੋਂ ਸੀ, ਜਿਸਦੇ ਪ੍ਰਬੰਧ ਵਿਚ ਦਿੱਲੀ ਦੀਆਂ ਮਹਾਂ-ਤਪੱਸਵੀ ਹਸਤੀਆਂ ਨੇ ਕਠਿਨ ਘਾਲਾਂ ਘਾਲੀਆਂ ਤੇ ਇਸਦੀ ਚੇਅ-ਰਮੈਨਸ਼ਿਪ ਸ: ਹਰਵਿੰਦਰ ਸਿੰਘ ਹੰਸਪਾਲ ਜੀ ਨੇ ਸੰਭਾਲੀ, ਉਸ ਸਕੂਲ ਨੂੰ ਅੱਜ ਵਾਲੀ ਸ਼ਾਨ ਵੱਡਪਣ ਅਤੇ ਸੁਹਜ ਕਦੇ ਨਾ ਮਿਲ ਸਕਦਾ ਜੇ ਸਤਿਗੁਰੂ ਜੀ ਚਰਨਾਂ ਨਾਲ ਜੁੜੀ ਯਸ਼ੱਸਵੀ ਬੇਅੰਤ ਕੌਰ ਜੀ ਭਰਪੂਰ ਸਹਿਯੋਗ ਨਾ ਦਿੰਦੇ। ਵਿਦਿਆ ਵਲੋਂ ਕਾਸਰ ਪਰਵਾਰ ਦੀਆਂ ਚੰਗੀਆਂ-ਮੰਦੀਆਂ ਸੁਣਕੇ ਵੀ ਬੇਅੰਤ ਕੌਰ ਨੇ ਦ੍ਰਿੜਤਾ, ਸ਼ਾਲੀਨਤਾ ਅਤੇ ਮੁਸਕਾਨ ਕਦੇ ਨਹੀਂ ਤਿਆਗੀ। ਜੇਕਰ ਚੋਟ ਹਿਰਦੇ ਤਕ ਪਹੁੰਚ ਗਈ ਹੈ ਤਾਂ ਨਿਰਾਸ਼ਾ ਦੇ ਪਲ ਜਾਂ ਕੱਲਿਆਂ ਹਢਾਏ ਹਨ ਜਾਂ ਕਿਸੇ ਧੀਰਜਧਾਰੀ ਨਾਲ ਸਾਂਝੇ ਕੀਤੇ ਹਨ।

ਇਸ ਪੁਸਤਕ ਦੀ ਲੇਖਿਕਾ ਪ੍ਰਿੰ: ਬੇਅੰਤ ਕੌਰ ਜੀ ਤਾਲੀਮੀ ਯੋਗਤਾ ਵਲੋਂ ਐਮ.ਏ. (ਅੰਗ੍ਰੇਜ਼ੀ, ਪੰਜਾਬੀ, ਸਾਹਿੱਤ ਰਤਨ ਹਿੰਦੀ,) ਤੇ ਬੀ.ਟੀ. ਹਨ ਤੇ ਹਲੀਮੀ ਦੀ ਯੋਗਤਾ ਇਹਨਾਂ ਨੂੰ ਵਿਰਸ਼ੇ ਵਿਚ ਮਿਲੀ ਹੈ। ਹੱਥਲੀ ਪੁਸਤਕ, "ਸੂਬਾ ਗੰਡਾ ਸਿੰਘ" ਇਹਨਾਂ ਦੇ ਪਿਤਾ ਜੀ ਦੀ ਗੌਰਵ ਗਾਥਾ ਹੈ। ਇਹਨਾਂ ਦੀ ਵਿਦਵਤਾ, ਸੁਸੰਗਤ ਅਤੇ ਸਮਰਿਧਤਾ ਦੇ ਇਹ ਅਨੁਕੂਲ ਹੀ ਸੀ ਕਿ ਆਪਣੇ ਸੰਤ, ਸਨੇਹੀ ਅਤੇ ਬੁੱਧੀ ਵਲੋਂ ਇੰਜੀਨਿਅਰ ਪਿਤਾ ਨੂੰ ਚਿਰੰਜੀਵੀ ਰੱਖਣ ਲਈ ਕਲਮ ਦਾ ਪ੍ਰਯੋਗ ਕਰਦੇ, ਸੰਭਾਲਦੇ ਜਿਸ ਦੁਆਰਾ ਉਹ ਪਰਵਾਨ ਚੜ੍ਹੇ ਅਤੇ ਜ਼ਿੰਦਗੀ ਦੀਆਂ ੯੫ ਬਹਾਰਾਂ ਮਾਣ ਸਕੇ।



Namdhari Elibrary NamdhariElibrary@gmail.com

ਬੀਬੀ ਜੀ ਨੇ ਇਹ ਪੁਸਤਕ ਲਿਖ ਕੇ ਦੋ ਸੰਤਾਂ ਦੇ ਮਹਾਨ ਚਰਿਤ੍ਰਾਂ ਨੂੰ ਸਮਾਜ ਦੇ ਭਲੇ ਹਿਤ ਸੰਜੋਇਆ ਹੈ। ਸ੍ਰੀ ਮਾਨ ਸੰਤ ਕੇਸਰ ਸਿੰਘ ਜੀ ਚਵਿੰਡਾ ਉਸ ਕਰਨੀ ਦੇ ਸਾਧੂ ਸਨ ਤੇ ਪੌਣੀ ਸਦੀ ਪਹਿਲਾਂ ਦੇ ਸਮਾਜ ਵਿਚ ਆਪਣੀ ਨਵੇਕਲੀ ਪਛਾਣ ਰਖਦੇ ਸਨ। ਉਸ ਸਮੇਂ ਦੇ ਇਕ ਮਹਾਨ ਸੰਗੀਤ ਕਲਾਕਾਰ ਉਸਤਾਦ ਹਰਨਾਮ ਸਿੰਘ ਜੀ ਨੇ ਲਿਖਿਆ ਸੀ :-

"ਕੂਕ ਪੰਥ ਕੇ ਕੇਸਰ ਤੀਨ।
ਚਿੱਤ ਬ੍ਰਿਤਿ ਜਾਂਕੀ ਅਤੀ ਮਹੀਨ।
ਕੀਨੋ ਕਾਮ ਇਨ੍ਹੋਂ ਨੇ ਸ਼ੁਰੂ।
ਜੱਟ ਕੇ ਜੱਟ ਗੁਰੂ ਕੇ ਗੁਰੂ।

ਇਹ ਕੇਸਰ ਸਨ :-

ਸੰਤ ਕੇਸਰ ਸਿੰਘ, ਕੇਸਰ ਕਿੱਲੀ, ਮੁਹਾਵਾ (ਅੰਮ੍ਰਿਤਸਰ), ਸੰਤ ਕੇਸਰ ਸਿੰਘ ਜੀ ਚਵਿੰਡਾ (ਸਿਆਲ ਕੋਟ) ਅਤੇ ਸੰਤ ਕੇਸਰ ਸਿੰਘ ਜੀ ਚੁੱਪ (ਸੇਖਵਾਂ)

ਸੰਤਾਂ ਨੂੰ ਸੇਵਕਾਂ ਨੇ ਗੁਰੂਆਂ ਵਾਂਗ ਪੂਜਿਆ ਸਤਿਕਾਰਿਆ, ਪਰ ਸੰਤਾਂ ਨੇ ਸਤਿਗੁਰੂ ਅਗੇ ਸਦਾ ਹੀ ਆਪਣੇ ਆਪ ਨੂੰ ਹਾਰਿਆ। ਇਹ ਸੰਤ ਕੇਸਰ ਸਿੰਘ ਜੀ ਚਵਿੰਡਾ ਉਹਨਾਂ ਤਿਨਾਂ ਵਿਚੋਂ ਹੋਏ ਸਨ ਅਤੇ ਏਧਰ ਪਰਮਕੇਸਰ ਤੋਂ ਸੁਗੰਗਿਤ ਹੋਏ ਸਨ ਉਸ ਵੇਲੇ ਦੇ ਗੰਡਾ ਸਿੰਘ ਜੀ, ਮਿਸਤਰੀ ਜੀ, ਸੂਬਾ ਜੀ ਦਿੱਲੀ ਸੂਬਾ ਗੰਡਾ ਸਿੰਘ ਜੀ ਦੇ ਆਦਰਸ਼ ਮਈ ਤੇ ਸੰਤ ਸੇਵੀ ਜੀਵਨ ਤੇ ਉਹਨਾਂ ਦੀ ਪੁੱਤਰੀ ਨੇ ਕਲਮ ਚਲਾਈ ਹੈ ਅਤੇ ਇਸ ਨਾਲ ਉਹ ਉਰਿਣ ਹੀ ਹੋਈ ਹੈ। ਅਸੀਂ ਉਸ ਕਲਮ ਦਾ ਸੁਆਗਤ ਕਰਦੇ ਹਾਂ। ਸਮੁੱਚਾ ਨਾਮਧਾਰੀ ਪੰਥ ਉਸ ਲਈ ਅਸ਼ੀਰਵਾਦ ਅਤੇ ਸਨੇਹ ਵਿਅਕਤ ਕਰੇਗਾ।

**ਪ੍ਰੀਤਮ ਸਿੰਘ ਕਵੀ**
੧੭-੧੨-੧੯੯੬



Namdhari Elibrary NamdhariElibrary@gmail.com

# ਦੋ ਸ਼ਬਦ

ਬੀਬੀ ਬੇਅੰਤ ਕੌਰ ਮਾਨਸਰੋਵਰ ਗਾਰਡਨ, ਦਿੱਲੀ ਵਿਖੇ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦੀ ਪ੍ਰਿੰਸੀਪਲ ਹਨ। ਇਨਾਂ ਦੀ ਕੁਸ਼ਲ ਅਗਵਾਈ ਹੇਠ ਸਕੂਲ ਨੇ ਥੋੜੇ ਹੀ ਸਮੇਂ ਵਿਚ ਸ਼ਲਾਘਾ ਯੋਗ ਤਰੱਕੀ ਕੀਤੀ ਹੈ। ਪੜ੍ਹਾਈ ਸੰਗੀਤ, ਸਾਂਸਕ੍ਰਿਤ ਪ੍ਰੋਗਰਾਮ ਆਦਿ ਖੇਤਰਾਂ ਵਿਚ ਇਹ ਸਕੂਲ 'ਈਰਖਾ ਯੋਗ' ਬਣ ਗਿਆ ਹੈ। ਇਹ ਸਭ ਬੀਬੀ ਬੇਅੰਤ ਕੌਰ ਦੀ ਡੂੰਘੀ ਮਿਹਨਤ ਦਾ ਫਲ ਹੈ।

ਬੀਬੀ ਜੀ ਸਕੂਲ ਦੇ ਪ੍ਰਿੰਸੀਪਲ ਤਾਂ ਹਨ ਹੀ, ਇਕ ਸਫਲ ਲੇਖਿਕਾ ਵੀ ਹਨ। ਸਕੂਲ ਦੇ ਅਤਿ ਰੁਝੇਵਿਆਂ ਭਰੇ ਵਾਤਾਵਰਣ ਵਿਚੋਂ ਸਮਾਂ ਕੱਢਕੇ ਲੇਖ ਲਿਖਦੇ ਰਹਿੰਦੇ ਹਨ। ਇਨ੍ਹਾਂ ਦੇ ਲੇਖ ਸਪਤਾਹਿਕ 'ਸਤਿਜੁਗ' ਅਤੇ ਮਾਸਿਕ 'ਵਰਿਆਮ' ਵਿਚ ਪਾਠਕਾਂ ਸਾਹਮਣੇ ਆਉਂਦੇ ਰਹਿੰਦੇ ਹਨ। ਲਿਖਣ ਦੇ ਕਿਟਾਣੂ ਤਾਂ ਬੀਬੀ ਜੀ ਦੇ ਖੂਨ ਵਿਚ ਰਚੇ ਹੋਏ ਹਨ। ਇਸ ਗਲ ਦਾ ਪ੍ਰਮਾਣ ਸੂਬਾ ਗੰਡਾ ਸਿੰਘ ਜੀ ਬਾਰੇ ਲਿਖੀ ਹੱਥਲੀ ਪੁਸਤਕ ਹੈ।

ਸੂਬਾ ਗੰਡਾ ਸਿੰਘ ਜੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿਕਟਵਰਤੀ 'ਪਿਆਰਿਆਂ ਵਿਚੋਂ' ਸਨ। ਆਪਣੇ ਸਤਿਗੁਰਾਂ ਦੇ ਸੱਚੇ ਸੁੱਚੇ ਸਿਦਕਵਾਨ ਅਤੇ ਸੇਵਾਭਾਵ ਭਰਪੂਰ ਸ਼ਖਸੀਅਤ ਦੇ ਮਾਲਕ ਸੂਬਾ ਜੀ ਦੇ ਪੰਥ ਹਿਤ ਕੀਤੇ ਕੰਮ, ਲੋਕਾਂ ਲਈ ਪ੍ਰੇਰਣਾ ਸ਼੍ਰੋਤ ਹਨ। ਐਸੇ ਤਪੱਸਵੀ ਮਹਾਂਪੁਰਸ਼ਾਂ ਦੀ ਸੁਪੁਤ੍ਰੀ ਹਨ ਬੀਬੀ ਬੇਅੰਤ ਕੌਰ ਜੀ।

ਬੀਬੀ ਬੇਅੰਤ ਕੌਰ ਜੀ ਦਾ ਇਹ ਉਦਮ ਸ਼ਲਾਘਾ ਯੋਗ ਹੈ ਅਤੇ ਇਸ ਉਦਮ ਲਈ ਮੈਂ ਉਨਾਂ ਨੂੰ ਮੁਬਾਰਕਬਾਦ ਪੇਸ਼ ਕਰਦਾ ਹਾਂ। ਇਸ ਪੁਸਤਕ ਵਿਚ ਬਹੁਤ ਸਾਰੀਆਂ ਘਟਨਾਵਾਂ ਇਤਿਹਾਸਕ ਮਹੱਤਤਾ ਰਖਦੀਆਂ ਹਨ। ਆਸ ਕਰਦਾ ਹਾਂ, ਕਿ ਸੂਝਵਾਨ...ਪਾਠਕ ਇਸ ਨੂੰ ਪੜ ਕੇ ਪ੍ਰੇਰਣਾ ਲੈਣਗੇ ਅਤੇ ਲਾਭ ਪ੍ਰਾਪਤ ਕਰਨਗੇ।

**ਜਸਵਿੰਦਰ ਸਿੰਘ**
ਐਮ.ਏ. (ਇਤਿਹਾਸ)
੨੩੪੯-ਬੀ, ਰਾਜਾ ਪਾਰਕ,
ਸ਼ਕੂਰ ਬਸਤੀ, ਦਿੱਲੀ-੧੧੦੦੩੪

੩੧-੧-੯੦



Namdhari Elibrary NamdhariElibrary@gmail.com

# ਧੰਨਵਾਦ

ਸਾਡੇ ਘਰ ਵਿਚ ਹਮੇਸ਼ਾ ਹੀ ਨਾਮਧਾਰੀ ਸਾਧ-ਸੰਗਤ ਦੀ ਚਹਿਲ-ਪਹਿਲ ਰਹਿੰਦੀ। ਜਦੋਂ ਤੋਂ ਹੋਸ਼ ਸੰਭਾਲੀ, ਵੇਖਿਆ ਕਿ ਮੇਰੇ ਪੂਜਯ ਪਿਤਾ ਸੂਬਾ ਗੰਡਾ ਸਿੰਘ ਜੀ ਹਮੇਸ਼ਾ ਹੀ ਘਰ ਆਇਆਂ ਦਾ ਸੁਆਗਤ ਸਤਿਗੁਰੂ ਜੀ ਤੇ ਸੰਤਾਂ ਦੇ ਬਚਨਾਂ ਨਾਲ ਕਰਦੇ। ਗੁਰਬਾਣੀ ਵਿਚ ਆਉਂਦਾ ਹੈ :-

"ਆਵਹੁ ਭੇਣੇ ਗਲਿ ਮਿਲਹ, ਅੰਕਿ ਸਹੇਲੜੀਆਹ ॥
ਮਿਲਿ ਕੈ ਕਰਹ ਕਹਾਣੀਆ, ਸੰਮ੍ਰਥ ਕੰਤ ਕੀਆਹ ॥"

ਸੂਬਾ ਜੀ ਦਾ ਇਕ-ਇਕ ਬਚਨ ਮੈਂ ਸੈਂਕੜੇ ਵਾਰੀ ਸੁਣਿਆ। ਇਕ ਦਿਨ ਸੋਚਿਆ ਐਨੇ ਵੱਡ-ਮੁਲੇ ਖ਼ਜ਼ਾਨੇ ਨੂੰ ਕਿਉਂ ਨਾ ਕਲਮ-ਬੱਧ ਕੀਤਾ ਜਾਵੇ, ਤਾਂ ਜੋ ਹੋਰ ਲੋਕ ਵੀ ਇਸ ਦਾ ਲਾਭ ਉਠਾ ਸਕਣ। ਇਸ ਕਰਕੇ ਮੈਂ ਸੂਬਾ ਜੀ ਪਾਸੋਂ ਇਕ-ਇਕ ਬਚਨ ਸੁਣਕੇ ਤੇ ਫਿਰ ਲਿਖ ਕੇ ਉਨ੍ਹਾਂ ਨੂੰ ਸੁਣਾ ਦੇਣਾ। ਇਸ ਤਰ੍ਹਾਂ ਚਵਿੰਡੇ ਵਾਲਿਆਂ ਅਤੇ ਸਤਿਗੁਰੂ ਪਰਤਾਪ ਸਿੰਘ ਬਾਰੇ 'ਗਾਥਾ' ਦਾ ਕਾਫੀ ਖਜ਼ਾਨਾ ਇਕੱਠਾ ਹੋਇਆ।

ਇਸ ਪੁਸਤਕ ਵਿਚ ਲਿਖਿਤ ਸਾਖੀਆਂ, ਪਵਿਤ੍ਰ ਉਪਦੇਸ਼, ਬਚਨ ਸਭ ਸੂਬਾ ਜੀ ਦੇ ਅੱਖੀ ਡਿੱਠੀਆਂ ਤੇ ਹੱਡ ਬੀਤੀਆਂ ਘਟਨਾਵਾਂ ਹਨ। ਇਸ ਲਈ ਇਨ੍ਹਾਂ ਦੀ ਪ੍ਰਮਾਨਿਕਤਾ ਅਸੰਦਿਗਧ ਹੈ।

ਸੰਤ ਕੇਸਰ ਸਿੰਘ ਜੀ ਕਵਿੰਡੇ ਵਾਲਿਆਂ ਦੇ ਜੀਵਨ ਬਾਰੇ ਕੁਝ ਲੇਖ ਸਤਿਜੁਗ ਵਿਚ ਵੀ ਪ੍ਰਕਾਸ਼ਿਤ ਕੀਤੇ ਗਏ। ਪੁਸਤਕ ਛਾਪਣ ਬਾਰੇ ਮੈਂ ਕਦੇ ਸੋਚਿਆ ਵੀ ਨਹੀਂ ਸੀ, ਸੂਝਵਾਨ ਵਿਦਵਾਨਾ ਨੇ ਸਲਾਹ ਦਿਤੀ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਵਤਾਰ ਸ਼ਤਾਬਦੀ ਦੇ ਸ਼ੁਭ ਅਵਸਰ ਤੇ, ਉਨ੍ਹਾਂ ਦੇ ਨਿਸ਼-ਕਾਮ ਸੇਵਕ ਦੀ ਜੀਵਨੀ ਤੇ ਪਵਿਤ੍ਰ ਬਚਨ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਿਤ ਕਰਕੇ, ਸਤਿਗੁਰੂ ਜੀ ਦੇ ਚਰਨਾਂ ਵਿਚ ਸਮਰਪਿਤ ਕੀਤੇ ਜਾਣ।

ਸਭ ਤੋਂ ਪਹਿਲਾਂ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦਾ ਕੋਟਾਨ-ਕੋਟ ਧੰਨਵਾਦ ਕਰਦੀ ਹਾਂ, ਜਿਨ੍ਹਾਂ ਦੀ ਅਪਾਰ ਬਖ਼ਸ਼ਿਸ਼ ਤੇ ਕਿਰਪਾ ਸਦਕਾ ਮੈਂ ਇਹ ਪੁਸਤਕ ਨੂੰ ਲਿਖਣ ਅਤੇ ਪ੍ਰਕਾਸ਼ਿਤ ਕਰਨ ਦੇ ਯੋਗ ਹੋ ਸਕੀ ਹਾਂ।



Namdhari Elibrary NamdhariElibrary@gmail.com

ਸ੍ਰੀ ਐਚ. ਐਮ. ਹੰਸਪਾਲ ਜੀ (ਮੈਂਬਰ ਪਾਰਲੀਆਮੈਂਟ) ਦਾ ਧੰਨਵਾਦ ਹੈ, ਜਿਨ੍ਹਾਂ ਨੇ ਅਤਿ ਰੁਝੇਵਿਆਂ ਦੇ ਬਾਵਜੂਦ ਵੀ ਸੂਬਾ ਜੀ ਬਾਰੇ ਆਪਣੇ ਵਿਚਾਰ ਲਿਖਣ ਦੀ ਕਿਰਪਾਲਤਾ ਕੀਤੀ ਹੈ। ਮੈਂ ਧੰਨਵਾਦੀ ਹਾਂ 'ਪੰਥ ਰਤਨ' ਮਾਸਟਰ ਨਿਹਾਲ ਸਿੰਘ ਜੀ ਸੰਤ ਸਿੰਘ ਜੀ, ਕਵੀ, ਸੰਤ ਜਸਵਿੰਦਰ ਸਿੰਘ ਜੀ, ਜਿਨ੍ਹਾਂ ਨੇ ਇਕ-ਇਕ ਪੰਨੇ ਨੂੰ ਧਿਆਨ ਨਾਲ ਪੜ੍ਹਿਆ ਤੇ ਆਪਨੀਆਂ ਵਡਮੁਲੀਆਂ ਰਾਵਾ ਦੇ ਕੇ ਇਸ ਪੁਸਤਕ ਨੂੰ ਸੰਵਾਰਿਆ ਹੈ।

ਇਸ ਗੁਰੂ- ਗਾਥਾ ਨੂੰ ਪੁਸਤਕ ਰੂਪ ਵਿਚ ਛਪਵਾ ਕੇ ਪਾਠਕਾਂ ਤੱਕ ਪ੍ਰਚਾਣ ਦਾ ਸਿਹਰਾ ਸੂਬਾ ਜੀ ਦੇ ਪੋਤਰੇ ਸ੍ਰ: ਨਰੈਣ ਸਿੰਘ ਜੀ ਦੇ ਸਿਰ ਹੈ, ਜਿਨ੍ਹਾਂ ਨੇ ਪੁਸਤਕ ਦੀ ਛਪਵਾਈ ਦਾ ਸਾਰਾ ਖਰਚਾ ਆਪ ਕੀਤਾ ਹੈ।

ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦੇ ਆਰਟ ਟੀਚਰ ਸ੍ਰ: ਪਰਮਜੀਤ ਸਿੰਘ ਨੇ ਮੁਖ ਪੰਨੇ ਦਾ ਡਿਜ਼ਾਇਨ ਬਣਾਕੇ ਪੁਸਤਕ ਦਾ ਰੂਪ ਨਿਖਾਰ ਦਿਤਾ ਹੈ। ਪੁਸਤਕ ਟਾਈਪ ਕਰਨ ਵਿਚ ਇਸ ਸਕੂਲ ਦੀ ਬੀਬੀ ਹਰਜੀਤ ਕੌਰ ਤੇ ਗੁਰਿੰਦਰ ਕੌਰ ਨੇ ਬਹੁਤ ਮਿਹਨਤ ਕੀਤੀ ਹੈ। ਇਹ ਸਭ ਧੰਨਵਾਦ ਦੇ ਪਾਤਰ ਹਨ। ਪ੍ਰਿੰਟਰ ਸ੍ਰ: ਪਰਮਜੀਤ ਸਿੰਘ ਦੇ ਸਹਿਯੋਗ ਨੂੰ ਵੀ ਨਹੀਂ ਭੁਲਾਇਆ ਜਾ ਸਕਦਾ, ਜਿਨ੍ਹਾਂ ਦੀ ਮਿਹਨਤ ਸਦਕਾ ਪੁਸਤਕ ਸਮੇਂ ਸਿਰ ਤਿਆਰ ਹੋ ਸਕੀ ਹੈ।

ਇਸ ਪੁਸਤਕ ਵਿਚ ਜੋ ਉਕਾਈਆਂ ਰਹਿ ਗਈਆਂ ਹੋਣ, ਪਾਠਕ ਮੇਰੀ ਪਹਿਲੀ ਪੁਸਤਕ ਹੋਣ ਕਰਕੇ ਖਿਮਾਂ ਕਰਨਗੇ।

**ਬੇਅੰਤ ਕੌਰ**
੨੧੩-ਏ-I, ਮਾਨਸ਼ਰੋਵਰ ਗਾਰਡਨ,
ਨਵੀਂ ਦਿੱਲੀ



Namdhari Elibrary NamdhariElibrary@gmail.com



ਸੂਬਾ ਗੰਡਾ ਸਿੰਘ ਜੀ

Namdhari Elibrary NamdhariElibrary@gmail.com

ਸਤਿਗੁਰੁ ਮੇਰਾ ਬੇਮੁਹਤਾਜੁ ॥
ਸਤਿਗੁਰ ਮੇਰੇ ਸਚਾ ਸਾਜੁ ॥
ਸਤਿਗੁਰੁ ਮੇਰਾ ਸਭਸ ਕਾ ਦਾਤਾ ॥
ਸਤਿਗੁਰੁ ਮੇਰਾ ਪੁਰਖੁ ਬਿਧਾਤਾ ॥੧॥
ਗੁਰ ਜੈਸਾ ਨਾਹੀ ਕੋ ਦੇਵ ॥
ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ ॥੧॥ਰਹਾਉ॥
ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥
ਸਤਿਗੁਰੁ ਮੇਰਾ ਮਾਰਿ ਜੀਵਾਲੈ ॥
ਸਤਿਗੁਰ ਮੇਰੇ ਕੀ ਵਡਿਆਈ ॥
ਪ੍ਰਗਟੁ ਭਈ ਹੈ ਸਭਨੀ ਥਾਈ ॥੨॥
ਸਤਿਗੁਰੁ ਮੇਰਾ ਤਾਣੁ ਨਿਤਾਣੁ ॥
ਸਤਿਗੁਰੁ ਮੇਰਾ ਘਰਿ ਦੀਬਾਣੁ ॥
ਸਤਿਗੁਰ ਕੈ ਹਉ ਸਦ ਬਲਿ ਜਾਇਆ ॥
ਪ੍ਰਗਟੁ ਮਾਰਗੁ ਜਿਨਿ ਕਰਿ ਦਿਖਲਾਇਆ ॥੩॥
ਜਿਨਿ ਗੁਰੁ ਸੇਵਿਆ ਤਿਸੁ ਭਉ ਨ ਬਿਆਪੈ ॥
ਜਿਨਿ ਗੁਰੁ ਸੇਵਿਆ ਤਿਸੁ ਦੁਖੁ ਨ ਸੰਤਾਪੈ ॥
ਨਾਨਕ ਸੋਧੇ ਸਿੰਮ੍ਰਿਤਿ ਬੇਦ ॥
ਪਾਰਬ੍ਰਹਮ ਗੁਰ ਨਾਹੀ ਭੇਦ ॥੪॥੧੧॥੨੪॥

ਪੰਨਾ ੨੧੩ (੧੧੪੨)

Namdhari Elibrary NamdhariElibrary@gmail.com



ਸੂਬਾ ਜੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਉਰੀ ਬਰਦਾਰ

Namdhari Elibrary NamdhariElibrary@gmail.com



ਸੂਬਾ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਉਰੀ ਬਰਦਾਰ

Namdhari Elibrary NamdhariElibrary@gmail.com



ਸੂਬਾ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਉਰੀ ਬਰਦਾਰ

Namdhari Elibrary NamdhariElibrary@gmail.com



ਸੂਬਾ ਜੀ ਸ਼ਹੀਦ ਬਿਸ਼ਨ ਸਿੰਘ ਸਕੂਲ ਦੇ ਬੱਚਿਆਂ ਦੀ ਅਰਦਾਸ ਵਿਚ ਹਿੱਸਾ ਲੈਂਦੇ ਹੋਏ

Namdhari Elibrary NamdhariElibrary@gmail.com



ਸੂਬਾ ਜੀ ਸਤਿਗੁਰੂ ਜੀ ਦੇ ਤਾਊਸ਼ ਦਾ ਰਸ ਅਸਵਾਦਨ ਕਰਦੇ ਹੋਏ

Namdhari Elibrary NamdhariElibrary@gmail.com



ਸੂਬਾ ਜੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਨਾਮ ਸਿਮਰਨ ਕਰਦੇ ਹੋਏ

Namdhari Elibrary
NamdhariElibrary@gmail.com

# ਸੂਬਾ ਗੰਡਾ ਸਿੰਘ ਜੀ ਦਿੱਲੀ ।

ਮਿਸਤ੍ਰੀ ਜੀ ।

ਸੰਤ ਜੀ ।

ਸੂਬਾ ਜੀ ।

ਨਾਮਧਾਰੀ ਪੰਥ ਵਿਚ ਸਮੇਂ ਸਮੇਂ ਉਚ ਕੋਟੀ ਦੇ ਸੰਤ ਮਹਾਤਮਾ ਇਸ ਦਿਸਦੇ ਪਿਸਦੇ ਜਗਤ ਵਿਚ ਅਵਤੀਰਨ ਹੋਕੇ ਪੀੜਤ ਮਾਨਵਤਾ ਨੂੰ ਅਧਿਆਤ-ਮਕ ਅਤੇ ਰੂਹਾਨੀਅਤ ਦਾ ਰਾਹ ਦਸ ਕੇ ਸਮੇਂ ਦੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਨਾਲ ਜੋੜਦੇ ਰਹੇ ਹਨ । ਜੇ ਇੰਝ ਆਖ ਲਿਆ ਜਾਵੇ, ਕਿ ਸਮੇਂ ਸਮੇਂ ਅਜਿਹੇ ਸਾਧੂਆਂ ਨੇ ਆ ਕੇ ਸੰਸਾਰੀ ਜੀਵਾਂ ਦਾ ਉਧਾਰ ਕਰਨ ਵਾਸਤੇ ਬੀੜਾ ਚੁੱਕ ਰਖਿਆ ਹੈ ਤਾਂ ਗਲਤ ਨਹੀਂ ਹੋਵੇਗਾ ।

ਇਸ ਸੰਬੰਧ ਵਿਚ ਇਕ ਮਸਤਾਨਾ ਪੜ੍ਹਿਆ ਕਰਦਾ ਸੀ :

ਕਲਜੁਗ ਕਾਲੀ ਬਦਲੀ ਝੱੜ ਝੱੜ ਪੈਣ ਅੰਗਿਆਰ,<br>
ਸੰਤ ਨ ਹੁੰਦੇ ਜਗਤ ਵਿਚ ਸੜ ਮਰਦਾ ਸੰਸਾਰ ।

ਸੰਤਾਂ ਮਹਾਂਪੁਰਸ਼ਾਂ ਨੂੰ ਜੀਵਾਂ ਦੇ ਉਧਾਰ ਵਾਸਤੇ ਕਈ ਘਾਲਣਾ ਘਾਲਣੀਆਂ ਪੈਂਦੀਆਂ ਰਹੀਆਂ ਹਨ, ਅਤੇ ਹੁਣ ਵੀ ਘਾਲਦੇ ਹਨ । ਪਰ ਜਿਹੜੇ ਲੋਕ ਸੰਤ ਜਨਾਂ ਦੇ ਸੰਪ੍ਰਕ ਵਿਚ ਆ ਗਏ, ਉਨ੍ਹਾਂ ਨੇ ਇਸ ਸੰਸਾਰ ਰੂਪ ਭਵਸਾਗਰ ਨੂੰ ਬੜੀ ਆਸਾਨੀ ਨਾਲ ਪਾਰ ਕਰ ਲਿਆ । ਨਾਮਧਾਰੀ ਪੰਥ ਵਿਚ ਹੋਏ ਬਹੁਤ ਸਾਰੇ ਮਹਾਂਪੁਰਸ਼ਾਂ ਦੇ ਜੀਵਨ ਕਈ ਕਾਰਨਾਂ ਕਰਕੇ ਲਿਖਤੀ ਰੂਪ ਧਾਰਨ ਨਹੀਂ ਕਰ ਸਕੇ, ਜਿਸ ਕਰਕੇ ਅਨੇਕਾਂ ਸਾਡੇ ਬਜ਼ੁਰਗ ਆਪਣੇ ਗੁਣਾਂ ਦਾ ਅਣਮੁੱਲਾ ਖਜ਼ਾਨਾ ਇਸ ਸੰਸਾਰ ਤੋਂ ਨਾਲ ਹੀ ਲੈ ਗਏ ਤੇ ਅਸੀਂ ਉਸ ਅਮੋਲਕ ਧਨ ਤੋਂ ਵਾਂਝੇ ਹੀ ਰਹਿ ਗਏ ।

ਪੁਰਾਣੇ ਬਜ਼ੁਰਗਾਂ ਵਿਚੋਂ ਸੂਬਾ ਗੰਡਾ ਸਿੰਘ ਜੀ ਦਿੱਲੀ ਨਿਵਾਸੀ ਇਕ ਐਸੀ ਮਹਾਨ ਅਧਿਆਤਮਕ ਸ਼ਖਸੀਅਤ ਸਨ, ਜਿਨ੍ਹਾਂ ਉਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਸਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਦੀ ਅਪਾਰ ਬਖਸ਼ਿਸ਼ ਸੀ ।



Namdhari Elibrary NamdhariElibrary@gmail.com

ਸੂਬਾ ਜੀ ਨੂੰ ਸੰਤ ਕੇਸਰ ਸਿੰਘ ਜੀ ਦੇ ਚਰਨਾਂ ਵਿਚ ਰਹਿਣ ਦਾ ਕਾਫ਼ੀ ਸਮਾਂ ਪ੍ਰਾਪਤ ਹੋਇਆ। ਸਗੋਂ ਸੰਤਾਂ ਨੇ ਹੀ ਸੂਬਾ ਜੀ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਲੜ ਲਾਇਆ ਸੀ। ਇਸ ਕਰਕੇ ਜਦੋਂ ਕਦੇ ਕੋਈ ਨਾਮਧਾਰੀ ਸਿੰਘ ਘਰ ਆਉਂਦਾ, ਸੂਬਾ ਜੀ ਹਮੇਸ਼ਾਂ ਹੀ ਆਏ ਸਿੱਖ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਜਾਂ ਸੰਤ ਕੇਸਰ ਸਿੰਘ ਜੀ ਦੇ ਪਵਿਤ੍ਰ ਬਚਨ ਹੀ ਸੁਣਾਇਆ ਕਰਦੇ।

ਸੂਬਾ ਜੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਦੇ ਚਰਨ ਸੇਵਕ, ਇਕ ਪੂਰਨ ਗੁਰਸਿੱਖ, ਇਕ ਮਹਾਨ ਉੱਚ ਅਧਿਆਤਮਕ ਸ਼ਖਸੀਅਤ ਦੇ ਧਾਰਨੀ ਹੋਣ ਕਰਕੇ ਪੂਜਨੀਯ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੀ ਕ੍ਰਿਪਾ ਦ੍ਰਿਸ਼ਟੀ ਰਾਹੀਂ ਉਹਨਾਂ ਦੀ ਬੁਧੀ ਨੂੰ ਇੰਨਾ ਤੀਵਰ ਤੇ ਵਿਸ਼ਾਲ ਬਣਾ ਦਿਤਾ ਕਿ ਨਿੱਕੇ-ਨਿੱਕੇ ਕੰਮਾਂ ਤੋਂ ਲੈਕੇ ਵੱਡੇ ਕੰਮ ਆਪਣੀ ਤਕਨੀਕੀ ਪ੍ਰਤਿਭਾ ਰਾਹੀਂ ਕਰ ਵਿਖਾਏ, ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੜੇ ਪਿਆਰ ਨਾਲ ਮਿਸਤ੍ਰੀ ਜੀ ਕਹਿਕੇ ਬੁਲਾਣਾ ਸ਼ੁਰੂ ਕਰ ਦਿੱਤਾ। ਹਮੇਸ਼ਾ ਸੱਚ ਬੋਲਣਾ, ਦਾਨ-ਪੁੰਨ ਕਰਨਾ, ਕਿਸੇ ਜੀਵ-ਜੰਤੂ ਦਾ ਦਿਲ ਨਾ ਦੁਖਾਣਾ, ਸਾਧ-ਸੰਗਤ ਦੀ ਸੇਵਾ ਕਰਨਾ, ਆਪਣੇ ਚਿਤ ਨੂੰ ਹਮੇਸ਼ਾਂ ਨਾਮ ਸਿਮਰਨ ਵਿਚ ਲਿਵ-ਲੀਨ ਰਖਣਾ, ਆਪਣੀ ਰਸਨਾ ਤੇ ਹਰ ਵੇਲੇ ਸੰਤਾਂ ਤੇ ਸਤਿਗੁਰਾਂ ਦੇ ਬਚਨਾਂ ਦਾ ਨਿਵਾਸ ਰਖਦੇ, ਉੱਚ ਅਧਿਆਤਮਕ ਸ਼ਿਖਰਾਂ ਨੂੰ ਛੋਹਿਆ ਹੋਇਆ ਵੇਖਕੇ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤ ਕਹਿਕੇ ਨਿਵਾਜਨਾ ਸ਼ੁਰੂ ਕਰ ਦਿੱਤਾ ਤੇ ਦਿੱਲੀ ਦੀ ਸਾਧ-ਸੰਗਤ ਦੀ ਸੇਵਾ, ਕਿਧਰੇ ਵਿਆਹ ਦੇ ਕੰਮ ਸਿਰ ਚਾੜਕੇ, ਕਿਧਰੇ ਲੰਗਰ ਤੇ ਸ਼ਹੀਦੀਆਂ ਦੀ ਮਾਇਆ ਇਕਤ੍ਰ ਕਰਕੇ, ਕਿਧਰੇ ਸਾਧ ਸੰਗਤ ਦੇ ਝਗੜਿਆਂ ਦਾ ਫ਼ੈਸਲਾ ਕਰਕੇ ਆਪਣਾ ਸਮਾਂ ਸਫਲ ਕਰਨ ਲੱਗੇ ਤਾਂ ਦਿੱਲੀ ਦੀ ਸਾਧ-ਸੰਗਤ ਦੀ ਅਰਜ ਕਰਨ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਨ੍ਹਾਂ ਨੂੰ ਦਿੱਲੀ ਦਾ ਸੂਬਾ ਥਾਪ ਦਿਤਾ, ਮਿਸਤ੍ਰੀ ਜੀ ਤੋਂ ਸੰਤ ਜੀ ਤੇ ਫਿਰ ਸੂਬਾ ਜੀ।

ਆਪ ਜੀ ਦਾ ਜਨਮ ਪਿੰਡ ਗੋਂਦਲਾਂਵਾਲੇ, ਜ਼ਿਲਾ ਗੁਜਰਾਂਵਾਲੇ (ਪਾਕਿਸਤਾਨ) ਸੰਮਤ ੧੯੫੨ ਤਦਾਨੁਸਾਰ ੧੮੯੫ ਈਸਵੀ ਸੰਨ ਵਿਚ ਪਿਤਾ ਸ: ਦਿਆਲ ਸਿੰਘ ਤੇ ਮਾਤਾ ਹੁਕਮੀ ਜੀ ਦੇ ਘਰ ਹੋਇਆ। ਆਪ ਜੀ ਦੇ ਪਿਤਾ ਸ: ਦਿਆਲ ਸਿੰਘ ਜੀ ਸਾਧੂ ਸੁਭਾ ਦੇ ਵਿਅਕਤੀ ਸਨ ਤੇ ਉਨ੍ਹਾਂ ਦਾ ਕਾਫ਼ੀ ਸਮਾਂ ਭਜਨ ਬੰਦਗੀ ਵਿਚ ਲਿਵਲੀਨ ਰਹਿੰਦਿਆਂ ਨਿਕਲਦਾ। ਇਸ ਲਈ ਉਨ੍ਹਾਂ ਦਾ ਪ੍ਰਭਾਵ ਆਪ ਜੀ ਦੀ ਸ਼ਖਸੀਅਤ ਤੇ ਸਪਸ਼ਟ ਤੇ ਸਿੱਧੇ ਰੂਪ ਵਿਚ ਸੀ। ਨਿਕੇ ਜਿਹੇ ਦਿਲ ਅੰਦਰ ਭਾਈ ਬਾਲੇ ਵਾਲੀ ਜਨਮ ਸਾਖੀ ਅੰਦਰ ਆਈਆਂ ਗੁਰੂ ਨਾਨਕ ਦੇਵ ਜੀ ਦੀਆਂ ਸਾਖੀਆਂ ਪੜ੍ਹਨ ਦਾ ਅਤਿ ਚਾਅ ਸੀ। ਛੋਟੀ ਅਵਸਥਾ ਵਿਚ ਹੀ ਗੁਰਮੁਖੀ ਦੇ ਅੱਖਰ ਪੜ੍ਹ ਲਏ ਤੇ ਉਨ੍ਹਾਂ ਅੱਖਰਾਂ ਨੇ ਜਪੁਜੀ ਸਾਹਿਬ ਦਾ



Namdhari Elibrary NamdhariElibrary@gmail.com

ਪਾਠ ਕਰਨ ਦਾ ਸ਼ੌਕ ਉਤਪੰਨ ਕਰ ਦਿਤਾ। ਦੁਨਿਆਵੀ ਪੜ੍ਹਾਈ ਸਿਰਫ਼ ਦੂਸਰੀ ਜਮਾਤ ਤਕ ਹੀ ਪੜ੍ਹੀ ਤੇ ਆਪਣੀ ਜਮਾਤ ਵਿਚ ਪਹਿਲਾ ਸਥਾਨ ਪ੍ਰਾਪਤ ਕਰਕੇ ਇਨਾਮ ਦੇ ਹੱਕਦਾਰ ਬਣੇ। ਸੂਬਾ ਜੀ ਨੂੰ ਉਰਦੂ ਜ਼ਬਾਨ ਦਾ ਵੀ ਕਾਫ਼ੀ ਗਿਆਨ ਸੀ। ਇਨ੍ਹਾਂ ਦਾ ਆਨੰਦ ਕਾਰਜ ਅਠਾਰਾਂ ਸਾਲ ਦੀ ਆਯੂ ਵਿਚ ਕੇਸਰ ਕੌਰ ਪਿੰਡ ਕਲੇਰਾਂ (ਗੁਜਰਾਂਵਾਲੇ) ਦੇ ਸ: ਮੱਸਾ ਸਿੰਘ ਦੀ ਪੁੱਤਰੀ, ਜੋ ਬਹੁਤ ਹੀ ਸੁਸ਼ੀਲ ਤੇ ਸ਼ਾਂਤ ਸੁਭਾਅ ਦੀ ਸੀ, ਦੇ ਨਾਲ ਹੋਇਆ। ਆਪ ਜੀ ਦੇ ਚਾਰ ਸਪੁੱਤਰ ਸ: ਹਰਦਰਸ਼ਨ ਸਿੰਘ, ਸ: ਗੁਰਮੁਖ ਸਿੰਘ, ਸ: ਜਸਵੰਤ ਸਿੰਘ, ਸ: ਬੇਅੰਤ ਸਿੰਘ ਤੇ ਤਿੰਨ ਸਪੁੱਤ੍ਰੀਆਂ ਬੀਬੀ ਪਿਆਰ ਕੌਰ, ਬੀਬੀ ਬੇਅੰਤ ਕੌਰ ਤੇ ਬੀਬੀ ਸਤਵੰਤ ਕੌਰ ਹਨ। ਛੋਟੀ ਬੀਬੀ ਸਤਵੰਤ ਕੌਰ ਇਕ ਬੱਚੇ ਸੰਤੋਖ ਸਿੰਘ ਨੂੰ ਜਨਮ ਦੇਣ ਵੇਲੇ ਅਕਾਲ ਚਲਾਣਾ ਕਰ ਗਈ ਤੇ ਉਸਦੀ ਇਕੋ-ਇਕ ਸੰਤਾਨ ਨੂੰ ਸੂਬਾ ਗੇਂਡਾ ਸਿੰਘ ਜੀ ਨੇ ਆਪਣੇ ਕੋਲ ਰਖਕੇ, ਉਸਨੂੰ ਆਪਣੇ ਪੁੱਤਰਾਂ ਨਾਲੋਂ ਵੱਧ ਪਿਆਰ ਕੀਤਾ।



Namdhari Elibrary NamdhariElibrary@gmail.com

## ਬਾਬਾ ਥੰਡਾ ਸਿੰਘ ਜੀ ਦਾ ਪ੍ਰਭਾਵ

ਆਪ ਜੀ ਦੇ ਦਾਦਾ ਜੀ ਦਾ ਭਰਾ ਬਾਬਾ ਝੰਡਾ (ਸਿੰਘ) ਜੀ ਨੇ ਗੋਂਦਲਾ-ਵਾਲੇ ਪਿੰਡ ਵਿਚ ਸਦਾ ਬਰਤ ਲਗਾਇਆ ਹੋਇਆ ਸੀ। ਜਿਹੜਾ ਅਭਿਆਗਤ ਆਉਂਦਾ ਬਾਬਾ ਜੀ ਉਨ੍ਹਾਂ ਨੂੰ ਇਕ ਛੰਨਾ ਆਟਾ, ਇਕ ਪੈਸਾ ਘਿਉ ਲਈ ਤੇ ਨਾਲ ਹੀ ਥੋੜਾ ਜਿਹਾ ਲੂਣ, ਲੰਗਰ ਬਨਾਣ ਲਈ ਦਿੰਦੇ। ਉਨ੍ਹਾਂ ਦਿਨਾਂ ਵਿਚ ਅਜਕਲ ਵਾਂਗ ਤੇਜ ਰੋਸ਼ਨੀ ਵਾਲੇ ਬਲਬ ਨਹੀਂ ਸਨ ਹੁੰਦੇ। ਰਾਤ ਨੂੰ ਸਾਰੇ ਕੰਮ ਦੀਵੇ ਜਗਾ ਕੇ ਕੀਤੇ ਜਾਂਦੇ ਸਨ। ਬਾਬਾ ਜੀ ਨੇ ਗਿਆਰਾਂ ਸਾਲ ਦੇ ਬਾਲਕ ਗੰਡਾ ਸਿਘ ਨੂੰ ਹਰ ਸ਼ਾਮ ਆਪਣੇ ਕੋਲ ਬੁਲਾ ਲੈਣਾ ਤੇ ਦੀਵੇ ਦੀ ਲੱਅ ਵਿਚ ਭਾਈ ਬਾਲੇ ਵਾਲੀ ਜਨਮ ਸਾਖੀ ਦਾ ਪਾਠ ਕਟਨ ਲਈ ਆਖਣਾ। ਆਪਣੀ ਸੁਰੀਲੀ ਆਵਾਜ਼ ਵਿਚ ਬਾਲਕ ਨੇ ਪਾਠ ਕਰਨਾ ਤੇ ਬਾਬਾ ਜੀ ਨੇ ਬੜੇ ਪਿਆਰ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਾਖੀਆਂ ਸੁਣਕੇ ਆਨੰਦ ਵਿਭੋਰ ਹੋ ਜਾਣਾ। ਸਾਖੀਆਂ ਪੜ੍ਹਕੇ ਸਤਿਗੁਰਾਂ ਦੇ ਚਰਨਾਂ ਵਿਚ ਲਿਵ-ਲੀਨ ਹੋ ਜਾਣ ਦੀ ਆਦਤ ਬਚਪਨ ਤੋਂ ਲੈ ਕੇ ਬਿਰਧ ਅਵਸਥਾ ਤਕ ਬਣੀ ਰਹੀ ਤੇ ਇਸੇ ਕਰਕੇ ਅੱਖਾਂ ਤੇ ਮੋਟੇ-ਮੋਟੇ ਸ਼ੀਸ਼ੇ ਲਗਾ ਕੇ ਭਾਈ ਬਾਲੇ ਵਾਲੀ ਜਨਮ ਸਾਖੀ ਦਾ ਤੇ ਆਦਿ ਗ੍ਰੰਥ ਦਾ ਪਾਠ ਕਰਕੇ ਆਪਣੀ ਬਿਰਧ ਅਵਸਥਾ ਗੁਜ਼ਾਰੀ।



Namdhari Elibrary NamdhariElibrary@gmail.com

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ

ਗਿਆਰਾਂ ਸਾਲ ਦੀ ਅਵਸਥਾ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਾਖੀਆਂ ਦਾ ਪਾਠ ਕਰਕੇ ਨਿੱਕੇ ਜਿਹੇ ਦਿਲ ਅੰਦਰ ਪਿਆਰ ਤੇ ਸ਼ਰਧਾ ਉਤਪੰਨ ਹੋ ਗਈ। ਇਸ ਲਈ ਉਨ੍ਹਾਂ ਦੀ ਪਹਿਲੀ ਰਚਨਾ ਸ੍ਰੀ ਜਪੁਜੀ ਸਾਹਿਬ ਦੇ ਪੰਜ ਪਾਠ ਕਰਨ ਦਾ ਨਿਤਨੇਮ ਆਰੰਭ ਲਿਆ। ਨਿੱਕੇ ਜਿਹੇ ਬਾਲਕ ਨੇ ਸਵੇਰੇ ਤਿੰਨ ਵਜੇ, ਜਦੋਂ ਦੁਨਿਆਵੀ ਜੀਵ ਨੀਂਦ ਦੀ ਗੋਦ ਵਿਚ ਹੁਲਾਰੇ ਲੈਂਦੇ, ਉਠਕੇ ਸਨੇ ਕੇਸੀ ਇਸ਼ਨਾਨ ਕਰਕੇ, ਆਸਨ ਵਿਛਾਕੇ ਧੂਫ ਜਗਾਕੇ ਮਿੱਠੀਆਂ-ਮਿੱਠੀਆਂ ਸੁਰਾਂ ਵਿਚ ਸ੍ਰੀ ਜਪੁਜੀ ਸਾਹਿਬ ਜੀ ਦਾ ਪਾਠ ਪੰਜ ਵਾਰੀ ਕਰਨਾ।

ਪ੍ਰਭਾਤੇ ਪ੍ਰਭ ਨਾਮੁ ਜਪਿ, ਗੁਰ ਕੇ ਚਰਣ ਧਿਆਇ।
ਜਨਮ ਮਰਣ ਮਲੁ ਉਤਰੈ, ਸੱਚੇ ਕੇ ਗੁਣ ਗਾਇ।

ਇਕ ਦਿਨ ਸਵੇਰੇ ਉਠਣ ਵਿਚ ਰਤਾ ਕੁ ਦੇਰ ਹੋ ਗਈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਗਵੇ ਕਪੜਿਆਂ ਵਿਚ ਨਿੱਕੇ ਜਿਹੇ ਬਾਲਕ ਨੂੰ ਆਣ ਹਲੂਣਿਆਂ ਤੇ ਕਿਹਾ, "ਬੱਚਾ ਉਠੋ ਤੇ ਜਪੁਜੀ ਸਾਹਿਬ ਦਾ ਪਾਠ ਕਰੋ।" ਬਾਲ ਧੰਨ-ਧੰਨਯ ਤੇ ਨਿਹਾਲ ਹੋ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਕਾਰ ਦਰਸ਼ਨਾਂ ਨੇ ਜਿਵੇਂ ਪੂਰਬਲੇ ਕਰਮਾਂ ਦੇ ਅੰਕੁਰਾਂ ਨੂੰ ਹਵਾ ਪਾਣੀ ਦਾ ਹੋਰ ਛੱਟਾ ਦੇ ਦਿਤਾ ਹੋਵੇ। ਸਤਿਗੁਰੂ ਜੀ ਦੀ ਸਾਕਾਰ ਮੂਰਤ ਹਿਰਦੇ ਦੇ ਅੰਦਰ ਵਸ ਗਈ।

ਅੰਦਰਿ ਸੱਚਾ ਨੇਹੁ ਲਾਇਆ ਪ੍ਰੀਤਮ ਆਪਣੇ ॥
ਤਨੁ ਮਨੁ ਹੋਇ ਨਿਹਾਲ, ਜਾ ਗੁਰ ਦੇਖਾ ਸਾਹਮਣੇ ॥

ਗੰਡਾ ਸਿੰਘ ਜੀ ਦੇ ਦਿਲ ਵਿਚ ਬਾਪੂ ਮਿਹਰ ਸਿੰਘ ਜੀ ਦੀ ਸੰਗਤ ਸਦਕਾ ਸਾਧ-ਸੰਗਤ ਦੀ ਸੇਵਾ ਕਰਨ ਦਾ ਸ਼ੌਕ ਪੈਦਾ ਹੋ ਗਿਆ। ਉਨ੍ਹਾਂ ਦਿਨਾਂ ਵਿਚ ਗੋਦਲਾਂਵਾਲੇ ਦੀਆਂ ਛਤਾਂ ਤੇ ਹਰ ਘਰ ਵਿਚ ਵਾਰੀ-ਵਾਰੀ ਸਾਧ-ਸੰਗਤ ਜੁੜਦੀ ਤੇ ਨਾਮ ਬਾਣੀ ਕੀਰਤਨ ਦਾ ਰਸ-ਅਸਵਾਦਨ ਕਰਕੇ ਆਪਣੇ ਜੀਵਨ ਦੀਆਂ ਘੜੀਆਂ ਸਫਲ ਕਰਦੇ। ਹੁਣ ਬਚਪਨ ਜਵਾਨੀ ਦੀ ਦਹਿਲੀਜ਼ ਤੇ ਪੈਰ ਰਖ ਰਿਹਾ ਸੀ ਤੇ ਉਸਦੇ ਨਾਲ ਹੀ ਬਾਣੀ ਤੇ ਕੀਰਤਨ ਨਾਲ ਪਿਆਰ ਹੋਰ ਵਧੇਰੇ ਹੁੰਦਾ ਗਿਆ। ਬਾਲਕ ਗੰਡਾ ਸਿੰਘ ਬੜੇ ਧਿਆਨ ਨਾਲ ਕੀਰਤਨ ਸੁਣਦੇ, ਉਸਦਾ ਰਜਕੇ ਆਨੰਦ



Namdhari Elibrary NamdhariElibrary@gmail.com

ਮਾਣਦੇ। ਬਾਪੂ ਮਿਹਰ ਸਿੰਘ ਜੀ ਬੜੀਆਂ ਉੱਚੀਆਂ ਤੇ ਸੁਰੀਲੀਆਂ ਸੁਰਾਂ ਰਾਹੀਂ ਇਹ ਪੰਗਤੀਆਂ ਪੜ੍ਹਦੇ :

"ਦਿਨ ਰਾਤੀ ਆਰਾਧਹੁ ਪਿਆਰੋ, ਨਿਮਖੁ ਨ ਕੀਜੈ ਢੀਲਾ ॥
ਸੰਤ ਸੇਵਾ ਕਰਿ ਭਾਵਨੀ ਲਾਈਐ ਤਿਆਗ ਮਾਨੁ ਹਾਠੀਲਾ ॥੧॥
ਮੋਹਨ ਪ੍ਰਾਨ ਮਾਨ ਰਾਗੀਲਾ ॥
ਬਾਸਿ ਰਹਿਓ ਹੀਅਰੇ ਕੈ ਸੰਗੇ, ਪੇਖਿ ਮੋਹਿਓ ਮਨੁ ਲੀਲਾ ॥੧॥
ਰਹਾਉ ॥
ਜਿਸ ਸਿਮਰਤ ਮਨਿ ਹੋਤ ਅਨੰਦਾ ਉਤਰੈ ਮਨਹੁ ਜੰਗੀਲਾ ॥
ਮਿਲਬੇ ਕੀ ਮਹਿਮਾ ਬਰਨਿ ਨ ਸਾਕਉ, ਨਾਨਕ ਪਰੈ ਪਰੀਲਾ ॥


Namdhari Elibrary NamdhariElibrary@gmail.com

## ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ

ਸਮੇਂ ਸਮੇਂ ਇਸ ਸੰਸਾਰ ਦੇ ਭੁਲੇ ਭਟਕੇ ਜੀਵਾਂ ਦਾ ਉਧਾਰ ਕਰਨ ਲਈ ਅਤੇ ਕੁਕ੍ਰਿਤ ਕਰਮਾਂ ਰੂਪੀ ਜਾਲੇ ਵਿਚ ਉਲਝੇ ਹੋਏ ਮਨੁਖਾਂ ਨੂੰ ਬਾਹੋਂ ਫੜਕੇ ਬਾਹਰ ਕਢਣ ਅਥਵਾ ਆਵਾ-ਗਵਨ ਦੇ ਚੱਕਰ ਤੋਂ ਮੁਕਤ ਕਰਵਾਣ ਲਈ, ਤੇ ਪਾਪਾਂ ਅਤਿਆਚਾਰਾਂ ਦੇ ਖਾਤਮੇ ਵਾਸਤੇ, ਉਸ ਅਕਾਲਪੁਰਖ ਦੇ ਪਵਿਤ੍ਰ ਚਰਨਾਂ ਨਾਲ ਪ੍ਰੀਤ ਉਪਜਾਕੇ ਨਾਮ ਸਿਮਰਨ ਦੀ ਦਾਤ ਦੇਣ ਲਈ, ਇਸ ਲੋਕ ਵਿਚ ਐਸੀਆਂ ਮਹਾਨ ਸ਼ਖਸੀਅਤਾਂ ਅਵਿਤਰਿਤ ਹੁਦੀਆਂ ਰਹਿੰਦੀਆਂ ਹਨ, ਜਿਹੜੀਆਂ ਆਪਣੇ ਆਤਮਿਕ ਪ੍ਰਕਾਸ਼ ਨਾਲ ਆਪ ਤਾਂ ਰੋਸ਼ਨ ਹੁੰਦੀਆਂ ਹੀ ਹਨ, ਸਗੋਂ ਅਨੇਕਾਂ ਭੁਲੇ ਭਟਕੇ ਸੰਸਾਰੀ ਜੀਵਾਂ ਨੂੰ ਵੀ ਆਪਣੀ ਕ੍ਰਿਪਾ ਦ੍ਰਿਸ਼ਟੀ ਨਾਲ ਅਧਿਆਤਮਕ ਤੌਰ ਤੇ ਨਾਮ ਦੀ ਦਾਤ ਬਖਸ਼ ਕੇ ਧੰਨਤਾ ਦੇ ਯੋਗ ਬਣਾ ਦਿੰਦੀਆਂ ਹਨ।

ਜਿਹੜਾ ਵੀ ਪਾਰਸ ਰੂਪੀ ਮਹਾਂਪੁਰਸ਼ਾਂ ਨਾਲ ਛੋਹ ਗਿਆ ਉਹੋ ਹੀ ਪਾਰਸ ਹੋ ਗਿਆ। ਮੋਹ, ਮਾਇਆ ਤੇ ਦੀਨ ਦੁਨੀਆਂ ਤੋਂ ਅਲਿਪਤ ਹੋਣਾਂ ਤਾਂ ਬੜੀ ਦੂਰ ਦੀਆਂ ਗੱਲਾਂ ਹਨ, ਸਗੋਂ ਅਜਿਹੇ ਵਿਅਕਤੀ ਆਤਮਿਕ ਆਨੰਦ ਵਿਚ ਲਿਵਲੀਨ ਹੋਕੇ ਅਕਾਲਪੁਰਖ ਦੇ ਚਰਨ ਭੌਰੇ ਬਣਕੇ ਬ੍ਰਹਮ ਨਾਲ ਇਕਮਿਕ ਹੋ ਜਾਇਆ ਕਰਦੇ ਹਨ।

ਪਰ ਸਾਰਾ ਕੁਝ ਪੂਰਬਲੇ ਕਰਮਾਂ ਅਨੁਸਾਰ ਹੀ ਪ੍ਰਾਪਤ ਹੁੰਦਾ ਹੈ ਜਦੋਂ ਪੂਰਬਲੇ ਕਰਮਾਂ ਦਾ ਅੰਕੁਰ ਫੁਟਦਾ ਹੈ ਤਾਂ ਕਿਸੇ ਜੀਵ ਨੂੰ ਕਿਸੇ ਤੱਤਵੇਤਾ ਸਾਧੂ ਮਹਾਂਪੁਰਸ਼ ਦੀ ਛੋਹ (ਭੇਂਟ) ਪ੍ਰਾਪਤ ਹੁੰਦੀ ਹੈ, ਜਿਸ ਤੋਂ ਜਨਮਾਂ ਜਨਮਾਂਤਰਾਂ ਤੋਂ ਅਗਿਆ-ਨਤਾ ਦੇ ਹਨੇਰੇ ਵਿਚ ਭਟਕ ਰਹੇ ਜੀਵਨ ਨੂੰ ਬ੍ਰਹਮਲਖਤਾ ਵਾਲੇ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਸਗੋਂ ਉਸ ਨੂੰ ਇਸ ਗੱਲ ਦੀ ਭੀ ਸੋਝੀ ਹੋ ਜਾਂਦੀ ਹੈ, ਕਿ ਉਹ ਕਿਤਨੇ ਜਨਮਾਂ ਤੋਂ ਭਰਮ ਤੇ ਅਗਿਆਨਤਾ ਦੀ ਨੀਂਦ ਵਿਚ ਸੁੱਤਾ ਹੋਇਆ ਸੀ।

ਪਾਵਨ ਗੁਰਬਾਣੀ ਵਿਚ ਉਪਰੋਕਤ ਭਾਵਾਂ ਦਾ ਨਿਰੂਪਣ ਇਸ ਤਰ੍ਹਾਂ ਕਿਤਾ ਹੈ :

> ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥
> ਮਿਟਿਓ ਅੰਧੇਰ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥



Namdhari Elibrary NamdhariElibrary@gmail.com

ਅਜਿਹ ਮਹਾਂਪੁਰਸ਼ਾਂ, ਸਾਧੂਆਂ ਵਿਚੋਂ ਪਿੰਡ ਚਵਿੰਡਾ, ਜ਼ਿਲਾ ਸਿਆਲਕੋਟ (ਪਾਕਿਸਤਾਨ) ਵਿਚ ਸ੍ਰੀਮਾਨ ਸੰਤ ਕੇਸਰ ਸਿੰਘ ਜੀ (ਚਵਿੰਡੇ ਵਾਲੇ) ਹੋਏ ਹਨ। ਸੰਤ ਕੇਸਰ ਸਿੰਘ ਜੀ ਦੇ ਇਸ ਨਗਰ ਵਿਚ ਅਵਤੀਰਨ ਨਾਲ ਇਹ ਨਗਰ ਦੇਸ਼ਾਂ ਦੇਸ਼ਾਂਤਰਾਂ ਤੇ ਸਗੋਂ ਧਰਤੀ ਤੋਂ ਆਕਾਸ਼ ਤਕ ਮਹਿਕ ਉਠਿਆ। ਸੰਤ ਕੇਸਰ ਸਿੰਘ ਜੀ ਦੇ ਪਿਤਾ ਜੀ ਦਾ ਨਾਮ ਸਰਦਾਰ ਗੁਰਦਿਤ ਸਿੰਘ ਤੇ ਮਾਤਾ ਦਾ ਨਾਮ ਪ੍ਰੇਮ ਕੌਰ ਸੀ। ਭਾਵੇਂ ਇਨ੍ਹਾਂ ਦੇ ਮਾਤਾ ਪਿਤਾ ਨਾਮਧਾਰੀ ਨਹੀਂ ਸਨ ਪਰ ਫਿਰ ਵੀ ਇਸ ਇਲਾਕੇ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦੌਰਿਆਂ ਅਤੇ ਨਾਮਧਾਰੀ ਸਾਧ-ਸੰਗਤ ਦਾ ਬਹੁਤ ਜ਼ਿਆਦਾ ਪ੍ਰਭਾਵ ਸੀ, ਜਿਸ ਤੋਂ ਇਹ ਸਾਰਾ ਪਰਵਾਰ ਹੀ ਕਾਫ਼ੀ ਪ੍ਰਭਾਵਿਤ ਸੀ। ਨਾਮਧਾਰੀ ਸੰਗਤ ਵਿਚ ਵੀ ਸਮੇਂ ਸਮੇਂ ਸ: ਗੁਰਦਿਤ ਸਿੰਘ ਜਾਂਦੇ ਆਉਂਦੇ ਰਹਿੰਦੇ ਸਨ।

ਇਕ ਕਹਾਵਤ ਹੈ "ਹੋਣਹਾਰ ਬਿਰਵਾਨ ਕੇ ਹੋਤ ਚਿਕਨੇ ਪਾਤ"। ਇਸ ਕਹਾਵਤ ਅਨੁਸਾਰ ਬਾਲ ਅਵਸਥਾ ਸਮੇਂ ਹੀ ਸੰਤ ਕੇਸਰ ਸਿੰਘ ਜੀ ਬੜੇ ਬੇ-ਪ੍ਰਵਾਹ, ਨਿਡਰ ਤੇ ਸਿਧਾਂਤਕ ਅਸੂਲਾਂ ਦੇ ਧਾਰਣੀਯ ਸਨ। ਕਿਸੇ ਦੀਆਂ ਧਮ-ਕੀਆਂ ਦੀ ਉੱਕਾ ਪ੍ਰਵਾਹ ਨ ਕਰਦੇ, ਮਾੜੇ ਬੱਚਿਆਂ ਦੀ ਸਹਾਇਤਾ ਕਰਨੀ, ਵੱਡਿਆਂ ਦਾ ਅਦਬ ਰਖਣਾ, ਖੇਡਣ ਵਿਚ ਚੁਸਤ ਆਦਿਕ ਗੁਣਾਂ ਕਰਕੇ ਇਹ ਪਿੰਡ ਦੇ ਸਭ ਲੋਕਾਂ ਨੂੰ ਪ੍ਰਭਾਵਿਤ ਕਰਦੇ। ਬਾਲ ਅਵਸਥਾ ਪੂਰੀ ਕਰਕੇ ਜਦੋਂ ਇਨ੍ਹਾਂ ਜਵਾਨੀ ਵਿਚ ਕਦਮ ਰਖਿਆ ਤਾਂ ਘਰ ਦੀ ਕਿਰਤ-ਵਿਰਤ ਵੀ ਬੜੀ ਸਿਆਣਪ ਨਾਲ ਕਰਨ ਲਗੇ। ਦਸਾਂ ਨਵ੍ਹਾਂ ਦੀ ਕਿਰਤ ਕਰਨੀ ਇਨ੍ਹਾਂ ਦਾ ਖਾਸ ਗੁਣ ਸੀ। ਘਰ ਵਿਚ ਸਾਰੇ ਸੁਖ ਤੇ ਪਦਾਰਥਾਂ ਦੇ ਹੁੰਦਿਆਂ ਵੀ ਇਨ੍ਹਾਂ ਨੂੰ ਕੋਈ ਘਾਟ ਮਹਿਸੂਸ ਹੁੰਦੀ ਰਹਿੰਦੀ ਤੇ ਉਦਾਸ ਜਿਹੇ ਰਹਿੰਦੇ। ਦੇਵਨੇਤ ਇਕ ਵਾਰੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਦੌਰਾ ਚਵਿੰਡੇ ਆਇਆ ਅਤੇ ਦੂਜੇ ਦਿਨ ਸੱਚੇ ਪਾਤਸ਼ਾਹ ਜੀ ਦਾ ਦੌਰਾ ਗਿੱਲੀਂ ਬਾਬੇ ਜਮੰਅਤ ਸਿੰਘ ਦੇ ਵਲ ਜਾਣਾ ਸੀ।

ਜਦੋਂ ਸ੍ਰੀ ਸਤਿਗੁਰੂ ਜੀ ਚਵਿੰਡੇ ਤੋਂ ਗਿੱਲਾਂ ਨੂੰ ਘੋੜੀ ਉਤੇ ਸਵਾਰ ਹੋ ਕੇ ਚਲੇ ਤਾਂ ਕੇਸਰ ਸਿੰਘ ਜੀ ਹਰ ਰੋਜ਼ ਵਾਂਗੂ ਚਵਿੰਡੇ ਆਪਣੇ ਖੇਤਾਂ ਵਿਚ ਪਸ਼ੂ ਚਾਰ ਰਹੇ ਸਨ। ਉਨ੍ਹਾਂ ਨੇ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਕੀਤਾ ਤਾਂ ਨੂਰਾਨੀ ਸੂਰਤ ਤੇ ਮੋਹਣੀ ਮੂਰਤ ਸਤਿਗੁਰੂ ਜੀ ਚੀਨੀ ਘੋੜੀ ਤੇ ਅਸਵਾਰ ਸੁਭਾਇਮਾਨ ਸਨ ਅਤੇ ਨਾਲ ਸੈਂਕੜੇ ਨਾਮਧਾਰੀ ਹੰਸਾਂ ਸਮਾਨ ਚਿੱਟੇ ਦੁੱਧ ਪਹਿਰਾਵੇ ਵਿਚ ਕਥਾ ਵਾਰਤਾ ਅਤੇ ਸਿਮਰਨ ਕਰਦੇ ਇਙ ਪ੍ਰਤੀਤ ਹੁੰਦੇ ਸਨ, ਜਿਵੇਂ ਭਗਵਾਨ ਵਿਸ਼ਨੂੰ ਸੱਚਖੰਡ ਤੋਂ ਦੇਵਤਿਆਂ ਸਮੇਤ ਧਰਤੀ ਤੇ ਆ ਕੇ ਵਿਚਰ ਰਹੇ ਹੋਣ। ਇਹ ਅਲੌਕਿਕ ਦ੍ਰਿਸ਼ ਵੇਖਕੇ ਇਨ੍ਹਾਂ ਨੂੰ ਇਙ ਲਗਾ, ਜਿਵੇਂ ਉਹ ਵਸਤੂ ਇਨ੍ਹਾਂ ਨੂੰ ਮਿਲ ਗਈ ਹੈ,



Namdhari Elibrary NamdhariElibrary@gmail.com

ਜਿਸਦੀ ਇਨ੍ਹਾਂ ਦੇ ਅੰਦਰ ਥੁੜ੍ਹ ਪ੍ਰਤੀਤ ਹੁੰਦੀ ਸੀ। ਕੇਸਰ ਸਿੰਘ ਰੂਪੀ ਚਾਤ੍ਰਿਕ ਨੂੰ ਮਾਨੋ ਸਵਾਂਤੀ ਬੂੰਦ ਮਿਲ ਗਈ, ਹਾਂ ਹਾਂ ਚਕਵੀ ਨੂੰ ਸੂਰਜ ਤੇ ਮੀਨ ਨੂੰ ਅਥਾਹ ਸਾਗਰ ਤੇ ਬੀਆਬਾਨ ਵਿਚ ਭਟਕਦੇ ਭੰਵਰ ਨੂੰ ਕੰਵਲ ਫੁਲ ਦੀ ਪ੍ਰਾਪਤੀ ਹੋ ਗਈ। ਇਸ ਦ੍ਰਿਸ਼ ਨੂੰ ਵੇਖਣ ਸਮੇਂ ਇਨ੍ਹਾਂ ਨਾਲ ਹੋਰ ਭੀ ਦੋ ਤਿੰਨ ਸਾਥੀ ਲੜਕੇ ਸਨ। ਇਹ ਸਾਰੇ ਪਸ਼ੂਆਂ ਨੂੰ ਚਰਦਿਆਂ ਛਡਕੇ ਸੰਗਤ ਦੇ ਨਾਲ ਹੀ ਤੁਰ ਪਏ।

ਸ੍ਰੀ ਸਤਿਗੁਰੂ ਜੀ ਸੰਗਤਾਂ ਸਮੇਤ ਗਿੱਲੀਂ ਆ ਗਏ। ਬਾਬਾ ਜਮੀਤ ਸਿੰਘ ਜੀ, ਜੋ ਇਲਾਕੇ ਦੇ ਸੂਬਾ ਜੀ ਵੀ ਸਨ, ਦੇ ਘਰ ਬੜਾ ਦੀਵਾਨ ਲਗਾ। ਇਨ੍ਹਾਂ ਨੇ ਬੜੇ ਪ੍ਰੇਮ ਨਾਲ ਇਕ ਚਿਤ ਹੋਕੇ ਦੀਵਾਨ ਸੁਣਿਆ। ਦੀਵਾਨ ਦੀ ਸਮਾਪਤੀ ਸਮੇਂ ਦਰਸ਼ਕਾਂ ਨੂੰ ਭਜਨ ਪੁੱਛਣ ਲਈ ਪਰੇਰਿਆ ਗਿਆ। ਸੰਤ ਕੇਸਰ ਸਿੰਘ ਜੀ ਆਪ ਦਸਿਆ ਕਰਦੇ ਸਨ ਕਿ "ਮੈਂ ਵੀ ਆਪਣੇ ਸਾਥੀਆਂ ਸਮੇਤ ਭਜਨ ਪੁੱਛਣ ਵਾਲਿਆਂ ਵਿਚ ਖਲੋ ਗਿਆ। ਜਦ ਮੇਰੇ ਕੰਨਾਂ ਵਿਚ ਗੁਰੂ ਮੰਤ੍ਰ ਦੀ ਭਿਣਕ ਪਈ ਤਾਂ ਮੈਨੂੰ ਸਭੇ ਸੁਧਾਂ ਭੁਲ ਗਈਆਂ। ਖਾਣ, ਪੀਣ, ਆਣ-ਜਾਣ ਦੀ ਸਾਰੀ ਹੋਸ਼ ਗੁਆਚ ਗਈ।" ਇੰਝ ਹੁੰਦਾ ਵੀ ਕਿਉਂ ਨਾ ? ਦੀਨ ਦੁਨੀਆਂ ਦੇ ਵਾਲੀ ਬਾਰ੍ਹਵੇਂ ਪਾਤ-ਸ਼ਾਹ ਸਤਿਗੁਰੂ ਰਾਮ ਸਿੰਘ ਜੀ ਦੀ ਪਵਿਤ੍ਰ ਰਸਨਾ ਤੋਂ ਸਰਵਣ ਕੀਤਾ, ਉਹ ਗੁਰਮੰਤ੍ਰ ਜਿਸਦੀ ਬਾਬਤ ਮਹਾਂ ਵਾਕ ਹੈ :

ਮਨਹਿ ਪ੍ਰਗਾਸ ਭਇਓ ਭਰਮ ਨਾਸਿਓ ਮੰਤ੍ਰ ਦੀਆ ਗੁਰ ਕਾਨ।

ਬਸ ਫਿਰ ਕੀ ਸੀ :

ਕਬੀਰ ਗੂੰਗਾ ਹੋਆ ਬਾਵਰਾ ਬਹਿਰਾ ਹੂਆ ਕਾਨ।
ਪਾਵਹੁ ਤੇ ਪਿੰਗਲ ਭਇਆ ਮਾਰਿਆ ਸਤਿਗੁਰੁ ਬਾਨ।

ਜਵਾਨੀ ਅਵਸਥਾ ਵਿਚ ਕਦਮ ਧਰਦਿਆਂ ਹੀ ਸਤਿਗੁਰੂ ਪਾਰਸ ਦੀ ਛੋਹ ਪ੍ਰਾਪਤ ਕਰਕੇ, ਸੰਤ ਕੇਸਰ ਸਿੰਘ ਜੀ ਸੰਤ ਕੇ ਮਾਰਗ ਤੇ ਧਰਮ ਦੀ ਪਉੜੀ ਦੇ ਪੰਧਾਊ ਬਣ ਗਏ। ਸਗੋਂ ਪ੍ਰਵਾਰ ਤੇ ਘਰ ਘਾਟ ਦਾ ਸਾਰਾ ਮੋਹ ਤਿਆਗ ਕੇ ਬਾਬਾ ਜਮੀਤ ਸਿੰਘ ਜੀ ਦੇ ਪਾਸ ਗਿੱਲੀਂ ਹੀ ਰਹਿਣ ਲਗ ਪਏ। ਬਾਬਾ ਜੀ ਉਤੇ ਇਨ੍ਹਾਂ ਦਾ ਬਹੁਤ ਵਿਸ਼ਵਾਸ ਸੀ। ਜਦੋਂ ਸੰਤ ਜੀ ਭਜਨਾਨੰਦ ਵਿਚ ਕਈ ਕਈ ਦਿਨ ਮਸਤ ਰਹਿੰਦੇ, ਤਾਂ ਬਾਬਾ ਜੀ ਇਨ੍ਹਾਂ ਦਾ ਇਸ ਤਰ੍ਹਾਂ ਧਿਆਨ ਰਖਦੇ ਜਿਵੇਂ "ਪ੍ਰਤਿਪਾਲੈ ਬਾਰਿਕ ਕੀ ਨਿਆਈ ਜੈਸੇ ਮਾਤ ਪਿਤਾਈ"।

ਇਹੋ ਵਜ੍ਹਾ ਸੀ ਕਿ ਸੰਤ ਜੀ ਨੇ ਬਾਬਾ ਜੀ ਦੇ ਪਾਸ ਕਈ ਸਾਲ ਨਿਵਾਸ ਰਖਿਆ ਅਤੇ ਬੜੀ ਭਾਵਨਾ ਤੇ ਪ੍ਰੇਮ ਨਾਲ ਸਾਧ ਸੰਗਤ ਦੀ ਸੇਵਾ ਕਰਦੇ ਰਹੇ। ਜਿਵੇਂ :

"ਟਹਲ ਸੰਤਨ ਕੀ ਸੰਗ ਸਾਧੂ ਕਾ ਹਰਿ ਨਾਮਾ ਜਪਿ ਪਰਮਗਤੇ।"



Namdhari Elibrary NamdhariElibrary@gmail.com

## ਲਖ ਖੁਸੀਆਂ ਪਾਤਿਸਾਹੀਆਂ, ਜੇ ਸਤਿਗੁਰ ਨਦਰਿ ਕਰੇਇ ॥

ਪਿੰਡ ਚਵਿੰਡੇ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਇਕ ਵੇਰ ਦਰਸ਼ਨ ਦੇ ਰਹੇ ਸਨ, ਕੀਰਤਨ ਦਾ ਆਨਦ ਮਾਨਣ ਤੋਂ ਪਿਛੋਂ ਸੰਗਤਾਂ ਨੇ ਅੰਤਰਜਾਮੀ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਜ਼ ਕੀਤੀ, "ਸੱਚੇ ਪਾਤਸ਼ਾਹ, ਸਾਡੇ ਪਿੰਡ ਦਾ ਪਾਣੀ ਬੜਾ ਖਾਰਾ ਹੈ। ਇਸਨੂੰ ਮਿੱਠਾ ਕਰਨ ਦੀ ਕਿਰਪਾ ਕੀਤੀ ਜਾਵੇ।"

ਸੱਚੇ ਪਾਤਸ਼ਾਹ ਜੀ ਨੇ ਇਕ ਸਿੱਖ ਨੂੰ ਖੂਹੀ ਤੋਂ ਇਕ ਗੜਵਾ ਜਲ ਦਾ ਲਿਆਉਣ ਵਾਸਤੇ ਹੁਕਮ ਕੀਤਾ, ਤੇ ਬਚਨ ਕੀਤਾ ਕਿ ਭਲਾ ਇਹ ਪਾਣੀ ਪੀਕੇ ਤਾਂ ਵੇਖੀਏ। ਪਹਿਲਾਂ ਸੱਚੇ ਪਾਤਸ਼ਾਹ ਜੀ ਨੇ ਉਹ ਜਲ ਸਿੰਘ ਪਾਸੋਂ ਆਪ ਛਕਿਆ ਤੇ ਫਿਰ ਦੂਸਰੇ ਸਿੰਘਾਂ ਨੂੰ ਕਹਿਆ ਕਿ ਤੁਸੀਂ ਭੀ ਛੱਕ ਕੇ ਵੇਖੋ, ਇਹ ਪਾਣੀ ਤਾਂ ਬਹੁਤ ਹੀ ਮਿੱਠਾ ਤੇ ਸਵਾਦਲਾ ਹੈ। ਜਦ ਹੋਰ ਸਿੰਘਾਂ ਨੇ ਵੀ ਉਸ ਗੜਵੇ ਦਾ ਜਲ ਛਕਿਆ ਤਾਂ ਉਹ ਬੜਾ ਸਵਾਦਲਾ ਤੇ ਮਿੱਠਾ ਸੀ। ਉਸ ਵਕਤ ਤੋਂ ਉਸ ਖੂਹੀ ਦਾ ਜਲ ਹਮੇਸ਼ਾਂ ਵਾਸਤੇ ਹੀ ਮਿੱਠਾ ਹੋ ਗਿਆ ਜਦਕਿ ਬਾਕੀ ਪੱਤੀ ਦਾ ਪਾਣੀ ਖਾਰਾ ਹੀ ਰਿਹਾ।

ਚਵਿੰਡੇ ਤੋਂ ਬਾਦ ਸ੍ਰੀ ਸਤਿਗੁਰੂ ਜੀ ਦਾ ਦੌਰਾ ਪਿੰਡ ਸਖਾਣੇ ਸ: ਹੁਕਮ ਸਿੰਘ ਸ਼ਾਹ ਦੇ ਘਰ ਗਿਆ। ਸ਼ਾਹ ਜੀ ਉਤੇ ਸੱਚੇ ਪਾਤਸ਼ਾਹ ਜੀ ਦੀ ਅਪਾਰ ਕਿਰਪਾ ਸੀ। ਇਸੇ ਕਰਕੇ ਇਥੇ (ਸਖਾਣੀ) ਸਾਧ ਸੰਗਤ ਦੇ ਡੇਰੇ ਲਗੇ ਹੀ ਰਹਿੰਦੇ, ਤੇ ਕਥਾ ਕੀਰਤਨ ਹੁੰਦਾ ਹੀ ਰਹਿੰਦਾ ਸੀ। ਸ੍ਰੀ ਸਤਿਗੁਰੂ ਜੀ ਸ਼ਾਹ ਜੀ ਤੇ ਨਗਰ ਨਿਵਾਸੀਆਂ ਉਤੇ ਬਹੁਤ ਪ੍ਰਸੰਨ ਰਹਿੰਦੇ ਤੇ ਇਸ ਦੌਰੇ ਤੋਂ ਬਾਦ ਇਕ ਵਾਰੀ ਫਿਰ ਜਦ ਚੀਨੀ ਅਸਵਾਰ ਪਾਤਸ਼ਾਹ ਪਿੰਡ ਭਿਆਨਾ (ਜ਼ਿਲਾ ਸਿਆਲ-ਕੋਟ) ਨੂੰ ਜਾਂਦੇ ਹੋਏ ਸਖਾਣਿਆਂ ਵਿਚੋਂ ਲੰਘ ਰਹੇ ਸਨ, ਤਾਂ ਸ਼ਾਹ ਜੀ ਨੇ ਅੱਗੇ ਹੋ ਕੇ ਘੋੜੀ ਦੀ ਲਗਾਮ ਫੜ ਲਈ। ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਲੰਗਰ ਦੀ ਸੇਵਾ ਬਖਸ਼ੋ। ਸ਼ਾਹ ਜੀ ਦੀ ਬੇਨਤੀ ਪ੍ਰਵਾਨ ਹੋ ਗਈ ਤੇ ਤਿੰਨ ਦਿਨ ਸਤਿਗੁਰੂ ਜੀ ਸਖਾਣੀ ਰਹੇ। ਬੜਾ ਮੇਲਾ ਹੋ ਗਿਆ। ਸ਼ਾਹ ਦੇ ਪਰਵਾਰ ਤੇ ਹੋਰ ਸੇਵਕਾਂ ਨੂੰ ਸੱਚੇ ਪਾਤਸ਼ਾਹ ਜੀ ਨੇ ਬਹੁਤ ਖੁਸ਼ੀਆਂ ਬਖਸ਼ੀਆਂ।



Namdhari Elibrary NamdhariElibrary@gmail.com

## ਹੁਕਮ ਸਿੰਘ ਨੂੰ ਵਰਦਾਨ

ਤੀਸਰੇ ਦਿਨ ਏਥੋਂ ਅਗੇ ਤੁਰਨ ਸਮੇਂ ਸ੍ਰੀ ਸਤਿਗੁਰੂ ਜੀ ਨੇ ਫੁਰਮਾਇਆ, "ਭਾਈ ਹੁਕਮ ਸਿੰਘ ਜੀ, ਤੁਹਾਡੇ ਪਾਸ ਤਿੰਨ ਲੱਖ ਰੁਪਈਆ ਤਾਂ ਹੋਵੇਗਾ ਹੀ"। ਹੁਕਮ ਸਿੰਘ ਸ਼ਾਹ ਨੇ ਹੱਥ ਜੋੜਕੇ ਆਖਿਆ, "ਨਹੀਂ, ਸੱਚੇ ਪਾਤਸ਼ਾਹ, ਇੰਨਾ ਤਾਂ ਨਹੀਂ ਹੋਵੇਗਾ"। ਸ੍ਰੀ ਸਤਿਗੁਰੂ ਜੀ ਨੇ ਫੇਰ ਬਚਨ ਕੀਤਾ, "ਤਿੰਨ ਲੱਖ ਨਹੀਂ ਤਾਂ ਇਕ ਲੱਖ ਤਾਂ ਹੋਵੇਗਾ ਹੀ ?" ਪਰ ਸ: ਹੁਕਮ ਸਿੰਘ ਜੀ ਨੇ ਫਿਰ ਵੀ 'ਨਾਂਹ' ਵਿਚ ਜਵਾਬ ਦਿਤਾ। ਸ੍ਰੀ ਦਸਮੇਸ਼ ਪਿਤਾ ਜੀ ਨੇ ਇਕ ਵਾਰੀ ਮਾਲਵੇ ਨਿਵਾਸ ਸਮੇਂ ਡੱਲੇ ਨੂੰ ਕਿਹਾ ਸੀ, "ਡੱਲਿਆ, ਆਹ ਵੇਖ ਸਾਹਮਣੇ ਕਿਵੇਂ ਹਰੇ ਭਰੇ ਫਸਲ ਨਜ਼ਰ ਆ ਰਹੇ ਹਨ।" ਤਾਂ ਡੱਲੇ ਨੇ ਆਖਿਆ ਸੀ, "ਨਹੀਂ, ਸੱਚੇ ਪਾਤ-ਸ਼ਾਹ ਇਹ ਤਾਂ ਇਵੇਂ ਹੀ ਛੱਭ ਦੀ ਦਭ ਜਿਹੀ ਹੈ।" ਕਲਗੀਧਰ ਜੀ ਨੇ ਦੁਬਾਰਾ ਬਚਨ ਕੀਤਾ, "ਡੱਲਿਆ, ਵੇਖ ਤਾਂ ਜੰਡ ਕਰੀਰ (ਟਿੱਬਿਆਂ ਦੇ ਰੁਖ) ਹਨ।" ਤੀਜੀ ਵਾਰ ਜਦ ਬਚਨ ਕੀਤਾ,"ਡਲਿਆ, ਔਹ ਵੇਖ, ਇਸ ਇਲਾਕੇ ਵਿਚ ਪਾਣੀ ਦੀਆਂ ਨਹਿਰਾਂ ਵਗ ਰਹੀਆਂ ਹਨ", ਤਾਂ ਡੱਲੇ ਨੂੰ ਕੁਝ ਸਮਝ ਆਈ, ਕਿ "ਮੈਂ ਤਾਂ ਗਲਤੀ ਤੇ ਗਲਤੀ ਕਰੀ ਜਾ ਰਿਹਾ ਹਾਂ, ਸਤਿਗੁਰੂ ਜੀ ਤਾਂ ਵਰਦਾਨ ਤੇ ਰਹੇ ਹਨ ਤੇ ਮੈਂ ਜਵਾਬ ਦੇ ਰਿਹਾ ਹਾਂ"। ਤੀਸਰੀ ਵਾਰੀ ਹੱਥ ਜੋੜ ਕੇ ਆਖਣ ਲਗਾ, "ਦੀਨ ਦਿਆਲ, ਤੇਰੀਆਂ ਤੂੰ ਹੀ ਜਾਣੇਂ, ਜਿਵੇਂ ਚਾਹੋ ਕਰ ਸਕਦੇ ਹੋ। ਪਰ ਅਜੇ ਤਾਂ ਮਾਰੂ ਟਿਬੇ ਹੀ ਭਖਲਾ ਰਹੇ ਹਨ।" ਸ੍ਰੀ ਕਲਗੀਧਰ ਫੁਰਮਾਇਆ, "ਡਲਿਆ, ਹੁਣ ਇਹ ਸਾਰਾ ਕੁਝ ਦੇਰ ਨਾਲ ਹੋਵੇਗਾ, ਪਰ ਤੂੰ ਬੜੀ ਸੇਵਾ ਕੀਤੀ ਹੈ, ਹੋਵੇਗਾ ਸਭ ਕੁਝ, ਜਿਵੇਂ ਮੈਂ ਆਖਿਆ ਹੈ।" ਏਸੇ ਤਰ੍ਹਾਂ ਜਦ ਚੀਨੀ ਵਾਲੇ ਪਾਤਸ਼ਾਹ ਨੂੰ ਹੁਕਮ ਸਿੰਘ ਸ਼ਾਹ ਨੇ ਦੂਸਰੀ ਵਾਰੀ ਇਕ ਲੱਖ ਰੁਪਏ ਹੋਣ ਤੋਂ ਵੀ ਨਾਂਹ ਵਿਚ ਉੱਤਰ ਦਿਤਾ ਤਾਂ ਸ਼ਾਹ ਨੂੰ ਵੀ ਆਪਣੀ ਗਲਤੀ ਦਾ ਪਤਾ ਲਗ ਗਿਆ। ਇਤਨੇ ਚਿਰ ਨੂੰ ਸੱਚੇ ਪਾਤਸ਼ਾਹ ਜੀ ਨੇ ਫਿਰ ਪੁਛਿਆ, "ਸ਼ਾਹ ਜੀ, ਪੰਜਾਹ ਹਜ਼ਾਰ ਤਾਂ ਜ਼ਰੂਰ ਹੋਵੇਗਾ ?" ਸ਼ਾਹ ਆਖਣ ਲਗਾ, "ਸੱਚੇ ਪਾਤਸ਼ਾਹ, ਇਤਨਾ ਰੁਪੈਯਾ ਆਪ ਦੀ ਕਿਰਪਾ ਨਾਲ ਮੇਰੇ ਕੋਲ ਜਮ੍ਹਾ ਹੈ।" ਸ੍ਰੀ ਸਤਿਗੁਰੂ ਜੀ ਦੇ ਵਰਦਾਨ ਅਨੁਸਾਰ ਜਿਤਨਾ ਚਿਰ ਸ: ਹੁਕਮ ਸਿੰਘ ਸ਼ਾਹ ਜੀਊਂਦਾ ਰਿਹਾ, ਉਤਨਾ ਚਿਰ ਪੰਜਾਹ ਹਜ਼ਾਰ ਰੁਪੈ ਵਿਚ ਕਿਸੇ ਵੇਲੇ ਭੀ ਕਮੀ ਨ ਹੋਈ। ਸ:



Namdhari Elibrary NamdhariElibrary@gmail.com

ਹੁਕਮ ਸਿੰਘ ਦੇ ਭਾਵੇਂ ਦੋ ਵਿਆਹ ਸਨ ਪਰ ਇਕ ਲੜਕੀ ਤੋਂ ਬਗੈਰ ਹੋਰ ਕੋਈ ਬੱਚਾ ਨਹੀਂ ਸੀ। ਸਾਧ-ਸੰਗਤ ਅਥਵਾ ਹਰ ਲੋੜਵੰਦਾਂ ਦੀ ਅੰਨ ਬਸਤ੍ਰ-ਜੋੜੇ ਤੇ ਹੋਰ ਪਦਾਰਥ ਆਦਿ ਸੇਵਾ ਬਿਨਾਂ ਵਿਤਕਰੇ ਕਰਦਿਆਂ ਰਹਿਣਾ ਸ਼ਾਹ ਜੀ ਦਾ ਨਿਤ ਕਰਮ ਸੀ।



Namdhari Elibrary NamdhariElibrary@gmail.com

## ਸੰਤ ਕੇਸਰ ਸਿੰਘ ਜੀ ਦਾ ਸਖਾਣੀ ਨਿਵਾਸ

ਜਦੋਂ ਸੱਚੇ ਪਾਤਸ਼ਾਹ ਜੀ ਤਿੰਨ ਦਿਨ ਸਖਾਣੀ ਦਰਸ਼ਨ ਦਿਤੇ ਅਤੇ ਵਿਦਾ-ਇਗੀ ਸਮੇਂ ਸ਼ਾਹ ਨਾਲ ਬਚਨ ਹੋਏ, ਉਸ ਵੇਲੇ ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲੇ ਭੀ ਦੌਰੇ ਦੇ ਨਾਲ ਹੀ ਸਨ। ਜਦ ਸਤਿਗੁਰੂ ਜੀ ਸਖਾਣਿਆਂ ਤੋਂ ਵਿਦਾ ਹੋਣ ਲਗੇ ਤਾਂ ਸੰਤਾਂ ਨੇ ਅਰਜ਼ ਕੀਤੀ, "ਸੱਚੇ ਪਾਤਸ਼ਾਹ ਜੀ, ਜੇ ਹੁਕਮ ਹੋਵੇ ਤਾਂ ਕੁਝ ਦਿਨ ਏਥੇ ਹੋਰ ਰਹਿ ਪਵਾਂ ? ਕਿਉਂਕਿ ਮੇਰਾ ਚਿਤ ਕਰਦਾ ਹੈ ਕਿ ਏਥੇ ਰਹਿਕੇ ਸਾਧ ਸੰਗਤ ਦੀ ਸੇਵਾ ਕਰਾਂ।" ਸ੍ਰੀ ਸਤਿਗੁਰੂ ਜੀ ਨੇ ਸੰਤਾਂ ਨੂੰ ਸਖਾਣੀ ਰਹਿਣ ਦੀ ਆਗਿਆ ਦੇ ਦਿਤੀ। ਸੱਚੇ ਪਾਤਸ਼ਾਹ ਤਾਂ ਦੌਰੇ ਵਾਸਤੇ ਹੋਰ ਨਗਰ ਚਲੇ ਗਏ ਤੇ ਸੰਤ ਚਵਿੰਡੇ ਵਾਲੇ ਹੁਕਮ ਸਿੰਘ ਸ਼ਾਹ ਦੇ ਪਾਸ ਹੀ ਰਹਿ ਗਏ, ਅਤੇ ਲਗੇ ਸਾਧ ਸੰਗਤ ਦੀ ਸੇਵਾ ਕਰਨ। ਏਥੇ ਲੰਗਰ ਪਾਣੀ ਛਕਣ ਅਤੇ ਬਸਤ੍ਰ ਜੋੜੇ ਲੈਣ ਵਾਲਿਆਂ ਦੀ ਆਵਾ ਜਾਈ ਲਗੀ ਹੀ ਰਹਿੰਦੀ ਸੀ। ਸੰਤ ਜੀ ਬੜੇ ਪ੍ਰੇਮ ਨਾਲ ਹਰ ਕੰਮ ਵਿਚ ਅਣਥੱਕ ਭਾਗ ਲੈਂਦੇ।


Namdhari Elibrary NamdhariElibrary@gmail.com

# ਆਓ ਸਖੀ ਸੰਤ ਪਾਸਿ ਸੇਵਾ ਲਾਗੀਐ

ਸ: ਹੁਕਮ ਸਿੰਘ ਸ਼ਾਹ ਦੇ ਘਰ ਲੰਗਰ ਅੱਠੇ ਪਹਿਰ ਅਤੁਟ ਚਲਦਾ ਰਹਿੰਦਾ ਸੀ। ਭਾਵੇਂ ਜਿੰਨਾ ਮਰਜ਼ੀ ਖਰਚ ਹੋ ਜਾਂਦਾ ਪਰ ਚੀਨੀ ਵਾਲੇ ਦਾ ਵਰਦਾਨ ਹਮੇਸ਼ਾਂ ਇਕ ਸਾਰ ਰਹਿੰਦਾ। ਸ਼ਾਹ ਜੀ ਆਪਣੀ ਸਾਰੀ ਸੰਪੱਤੀ ਸਤਿਗੁਰਾਂ ਦੀ ਜਾਣਦੇ ਤੇ ਆਪਣੇ ਆਪ ਨੂੰ ਗੁਰੂ ਦਾ ਭੰਡਾਰੀ ਸਮਝਦੇ ਤੇ ਲੋੜਵੰਦਾਂ ਵਾਸਤੇ ਸਰਦੀਆਂ ਵਾਸਤੇ ਗਰਮ ਕਪੜੇ ਕੰਬਲ ਆਦਿਕ ਤੇ ਗਰਮੀਆਂ ਵਾਸਤੇ ਲੱਠਾ ਤੇ ਖੱਦਰ ਅਥਵਾ ਹੋਰ ਜੋੜੇ ਆਦਿਕ ਆਪਣੇ ਪਾਸ ਜਮ੍ਹਾਂ ਹੀ ਰਖਦੇ ਤਾਂਕਿ ਕਿਸੇ ਲੋੜਵੰਦ ਨੂੰ ਜਵਾਬ ਨ ਦੇਣਾ ਪਵੇ ਕਿ "ਫਲਾਣੀ ਚੀਜ਼ ਹੈ ਨਹੀਂ"।

ਸ: ਹੁਕਮ ਸਿੰਘ ਜੀ ਹਰ ਪ੍ਰਾਣੀ ਮਾਤਰ ਦੀ ਸੇਵਾ ਤਨ, ਮਨ, ਧਨ ਨਾਲ ਕਰਦੇ ਤੇ ਆਖਿਆ ਕਰਦੇ, ਕਿ ਪਦਾਰਥ ਸਾਰਾ ਸਤਿਗੁਰੂ ਜੀ ਦੀ ਬਖਸ਼ਸ਼ ਹੈ, 'ਮੇਰਾ ਮੁਝ ਮੇ ਕੁਛ ਨਹੀਂ'। ਭਾਵੇਂ ਦੁਨਿਆਵੀ ਤੌਰ ਤੇ ਸ਼ਾਹ ਜੀ ਕੋਈ ਜ਼ਿਆਦਾ ਵਿਦਿਆ ਨਹੀਂ ਸਨ ਪੜ੍ਹੇ ਹੋਏ ਪਰ ਬਚਨ ਬਿਲਾਸ ਸਮੇਂ ਹੋਰਨਾਂ ਭੇਖਾਂ ਵਾਲਿਆਂ ਤੇ ਵਿਹਾਰੀਆਂ ਨੂੰ ਬੜੇ ਯਥਾਰਥ ਜਵਾਬ ਦੇ ਕੇ ਨਿਰੁਤ੍ਰ ਕਰ ਦਿੰਦੇ ਸਨ, ਜਿਸ ਤੋਂ ਪ੍ਰਤੀਤ ਹੁੰਦਾ ਕਿ ਆਪ ਵਿਹਾਰਕ ਤੇ ਅਧਿਆਤਮਕਵਾਦ ਗੁਰਬਾਣੀ ਤੇ ਇਤਿਹਾਸ ਦੇ ਵੱਡੇ ਵਿਦਵਾਨ ਪ੍ਰਤੀਤ ਹੁੰਦੇ। ਅੰਮ੍ਰਿਤ ਵੇਲੇ ਸਣੇ ਕੇਸੀ ਇਸ਼ਨਾਨ ਕਰਕੇ ਨਾਮ ਸਿਮਰਨ ਤੇ ਹੱਥਾਂ ਨਾਲ ਸੰਗਤ ਦਾ ਇਸ਼ਨਾਨ ਕਰਵਾਉਣਾ, ਭਾਂਡੇ ਮਾਂਜਣੇ, ਮਿੱਠਾ ਬੋਲਣਾ ਆਦਿਕ ਸਾਰੇ ਗੁਣ ਸ਼ਾਹ ਜੀ ਦੇ ਵਿਚ ਸੁਭਾਵਿਕ ਸਨ।

ਸ੍ਰੀ ਸਤਿਗੁਰੂ ਜੀ ਨੇ ਸੰਤ ਖਾਲਸਾ ਸਾਜਨ ਸਮੇਂ ਜੋ ਸਿੱਖਾਂ ਪ੍ਰਤੀ ਹੁਕਮ ਦਿਤੇ, ਹੁਕਮ ਸਿੰਘ ਸ਼ਾਹ ਉਨ੍ਹਾਂ ਉਤੇ ਪੂਰਾ ਅਮਲ ਕਰਦੇ। ਮਾਨੋਂ ਗੁਰੂ ਦੇ ਹੁਕਮਾਂ ਦੀ ਪਾਲਣਾ ਅਤੇ ਸੰਤ ਦੀ ਸੇਵਾ ਦਾ ਇਕ ਸਾਕਾਰ ਰੂਪ ਹੀ ਬਣ ਗਏ ਹਏ ਸਨ ਜਦੋਂ ਕਿਸੇ ਹੋਰ ਸਿੱਖ ਨੇ ਸੰਗਤ ਦੇ ਇਸ਼ਨਾਨ ਕਰਾਉਣ ਦੀ ਇੱਛਾ ਪ੍ਰਗਟ ਕਰਨੀ ਤਾਂ ਇਨ੍ਹਾਂ ਨੇ ਆਖਣਾ, "ਚੰਗਾ, ਜਿਹੜਾ ਅੰਮ੍ਰਿਤ ਵੇਲੇ ਸਭ ਤੋਂ ਪਹਿਲਾਂ ਖੂਹੀ ਉਤੇ ਗੜਵਾ ਲੈ ਕੇ ਆ ਜਾਵੇ, ਉਹ ਬੇਸ਼ਕ ਸਭ ਦੇ ਇਸ਼ਨਾਨ ਕਰਵਾ ਦੇਵੇ"। ਪਰ ਜਦੋਂ ਕਿਸੇ ਸਿੰਘ ਨੇ ਇਸ ਸ਼ਰਤ ਦੀ ਪੂਰਤੀ ਵਾਸਤੇ ਖੂਹੀ ਉਤੇ ਆਉਣਾ ਤਾਂ ਅਗੋ ਸ਼ਾਹ ਜੀ ਜਲ ਦਾ ਗੜਵਾ ਭਰਕੇ ਖਲੋਤੇ ਹੁੰਦੇ। ਇਸਤਰ੍ਹਾਂ ਇਹ ਸ਼ਾਹ ਜੀ



Namdhari Elibrary NamdhariElibrary@gmail.com

ਕਥਨੀ ਤੇ ਕਰਨੀ ਦੀ ਪ੍ਰਤੱਖ ਮੂਰਤੀ ਸਨ। ਕਦੇ ਕਦੇ ਮਸਤੀ ਵਿਚ ਸ਼ਾਹ ਜੀ ਭਾਈ ਗੁਰਦਾਸ ਜੀ ਦੇ ਇਹ ਕਬਿੱਤ ਮੂੰਹ ਵਿਚੋਂ ਗੁਣਗੁਣਾਂਦੇ ਸੁਣੇ ਜਾਂਦੇ :

ਪੰਚ ਬਾਰ ਗੰਗ ਜਾਇ, ਬਾਰ ਪੰਚ ਪ੍ਰਾਗ ਨਾਇ,
ਤੈਸਾ ਪੁੰਨ ਏਕ ਗੁਰਸਿਖ ਕਉ ਨਵਾਏ ਕਾ।
ਸਿਖ ਕਉ ਪਿਲਾਇ ਪਾਨੀ, ਭਾਉ ਕਰਿ ਕੁਰਖੇਤ,
ਅਸੁਮੇਧ ਜਗ ਫਲ ਸਿਖ ਕਉ ਜਿਵਾਏ ਕਾ।
ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ,
ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ।
ਜੈਸੇ ਬੀਸ ਬਾਰ ਦਰਸਨ ਸਾਧ ਕੀਆ ਕਾਹੂ,
ਤੈਸਾ ਫਲ ਸਿਖ ਕਉ ਚਾਪਿ ਪਗ ਸੁਆਏ ਕਾ।

ਏਥੇ ਹੀ ਬਸ ਨਹੀਂ ਜਿਥੇ ਇਹ ਸਭ ਲੋੜੀਂਦੇ ਮਨੁਖਾਂ ਦੀ ਬਿਨਾਂ ਵਿਤਕਰੇ ਸੇਵਾ ਕਰਦੇ, ਉਥੇ ਸਭ ਜਾਨਵਰਾਂ, ਪਸ਼ੂਆਂ, ਪੰਛੀਆਂ ਦੀ ਲੋੜੀਂਦੀ ਖੁਰਾਕ ਤੇ ਪਾਣੀ ਦਾ ਵੀ ਖਾਸ ਖਿਆਲ ਰਖਦੇ, ਚੋਗਾ ਖਲਾਰਦੇ, ਕਮਜ਼ੋਰ ਪਸ਼ੂਆਂ ਲਈ ਪਠਿਆਂ ਦਾ ਪ੍ਰਬੰਧ ਕਰਕੇ ਥਾਂ ਥਾਂ ਤੇ ਪਾਣੀ ਦੇ ਭਾਂਡੇ ਤੇ ਚੁਬੱਚੇ ਭਰ ਰਖਦੇ। ਸ਼ਾਹ ਜੀ ਆਖਿਆ ਕਰਦੇ, 'ਮੇਰਾ ਸਤਿਗੁਰੂ ਸਾਰਿਆਂ ਜੀਵਾਂ ਵਿਚ ਰਮਿਆ ਹੋਇਆ ਹੈ।'



Namdhari Elibrary NamdhariElibrary@gmail.com

## ਸੰਤਾਂ ਦੀ ਸਮ ਦ੍ਰਿਸ਼ਟੀ

ਇਕ ਵਾਰੀ ਸ੍ਰੀ ਹੁਕਮ ਸਿੰਘ ਸ਼ਾਹ ਜੀ ਦੀ ਲੜਕੀ ਨੇ ਸਹੁਰੇ ਜਾਣਾ ਸੀ। ਉਸਨੂੰ ਸਹੁਰੇ ਪਹੁੰਚਾਣ ਦੀ ਜ਼ੁੰਮੇਵਾਰੀ ਸ਼ਾਹ ਜੀ ਵਲੋਂ ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਨੂੰ ਸੌਂਪੀ ਗਈ। ਵੀਹ ਕੋਹ ਸੰਤ ਜੀ ਬੀਬੀ ਦੇ ਨਾਲ ਘੋੜੀ ਦੇ ਨਾਲ ਨਾਲ ਤੁਰੇ ਗਏ। ਰਾਤ ਰਹਿ ਕੇ ਜਦ ਸੰਤ ਵਾਪਸ ਤੁਰਨ ਲਗੇ ਤਾ ਘੋੜੀ ਦੀ ਕਾਠੀ ਤੇ ਤਾਹਰੂ ਸਤਾਂ ਨੇ ਸਿਰ ਤੇ ਚੁਕ ਲਏ ਤੇ ਘੋੜੀ ਦੀ ਲਗਾਮ ਹੱਥ ਵਿਚ ਫੜ ਲਈ ਅਤੇ ਏਸੇ ਤਰ੍ਹਾਂ ਹੀ ਵੀਹ ਕੋਹ ਸਫ਼ਰ ਕਰਕੇ ਜਦ ਵਾਪਸ ਸਖਾਣੀ ਆਏ ਤਾਂ ਸ਼ਾਹ ਜੀ ਨੇ ਦੂਰੋਂ ਹੀ ਜਾ ਕੇ ਸੰਤਾਂ ਨੂੰ ਨਮਸਕਾਰ ਕੀਤੀ ਅਤੇ ਕਾਠੀ ਤੇ ਤਾਹਰੂ ਸਿਰ ਤੇ ਚੁਕਣ ਤ ਘੋੜੀ ਨੂੰ ਫੜਕੇ ਲਿਆਉਣ ਦਾ ਕਾਰਨ ਪੁਛਿਆ ਸੰਤ ਕੇਸਰ ਸਿੰਘ ਜੀ ਨੇ ਬਚਨ ਕੀਤਾ, "ਸ਼ਾਹ ਜੀ, ਮੈਨੂੰ ਭਾਸਿਆ ਸੀ ਕਿ ਜਾਂਦੀ ਵਾਰੀ ਘੋੜੀ ਤੇ ਕਾਫ਼ੀ ਭਾਰ ਸੀ ਤੇ ਬੀਬੀ ਜੀ ਭੀ ਚੜੇ ਹੋਏ ਸਨ ਤੇ ਘੋੜੀ ਥਕ ਗਈ ਹੋਵੇਗੀ? ਆਖਰ ਇਸ ਦੇ ਵਿਚ ਵੀ ਸਾਡੇ ਵਰਗੀ ਜਾਨ ਹੈ। ਇਸ ਵਾਸਤੇ ਮੈਂ ਹੁਣ ਘੋੜੀ ਨੂੰ ਕਿਸੇ ਤਰ੍ਹਾਂ ਦੀ ੇਚਲ ਦੇਣੀ ਯੋਗ ਨਹੀਂ ਸੀ ਸਮਝੀ, ਫਿਰ ਵੀ ਰਸਤੇ ਦੀ ਕਾਫ਼ੀ ਥਕਾਵਟ ਇਸਨੂੰ ਹੋ ਗਈ ਹੋਵੇਗੀ।" ਸ਼ਾਹ ਜੀ ਤੇ ਹੋਰ ਵੇਖਣ ਵਾਲੇ ਸਭ ਲੋਕ ਸੰਤਾਂ ਦੇ ਇਸ ਕੋਮਲ ਤੇ ਦਿਆਲੂ ਸੁਭਾਵ ਤੋਂ ਬਹੁਤ ਪ੍ਰਭਾਵਿਤ ਹੋਏ।

ਸ਼ਾਹ ਜੀ ਨੇ ਇਕ ਵਾਰੀ ਸੰਤਾਂ ਨੂੰ ਬਲਦਾਂ ਦੀ ਰਾਖੀ ਕਰਨ ਲਈ ਆਖਿਆ। ਸੰਤ ਜੀ ਢਲੀ ਰਾਤ ਤਕ ਬਲਦਾਂ ਕੋਲ ਬੈਠੇ ਮਾਲਾ ਫੇਰਦੇ ਤੇ ਨਾਮ ਸਿਮਰਨ ਕਰਦੇ ਰਹੇ। ਅੰਮ੍ਰਿਤ ਵੇਲਾ ਹੋਇਆ ਤਾਂ ਇਸ਼ਨਾਨ ਕਰਨਾ ਜ਼ਰੂਰੀ ਸੀ। ਸੰਤਾਂ ਦੇ ਮਨ ਵਿਚ ਦੁਚਿਤੀ ਪੈਦਾ ਹੋ ਗਈ ਕਿ ਜੇ ਇਸ ਵਕਤ ਇਸ਼ਨਾਨ ਕਰਨ ਜਾਂਦਾ ਹਾਂ ਤਾਂ ਹੁਕਮ ਦੀ ਉਲੰਘਣਾ ਹੁੰਦੀ ਹੈ? ਜੇ ਨਹੀਂ ਜਾਂਦਾ ਤਾਂ ਅੰਮ੍ਰਿਤ ਵੇਲੇ ਇਸ਼ਨਾਨ ਕਰਨ ਵਾਲੇ ਸ੍ਰੀ ਸਤਿਗੁਰੂ ਜੀ ਦੇ ਅਸੂਲ ਦੀ ਪਾਲਨਾ ਨਹੀਂ ਹੋ ਸਕਦੀ। ਆਖਰਕਾਰ ਸਤ ਜੀ ਦੋਹਾਂ ਜ਼ੁੰਮਵਾਰੀਆਂ ਨੂੰ ਨਿਭਾਉਣ ਵਾਸਤੇ ਇਸ਼ਨਾਨ ਕਰਨ ਪੁੱਠੇ ਪੈਰੀਂ ਤੁਰ ਕੇ ਗਏ। ਇਸ ਤਰ੍ਹਾਂ ਬਲਦਾਂ ਵਲ ਵੀ ਖਿਆਲ ਰਹਿਆ ਤੇ ਅੰਮ੍ਰਿਤ ਵੇਲੇ ਦੇ ਇਸ਼ਨਾਨ ਦਾ ਨਿਤਨੇਮ ਵੀ ਨ ਟੁਟਾ, ਸਵੇਰੇ ਜਦ ਸ਼ਾਹ ਜੀ ਨੂੰ ਸੰਤਾਂ ਦੇ ਇਸ ਢਗ ਦਾ ਪਤਾ ਲਗਾ ਤਾਂ ਉਨ੍ਹਾਂ ਮਨ ਹੀ ਮਨ ਵਿਚ ਧਾਰ ਲਿਆ ਕਿ ਸੰਤਾਂ ਨੂੰ ਫਿਰ ਕਦੇ ਅਜਿਹਾ ਕੰਮ ਕਰਨ ਵਾਸਤੇ ਨਹੀਂ ਆਖਣਾ।



Namdhari Elibrary NamdhariElibrary@gmail.com

# ਬਲਦੇ ਤੰਦੂਰ ਵਿਚ ਛਾਲ ਮਾਰਨੀ

ਸੰਤ ਕੇਸਰ ਸਿੰਘ ਜੀ ਦਾ ਨਾਮ ਅਭਿਆਸ ਇਤਨਾ ਜ਼ਿਆਦਾ ਸੀ ਕਿ ਕਈ ਵਾਰੀ ਸਿਮਰਨ ਕਰਦੇ ਹੋਏ ਨਾਮ ਤੇ ਨਾਮੀ ਵਿਚ ਅਭੇਦ ਹੋਏ ਪ੍ਰਤੀਤ ਹੁੰਦੇ। ਇਕ ਦਿਨ ਸ਼ਾਹ ਜੀ ਦੀ ਇਕ ਸਿੰਘਣੀ ਸੁਭਾਵਿਕ ਹੀ ਗੱਲਾਂ ਕਰ ਰਹੀ ਸੀ, "ਅਸਾਂ ਤਾਂ ਪਾਟੀਆਂ ਕਛਾਂ ਵਾਲਿਆਂ ਵਿਚ ਕੁਝ ਨਹੀਂ ਵੇਖਿਆ, ਐਵੇਂ ਖਾ ਬਰਲਾ ਜਾਂਦੇ ਨੇ।"

ਜਦੋਂ ਇਹ ਗੱਲ ਸ਼ਾਹਣੀ ਕਰਦੀ ਪਈ ਸੀ ਤਾਂ ਸੰਤ ਲੰਗਰ ਵਿਚ ਸੇਵਾ ਕਰਦੇ ਸਨ। ਉਨ੍ਹਾਂ ਨੇ ਇਹ ਗੱਲ ਸੁਣ ਲਈ ਅਤੇ ਪੁਛਿਆ, "ਬੀਬੀ, ਤੂੰ ਇਹ ਕੀ ਗੱਲ ਕੀਤੀ ਹੈ?" ਤਾਂ ਬੀਬੀ ਨੇ ਬੜੀ ਦਲੇਰੀ ਨਾਲ ਜਵਾਬ ਦਿਤਾ ਤੇ ਦਸਿਆ, "ਮੈਂ ਇਹ ਗੱਲ ਕੀਤੀ ਹੈ ਕਿ ਪਾਟੀਆਂ ਕਛਾਂ ਵਾਲੇ ਐਵੇਂ ਹੀ ਤੁਰੇ ਫਿਰਦੇ ਹਨ। ਪੱਲੇ ਇਨ੍ਹਾਂ ਦੇ ਕੁਝ ਵੀ ਨਹੀਂ ਹੁੰਦਾ।" ਸੰਤਾਂ ਨੇ ਦੂਸਰੀ ਵਾਰੀ ਫਿਰ ਉਸ ਬੀਬੀ ਨੂੰ ਪੁਛਿਆ, "ਬੀਬੀ, ਤੂੰ ਕੀ ਆਖਿਆ ਹੈ?" ਬੀਬੀ ਨੇ ਫਿਰ ਬੜੀ ਨਿਸ਼ਕਤਾ ਨਾਲ ਉਵੇਂ ਹੀ ਜਵਾਬ ਦਿਤਾ ਤੇ ਸਗੋਂ ਤੀਸਰੀ ਵਾਰੀ ਵੀ ਇਹੋ ਉਤਰ ਦਿਤਾ। ਜਿਸ ਵਕਤ ਇਹ ਗੱਲ ਹੋ ਰਹੀ ਸੀ, ਉਸ ਵੇਲੇ ਇਕ ਬੜਾ ਵਡਾ ਤੰਦੂਰ ਕੋਲ ਹੀ ਬਲ ਰਿਹਾ ਸੀ। ਸੰਤਾਂ ਨੇ ਬਚਨ ਕੀਤਾ, "ਜੇ ਨਹੀਂ ਵੇਖਿਆ ਤਾਂ ਵੇਖ ਲੈ।"

ਤੰਦੂਰ ਵਿਚ ਸੰਤਾਂ ਦੇ ਰੋਮ ਤਕ ਨੂੰ ਵੀ ਸੇਕ ਨਾ ਲਗਾ। ਸ਼ਾਹ ਦੀ ਧਰਮ ਪਤਨੀ ਇਹ ਕੌਤਕ ਵੇਖਕੇ ਪਹਿਲਾਂ ਤਾਂ ਬੜੀ ਘਬਰਾਈ ਪਰ ਜਦ ਸੰਤ ਜੀ ਬੜੇ ਪਿਆਰ ਨਾਲ ਤੰਦੂਰ ਵਿਚੋਂ ਨਿਕਲ ਕੇ ਬਾਹਰ ਆਏ ਤਾਂ ਉਹ ਸੰਤਾਂ ਦੇ ਚਰਨਾਂ ਤੇ ਢਹਿ ਪਈ ਅਤੇ ਕੀਤੀਆਂ ਗੱਲਾਂ ਦੀ ਮੁਆਫ਼ੀ ਮੰਗਣ ਲਗੀ।

ਜਦ ਸ਼ਾਹ ਨੂੰ ਇਸ ਘਟਨਾ ਦਾ ਪਤਾ ਲਗਾ ਤਾਂ ਉਸਨੇ ਆਪਣੀ ਸਿੰਘਣੀ ਨੂੰ ਖੂਬ ਡਾਂਟਿਆ ਅਤੇ ਸੰਤਾਂ ਤੋਂ ਖਿਮਾਂ ਮੰਗੀ।

## ਸਖਾਣੀਆਂ ਤੋਂ ਵਿਦਾਇਗੀ

ਭਾਵੇਂ ਹੁਕਮ ਸਿੰਘ ਸ਼ਾਹ ਨੇ ਇਸ ਘਟਨਾ ਤੋਂ ਬਾਦ ਸਿੰਘਣੀ ਸਮੇਤ ਸੰਤਾਂ ਤੋਂ ਮੁਆਫ਼ੀ ਵੀ ਮੰਗ ਲਈ ਤੇ ਸੰਤਾਂ ਨੇ ਵੀ ਇਸ ਘਟਨਾ ਦਾ ਕੋਈ ਰੋਸ ਨਾ ਦਰਸਾਇਆ ਤਾਂ ਵੀ ਛੇਤੀ ਹੀ ਸਖਾਣਿਆਂ ਤੋਂ ਸੰਤਾਂ ਨੇ ਹੋਰ ਕਿਧਰੇ ਜਾਣ ਦੀ ਤਿਆਰੀ ਕਰ ਲਈ। ਇਕ ਦਿਨ ਅੰਮ੍ਰਿਤ ਵੇਲੇ ਡੇਰੇ ਤੋਂ ਮਲਕੜੇ ਹੀ ਨਿਕਲ ਗਏ। ਜਦ ਸ਼ਾਹ ਜੀ ਨੂੰ ਪਤਾ ਲਗਾ ਕਿ ਸੰਤ ਚਲੇ ਗਏ ਹਨ ਤਾਂ ਉਹ ਉਸੇ ਵਕਤ ਸੰਤਾਂ ਦੇ ਮਗਰ ਲੱਭਣ ਤੁਰ ਪਿਆ ਅਤੇ ਤਿੰਨਾਂ ਕੋਹਾਂ ਤੇ ਜਾ ਕੇ ਸੰਤਾਂ ਨੂੰ ਜਾ ਲੱਭਾ। ਹੱਥ ਜੋੜ ਕੇ ਵਾਪਸ ਸਖਾਣੀ ਆਉਣ ਵਾਸਤੇ ਅਰਜ਼ ਕੀਤੀ।

ਸ਼ਾਹ ਨੇ ਬੜੀਆਂ ਮਿੰਨਤਾਂ ਕੀਤੀਆਂ ਪਰ ਸੰਤਾਂ ਨੇ ਵਾਪਸ ਜਾਣ ਵਾਲੀ ਅਰਜ਼ ਨੂੰ ਪ੍ਰਵਾਨ ਨਾ ਕੀਤਾ। ਇਸ ਘਟਨਾ ਨੇ ਸ: ਹੁਕਮ ਸਿੰਘ ਸ਼ਾਹ ਨੂੰ ਭਗਤ ਤ੍ਰਿਲੋਚਨ ਤੇ ਉਸਦੀ ਪਤਨੀ ਵਾਲੀ ਉਸ ਕਥਾ ਨੂੰ ਨਵੇਂ ਸਿਰੇ ਯਾਦ ਕਰਵਾ ਦਿਤਾ ਜਿਸ ਦੇ ਅਨੁਸਾਰ ਤ੍ਰਿਲੋਚਨ ਦੀ ਭਗਤੀ ਤੋਂ ਪ੍ਰਸੰਨ ਹੋ ਕੇ ਸ੍ਰੀ ਠਾਕੁਰ ਜੀ ਨੌਕਰ ਬਣ ਕੇ ਉਸ ਦੇ ਘਰ ਦਾ ਕੰਮ ਕਰਦੇ ਰਹੇ ਪਰ ਇਕ ਦਿਨ ਪੰਡਿ-ਤਾਣੀ ਨੇ ਪਰੀਖਿਆ ਵਜੋਂ ਅੰਤਰਜਾਮੀ ਨੂੰ ਜਦ ਲੰਗਰ ਛਕਾਇਆ ਤੇ ਪੂਰਾ ਨਾ ਉਤਰਨ ਤੇ ਨਿੰਦਿਆ ਕੀਤੀ ਕਿ ਪਤਾ ਨਹੀਂ ਇਹ ਨੌਕਰ ਕਿੰਨਿਆਂ ਜਨਮਾਂ ਦਾ ਭੁਖਾ ਹੈ, ਆਟੇ ਦੀ ਤੌਣ ਖਾ ਕੇ ਵੀ ਇਸ ਨੇ ਬਸ ਨਹੀਂ ਆਖੀ? ਤਾਂ ਪੰਡਿਤਾਣੀ ਦੀਆਂ ਗੱਲਾਂ ਸੁਣਕੇ ਅੰਤਰਜਾਮੀ ਜਿਵੇਂ ਉਥੋਂ ਚਲੇ ਗਏ ਸਨ ਤਿਵੇਂ ਸੰਤ ਜੀ, ਜੋ ਸਾਕਾਰ ਰੱਬ ਦਾ ਰੂਪ ਸਨ, ਉਨ੍ਹਾਂ ਦੇ ਡੇਰੇ ਤੋਂ ਚਲੇ ਗਏ।



Namdhari Elibrary NamdhariElibrary@gmail.com

# ਸੰਤ ਹਮਾਰਾ ਰਾਖਿਆ ਪੜਦਾ

ਹੁਣ ਸੰਤ ਕੇਸਰ ਸਿੰਘ ਜੀ ਨੂੰ ਆਪਣੇ ਇਕ ਸੇਵਕ ਭਾਈ ਝੰਡਾ ਸਿੰਘ ਮਸਤਾਨੇ ਨਾਲ ਕੀਤਾ ਹੋਇਆ ਵਾਹਿਦਾ ਯਾਦ ਆ ਗਿਆ। ਇਸ ਲਈ ਆਪ ਜੀ ਭਾਈ ਝੰਡਾ ਸਿੰਘ ਜੀ ਨੂੰ ਦਰਸ਼ਨ ਦੇਣ ਲਈ ਵਡਾਲੇ ਵਲ ਨੂੰ ਟੁਰ ਪਏ। ਰਸਤੇ ਵਿਚ ਮਿਰਾਂ ਵਾਲੀ ਦਾ ਛੰਭ ਆਉਂਦਾ ਸੀ। ਜਦੋਂ ਆਪ ਜੀ ਛੰਭ ਦੇ ਅੱਧ ਵਿਚ ਗਏ ਤਾਂ ਇੰਝ ਮਹਿਸੂਸ ਹੋਇਆ ਜਿਵੇਂ ਕੋਈ ਪਿਛੇ-ਪਿਛੇ ਹੌਲੀ-ਹੌਲੀ ਆ ਰਿਹਾ ਹੈ। ਸੰਤਾਂ ਨੇ ਜਦੋਂ ਪਿਛੇ ਮੁੜਕੇ ਵੇਖਿਆ ਤਾਂ ਪ੍ਰੇਮੀ ਮਸਤਾਨੀ, ਜੋ ਸਖਾਣੀ ਰਹਿੰਦੀ ਸੀ, ਆਪ ਜੀ ਦਾ ਪਿੱਛਾ ਕਰਦੀ ਹੋਈ ਇਥੇ ਤਕ ਆ ਪਹੁੰਚੀ, ਬੀਬੀ ਪ੍ਰੇਮੋ ਸੁੰਦਰਤਾ ਦੀ ਅਨੂਠੀ ਪ੍ਰਤਿਮਾ ਸੀ, ਭਰ ਜੁਆਨ, ਜੋਬਨ ਠਾਠਾਂ ਮਾਰ ਰਿਹਾ ਸੀ।

ਪ੍ਰੇਮੋ ਨੇ ਇਕਦਮ ਅਗਾਂਹ ਵਧਕੇ ਘੁਟਕੇ ਆਪ ਜੀ ਦੀ ਬਾਂਹ ਫੜ ਲਈ ਤੇ ਪਿਆਰ ਵਿਚ ਮਸਤ ਹੋਕੇ ਕਹਿਣ ਲਗੀ, "ਸੰਤ ਜੀ, ਕਿਰਪਾ ਕਰੋ। ਮੇਰੇ ਨਾਲ ਵਿਆਹ ਕਰ ਲਵੋ ਜੀ।" ਬੀਬੀ ਦੇ ਇਹ ਬਚਨ ਸੁਣਕੇ ਸੰਤਾਂ ਦੀ ਹੈਰਾਨੀ ਦੀ ਹੱਦ ਨਾ ਰਹੀ, ਕਿਉਂਕਿ ਸੰਤ ਜੀ ਤਾਂ ਇਨ੍ਹਾਂ ਦੁਨਿਆਵੀ ਬੰਧਨਾਂ ਤੋਂ ਦੂਰ, ਬਹੁਤ ਦੂਰ ਸਨ। ਸੰਤ ਜੀ ਨੇ ਬਾਂਹ ਉੱਚੀ ਕਰਕੇ ਆਪਣੇ ਪਿਆਰੇ ਪ੍ਰੀਤਮ ਨੂੰ 'ਹਾਏ' ਕਰਕੇ ਯਾਦ ਕੀਤਾ ਤੇ ਕਿਹਾ, "ਸਤਿਗੁਰੂ ਰਾਮ ਸਿੰਘ ਜੀ, ਕਿਰਪਾ ਕਰੋ, ਬਖਸ਼ ਲਓ।" ਆਪਣੇ ਪਿਆਰੇ ਪ੍ਰੀਤਮ ਨੂੰ ਸੱਚੇ ਦਿਲ ਨਾਲ ਯਾਦ ਕੀਤਾ ਹੋਵੇ, ਉਹ ਦਰਸ਼ਨ ਦੇਣ ਵਿਚ ਦੇਰ ਕਿਵੇਂ ਕਰ ਸਕਦਾ ਹੈ ? ਉਸ ਵੇਲੇ ਪ੍ਰਤੱਖ ਰੂਪ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਦਰਸ਼ਨ ਦਿਤੇ ਤੇ ਬਚਨ ਕੀਤਾ, "ਮਸਤਾਨੀਏ ਸੰਤਾਂ ਦੀ ਬਾਂਹ ਛੱਡ ਦੇ।" ਮਸਤਾਨੀ ਇਹ ਕੌਤਕ ਵੇਖਕੇ ਥਰ-ਥਰ ਕੰਬਣ ਲਗ ਪਈ ਤੇ ਸਤਿਗੁਰਾਂ ਦੇ ਚਰਨਾਂ ਤੇ ਡਿਗ ਪਈ ਤੇ ਤਰਲੇ, ਮਿੰਨਤਾਂ, ਅਰਜੋਈਆਂ ਕਰਕੇ ਭੁੱਲਾਂ ਬਖਸ਼ਾਣ ਲਗੀ, ਤਾਂ ਸੰਤ ਜੀ ਨੇ ਹੁਕਮ ਕੀਤਾ, "ਬੀਬੀ, ਚਲੀ ਜਾਹ, ਜਾਂ ਪਿਛੇ-ਪਿਛੇ ਟੁਰੀ ਆ।'

ਆਪ ਜੀ ਵਡਾਲੇ ਸੰਧੂਆਂ ਦੇ ਪਹੁੰਚ ਗਏ ਤੇ ਬੀਬੀ ਪ੍ਰੇਮੋ ਵੀ ਹੁਕਮ ਅਨੁ-ਸਾਰ ਪਿਛੇ-ਪਿਛੇ ਟੁਰਦੀ ਵਡਾਲੇ ਪਹੁੰਚ ਗਈ। ਸੰਤਾਂ ਨੇ ਇਕ ਆਦਮੀ ਕੋਲੋਂ ਝੰਡਾ ਸਿੰਘ ਦਾ ਟਿਕਾਣਾ ਪੁਛਿਆ ਤੇ ਧਰਮਸ਼ਾਲਾ ਵਿਖੇ ਝੰਡਾ ਸਿੰਘ ਨੂੰ ਆਣ


Namdhari Elibrary NamdhariElibrary@gmail.com

ਦਰਸ਼ਨ ਦਿਤੇ। ਸੰਤ ਕੇਸਰ ਸਿੰਘ ਜੀ ਨੇ ਫੁਰਮਾਇਆ, "ਝੰਡਾ ਸਿੰਘ ਜੀ, ਤੁਹਾਡੀ ਪਤਨੀ ਗੁਜ਼ਰ ਗਈ ਹੋਈ ਹੈ, ਸੋ ਤੁਸੀਂ ਬੀਬੀ ਪ੍ਰੇਮੋ ਨਾਲ ਵਿਆਹ ਕਰਵਾ ਲਵੋ।" ਝੰਡਾ ਸਿੰਘ ਜੀ ਆਪ ਜੀ ਦੇ ਬਚਨ ਨੂੰ ਕਿਵੇਂ ਇਨਕਾਰ ਕਰ ਸਕਦੇ ਸਨ ? ਬੀਬੀ ਪ੍ਰੇਮੋ ਤੇ ਝੰਡਾ ਸਿੰਘ ਦੋਵੇਂ ਚੁਪ ਚਾਪ ਸ਼ਾਂਤ ਖੜੇ ਸਨ। ਏਸੇ ਸ਼ਾਮ ਸਾਧ-ਸੰਗਤ ਵਿਚ ਇਨ੍ਹਾਂ ਦਾ ਅਰਦਾਸਾ ਕੀਤਾ ਗਿਆ ਤੇ ਸੰਗਤ ਨੇ ਜੈਕਾਰਾ ਬੁਲਾ ਦਿਤਾ। ਬੀਬੀ ਪ੍ਰੇਮੋ ਆਪਣੇ ਮਨ ਹੀ ਮਨ ਵਿਚ ਇਕ ਪਾਸੇ ਹੁਲਾਸ ਤੇ ਹਰਸ਼ ਦਾ ਅਨੁਭਵ ਕਰ ਰਹੀ ਸੀ, ਤੇ ਦੂਜੇ ਪਾਸੇ ਸੰਤਾਂ ਦੇ ਚਰਨਾਂ ਵਿਚ ਧਿਆਨ ਮਗਨ ਹੋਕੇ ਕੋਟਾਨ ਕੋਟ ਧੰਨਵਾਦ।

Namdhari Elibrary NamdhariElibrary@gmail.com

## ਸੰਤ ਪ੍ਰਸਾਦਿ ਕਿਲਵਿਖ ਸਭਿ ਗਏ

ਵਡਾਲੇ ਜਾਣ ਤੋਂ ਪਿਛੋਂ ਸੰਤ ਕੇਸਰ ਸਿੰਘ ਜੀ ਡਸਕੇ ਦੀ ਧਰਤੀ ਨੂੰ ਜਾ ਭਾਗ ਲਾਇਆ। ਏਥੇ ਸੇਠ ਮੇਹਰ ਸਿੰਘ ਜੀ ਦੇ ਘਰ ਗਏ ਅਤੇ ਇਨ੍ਹਾਂ ਦੇ ਦਾਦਾ ਸੇਠ ਹੁਕਮ ਸਿੰਘ ਜੀ ਨੂੰ ਦਰਸ਼ਨ ਦਿਤੇ। ਸੰਤਾਂ ਦਾ ਦਰਸ਼ਨ ਕਰਕੇ ਸੇਠ ਹੁਕਮ ਸਿੰਘ ਜੀ ਬੜੇ ਪ੍ਰਸੰਨ ਹੋਏ ਕਿਉਂਕਿ ਉਹ ਆਪ ਭੀ ਬਹੁਤ ਭਜਨ ਕਰਦੇ ਤੇ ਸੰਤਾਂ ਦੇ ਬਹੁਤ ਸੇਵਕ ਸਨ। ਹਿਰਦੇ ਵਿਚ ਅਨੰਤ ਖੁਸ਼ੀਆਂ ਦੀ ਲਹਿਰ ਦੌੜ ਗਈ। ਬੜੇ ਆਦਰ ਸਤਿਕਾਰ ਸਹਿਤ ਸੰਤਾਂ ਤੇ ਹੋਰ ਸਾਧ-ਸੰਗਤ ਦੀ ਸੇਵਾ ਕਰਕੇ ਬੜੀ ਨਿੰਮ੍ਰਤਾ ਸਹਿਤ ਭਾਈ ਹੁਕਮ ਸਿੰਘ ਨੇ ਅਰਜ਼ ਕੀਤੀ ਕਿ ਸੰਤ ਕੇਸਰ ਸਿੰਘ ਜੀ ਘਟੋ-ਘਟ ਇਕ ਮਹੀਨਾ ਉਨ੍ਹਾਂ ਦੇ ਘਰ ਦਰਸ਼ਨ ਦੇਣ। ਬਹੁਤਾ ਜ਼ੋਰ ਦੇਣ ਤੇ ਸੰਤਾਂ ਨੇ ਹੁਕਮ ਸਿੰਘ ਜੀ ਦੀ ਅਰਜ਼ ਪ੍ਰਵਾਨ ਕਰਦਿਆਂ ਫੁਰਮਾਇਆ, "ਇਕ ਸ਼ਰਤ ਉਤੇ ਮੈਂ ਰਹਿ ਸਕਦਾ ਹਾਂ ਕਿ ਮੈਨੂੰ ਸਾਧ-ਸੰਗਤ ਦੀ ਤਨ ਮਨ ਕਰਕੇ ਸੇਵਾ ਕਰਨ ਦੀ ਖੁਲ੍ਹ ਹੋਵੇ। ਜੇਕਰ ਸਾਡੇ ਕੋਲੋਂ ਸੇਵਾ ਕਰਵਾਉਗੇ ਤਾਂ ਮੈਂ ਇਥੇ ਜ਼ਰੂਰ ਰਹਾਂਗਾ।" ਹੁਕਮ ਸਿੰਘ ਜੀ ਨੇ ਹੱਥ ਜੋੜਕੇ ਅਰਜ਼ ਕੀਤੀ, "ਜਿਵੇਂ ਆਪ ਜੀ ਦੀ ਰਜ਼ਾ ਹੋਵੇ ਤਿਵੇਂ ਕਰ ਸਕਦੇ ਹੋ, ਪਰ ਮੈਨੂੰ ਸੇਵਾ ਕਰਨ ਦਾ ਸਮਾਂ ਬਖਸ਼ਦੇ ਰਹਿਣਾ।"

ਆਖਰ ਸੰਤ ਜੀ ਡਸਕੇ ਸੇਠ ਹੁਕਮ ਸਿੰਘ, ਮੇਹਰ ਸਿੰਘ ਦੇ ਘਰ ਰਹਿਣ ਲਗ ਪਏ।

ਸੰਤਾਂ ਨੇ ਸਾਰੀ ਰਾਤ ਆਪਣੇ ਪ੍ਰੀਤਮ ਪਿਆਰੇ ਸਤਿਗੁਰੂ ਜੀ ਦਾ ਧਿਆਨ ਧਰਕੇ ਰਸਨਾ ਨਾਲ ਇਕ ਰਸ ਨਾਮ ਸਿਮਰਨ ਕਰਨਾ ਅਤੇ ਸਾਰਾ ਦਿਨ ਲੰਗਰ ਵਿਚ ਜਲ ਢੋਣ ਅਤੇ ਜਲ ਛਕਾਉਣ ਦੀ ਸੇਵਾ ਕਰਨੀ। ਸੰਤਾਂ ਦੇ ਨਾਲ ਭਾਈ ਲਹਿਣਾ ਸਿੰਘ ਤੇ ਝੰਡਾ ਸਿੰਘ ਜੀ ਹਮੇਸ਼ਾਂ ਹੀ ਰਹਿੰਦੇ।

ਸੰਤ ਜੀ ਤੁਰਨ ਵੇਲੇ ਨੰਗੇ ਚਰਨੀਂ ਹੀ ਤੁਰਦੇ। ਸੰਤਾਂ ਦਾ ਵਿਚਾਰ ਹੁੰਦਾ ਕਿ ਜੋੜੇ ਨਾਲ ਤੁਰਦਿਆਂ ਕਈ ਜੀਵ ਜੰਤ, ਕੀੜੇ ਆਦਿਕ ਦਰੜੇ ਜਾਂਦੇ ਹਨ।

ਗੁਰਬਾਣੀ ਵਿਚ ਲਿਖੀ ਪੰਗਤੀ :

"ਮਨੁ ਸੰਤੋਖੁ ਸਰਬ ਜੀਅ ਦਇਆ"



Namdhari Elibrary NamdhariElibrary@gmail.com

ਦੀ ਪਾਲਨਾ ਦਾ ਅਸਲੀ ਰੂਪ ਸੰਤ ਜੀ ਬਣ ਚੁਕੇ ਹੋਏ ਸਨ। ਇਸ਼ਨਾਨ ਪਾਨ ਕਰਨ ਵੇਲੇ ਜਦ ਸੰਤ ਜੀ ਪਊਏ ਪਾਇਆ ਕਰਦੇ ਤਾਂ ਚਰਣ ਚੰਗੀ ਤਰ੍ਹਾਂ ਧੋ ਕੇ ਸਾਫ਼ ਕਰਕੇ ਫਿਰ ਪਊਏ ਪਾਉਂਦੇ।

ਆਪਣੀ ਸੁਭਾਵ ਅਤੇ ਕੀਤੇ ਬਚਨ ਅਨੁਸਾਰ ਜਿਥੇ ਹੱਥਾਂ ਕਰਕੇ ਸਭ ਦੀ ਸੇਵਾ ਕਰਦੇ ਰਹਿੰਦੇ ਓਥੇ ਸੰਤਾਂ ਦੀ ਅੰਤਰ ਬਿਰਤੀ ਹਰ ਵਕਤ ਸਰਬ ਵਿਆਪੀ ਸਰਬ ਪ੍ਰਤਿਪਾਲਕ ਅਕਾਲਪੁਰਖ ਸਤਿਗੁਰੂ ਦੇ ਚਰਨਾਂ ਵਿਚ ਹੀ ਲਗੀ ਰਹਿਦੀ।

ਕਦੇ-ਕਦੇ ਆਪਣੇ ਰਗ ਵਿਚ ਰਤੇ ਹੋਏ ਇਹ ਪੰਗਤੀ ਪੜ੍ਹਿਆ ਕਰਦੇ :

"ਏਕ ਨਿਮਖ ਜੇ ਬਿਸਰੈ ਸੁਆਮੀ,
ਜਾਨਹੁ ਕੋਟਿ ਦਿਵਸੁ ਲਖ ਬਰੀਆ"

ਜਦੋਂ ਕਦੇ ਬਾਹਰ ਜਾਂਦੇ ਤਾਂ ਲਹਿਣਾ ਸਿੰਘ ਤੇ ਝੰਡਾ ਸਿੰਘ ਨੂੰ ਆਖਿਆ ਕਰਦੇ, "ਭਾਈ, ਤੁਰਨ ਵਲ ਮਰ ਤੋਂ ਅਗੇ ਜਾਂ ਪਿਛੇ ਹਟਵੇਂ ਰਹਿਆ ਕਰੋ, ਇਕੱਠੇ ਤੁਰਿਆਂ ਬਿਰਤੀ ਵਿਚ ਫ਼ਰਕ ਪੈਂਦਾ ਰਹਿੰਦਾ ਹੈ।"

ਇਕ ਦਿਨ ਰਾਤ ਸਮੇਂ ਸਤ ਜੀ ਬਹੁਤ ਬੇਚੈਨ ਨਜ਼ਰ ਆ ਰਹੇ ਸਨ। ਸੇਠ ਹੁਕਮ ਸਿੰਘ ਨੇ ਇਸ ਬੇਚੈਨੀ ਦਾ ਕਾਰਨ ਪੁਛਿਆ। ਸੰਤਾਂ ਨੇ ਫੁਰਮਾਇਆ, "ਅਜ ਸਾਨੂੰ ਸੰਤ ਸੋਹਣ ਸਿੰਘ ਚਕਰੀ (ਪਿੰਡ) ਵਾਲਾ ਇਕ ਘੜੀ ਵੀ ਆਰਾਮ ਨਹੀਂ ਕਰਨ ਦਿਦਾ। ਭਲਾ ਦਿਨ ਨਹੀਂ ਸੀ ਚੜ੍ਹਨਾ ?"

ਦੂਜੇ ਪਾਸੇ ਸੋਹਣ ਸਿੰਘ, ਜਿਸਨੇ ਸੰਤਾਂ ਤੋਂ ਭਜਨ ਪੁਛਿਆ ਹੋਇਆ ਸੀ ਤੇ ਸੰਤਾਂ ਉਤੇ ਪੂਰਨ ਭਰੋਸਾ ਰਖਦਾ ਸੀ, ਨੂੰ ਆਪਣੇ ਨਗਰ 'ਚ ਬਹੁਤ ਜ਼ੋਰ ਦਾ ਬੁਖਾਰ ਚੜ੍ਹਿਆ ਹੋਇਆ ਸੀ, ਸਾਹਮਣੇ ਜਮ ਵਿਖਾਲੀ ਦੇ ਰਹੇ ਸਨ। ਇਸ ਹਾਲਤ ਵਿਚ ਸੋਹਣ ਸਿੰਘ ਸੰਤਾਂ ਨੂੰ ਸਵਾਸ-ਸਵਾਸ ਯਾਦ ਕਰ ਰਹਿਆ ਸੀ, "ਸੰਤ ਜੀ, ਆ ਕੇ ਮੇਰੀ ਰਖਿਆ ਕਰੋ।"

ਇਸ ਵਕਤ ਸੋਹਣ ਸਿੰਘ ਨੇ ਮਨ ਵਿਚ ਸੋਚਿਆ, "ਜਦ ਮੈਂ ਸ੍ਰੀ ਸਤਿਗੁਰੂ ਰਾਮ ਸਿੰਘ ਦਾ ਭਜਨ ਪੁਛਿਆ ਹੋਇਆ ਹੈ, ਤਾਂ ਇਹ ਜਮ ਮੈਨੂੰ ਵਿਖਾਲੀ ਕਿਉਂ ਦਿੰਦੇ ਹਨ। ਭਜਨ ਪੁਛਣ ਤੋਂ ਬਾਦ ਜਮਾਂ ਦਾ ਮੇਰੇ ਨਾਲ ਕੀ ਕੰਮ ਹੈ ?"

ਬੁਖਾਰ ਦੇ ਜ਼ੋਰ ਵਿਚ ਜਦ ਸੋਹਣ ਸਿੰਘ ਨੂੰ ਇਹ ਸੋਚ ਆਈ ਉਸੇ ਵਕਤ ਜਮ ਤਾਂ ਅਲੋਪ ਹੋ ਗਏ ਤੇ ਸਾਧੂ ਮਹਾਤਮਾ ਸਾਹਮਣੇ ਆ ਗਏ ਅਤੇ ਇਹ ਗੁਰੂ ਵਾਕ ਪੂਰਾ ਹੁੰਦਾ ਨਜ਼ਰ ਆਇਆ ਕਿ :

"ਸੁਣਿ ਕੈ ਜਮ ਕੇ ਦੂਤ ਨਾਇ ਤੇਰੈ ਛਡਿ ਜਾਹਿ"


Namdhari Elibrary NamdhariElibrary@gmail.com

ਇਸ ਦੇ ਨਾਲ ਹੀ ਸੋਹਣ ਸਿੰਘ ਨੂੰ ਵਿਸ਼ਵਾਸ ਹੋ ਗਿਆ ਕਿ "ਹੁਣ ਮੇਰਾ ਆਖਰੀ ਸਮਾਂ ਆ ਗਿਆ ਹੈ। ਇਸ ਵਾਸਤੇ ਮਰਨ ਤੋਂ ਪਹਿਲਾਂ ਸੰਤਾਂ ਚਵਿੰਡੇ ਵਾਲਿਆਂ ਦਾ ਦਰਸ਼ਨ ਹੋ ਜਾਂਦਾ ਤਾਂ ਚੰਗਾ ਸੀ, ਮੈਨੂੰ ਦਰਸ਼ਨ ਕਰਨ ਦੀ ਤਾਂਘ ਵੀ ਨਾ ਰਹਿੰਦੀ।"

ਇਸ ਭਾਵਨਾ ਕਰਕੇ ਸੋਹਣ ਸਿੰਘ ਜੀ ਸੰਤਾਂ ਨੂੰ ਬਹੁਤ ਤੀਬਰਤਾ ਨਾਲ ਯਾਦ ਕਰ ਰਹੇ ਸਨ ਤੇ ਘੜੀ-ਘੜੀ ਸੰਤਾਂ ਦਾ ਨਾਮ ਲੈ ਕੇ ਆਖ ਰਹੇ ਸਨ,

"ਬੂਡ ਮੂਏ ਨਉਕਾ ਮਿਲੇ ਕਹੁ ਕਾਹੇ ਚਢਾਵਹੁ"

ਸਗੋਂ : "ਪ੍ਰਾਣ ਗਏ ਸਾਗਰ ਮਿਲੇ ਫੁਨਿ ਕਾਮ ਨ ਆਵੈ"

"ਸੰਤ ਜੀ, ਬਹੁੜੀ ਕਰੋ, ਦਰਸ਼ਨ ਦੇਵੋ।"

ਸੋਹਣ ਸਿੰਘ ਸੰਤਾਂ ਦਾ ਧਿਆਨ ਧਰਕੇ ਸੱਚੇ ਦਿਲੋਂ ਪੁਕਾਰ ਕਰ ਰਹਿਆ ਸੀ। ਉਸਨੂੰ ਯਾਦ ਸੀ ਤੇ ਵਿਸ਼ਵਾਸ ਸੀ ਕਿ ਸੱਚੇ ਦਿਲ ਨਾਲ ਕੀਤੀ ਅਰਦਾਸ ਕਦੇ ਬਿਰਥੀ ਨਹੀਂ ਜਾਂਦੀ। ਇਸ ਤਰ੍ਹਾਂ ਸੋਹਣ ਸਿੰਘ ਦੀ ਤਾਂਘ ਨੇ ਦੂਸਰੇ ਪਾਸੇ ਸੰਤਾਂ ਨੂੰ ਬੇਚੈਨ ਕਰ ਰਖਿਆ ਸੀ।

ਰਾਤ ਦੇ ਦਸ ਵਜੇ ਦਾ ਸਮਾਂ ਸੀ। ਸੰਤਾਂ ਨੇ ਉਸੇ ਵਕਤ ਭਾਈ ਲਹਿਣਾ ਸਿੰਘ ਤੇ ਝੰਡਾ ਸਿੰਘ ਨੂੰ ਨਾਲ ਲੈਕੇ, ਗਿਆਰਾਂ ਕੋਹਾਂ ਦਾ ਪੈਂਡਾ ਕਰਕੇ ਚਕਰੀ (ਸੋਹਣ ਸਿੰਘ ਦੇ ਪਿੰਡ) ਪਹੁੰਚ ਗਏ।

ਪਿੰਡ ਦੇ ਬਾਹਰ ਵਾਰ ਬੈਠ ਕੇ ਲਹਿਣਾ ਸਿੰਘ ਨੂੰ ਫੁਰਮਾਇਆ, "ਭਾਈ, ਤੂੰ ਸੋਹਣ ਸਿੰਘ ਦੇ ਘਰ ਜਾ ਕੇ ਉਸਨੂੰ ਏਥੇ ਹੀ ਸੱਦ ਲਿਆ।"

ਜਦ ਭਾਈ ਲਹਿਣਾ ਸਿੰਘ ਹੁਕਮ ਮੰਨ ਕੇ ਸੋਹਣ ਸਿੰਘ ਦੇ ਘਰ ਪਹੁੰਚੇ ਤਾਂ ਅਗੇ ਸੋਹਣ ਸਿੰਘ ਬੇਹੋਸ਼ ਪਿਆ ਸੀ ਤੇ ਪਰਵਾਰ ਦੇ ਸਾਰੇ ਇਸਤ੍ਰੀਆਂ ਮਰਦ ਇਨ੍ਹਾਂ ਦੇ ਚਾਰ ਚੁਫੇਰੇ ਬੜੀ ਸਹਿਮੀ ਹੋਈ ਹਾਲਤ ਵਿਚ ਬੈਠੇ ਸਨ। ਲਹਿਣਾ ਸਿੰਘ ਨੇ ਸਾਰਿਆਂ ਨੂੰ ਪਿਛਾਂਹ ਕਰਕੇ ਪਹਿਲਾਂ ਖੜੇ ਖਲੋਤਿਆਂ ਹੀ ਸੋਹਣ ਸਿੰਘ ਦਾ ਨਾਮ ਲੈ ਕੇ ਆਵਾਜ਼ ਦਿਤੀ ਪਰ ਸੋਹਣ ਸਿੰਘ ਨੇ ਕੋਈ ਹੁੰਗਾਰਾ ਨਾ ਭਰਿਆ ਫਿਰ ਲਹਿਣਾ ਸਿੰਘ ਨੇ ਮੰਜੇ ਦੇ ਸਰ੍ਹਾਣੇ ਵਲ ਬੈਠਕੇ ਸੋਹਣ ਸਿੰਘ ਦੇ ਕੰਨ ਵਿਚ ਜ਼ਰਾ ਜ਼ੋਰ ਨਾਲ ਆਵਾਜ਼ ਮਾਰੀ ਤਾਂ ਸੋਹਣ ਸਿੰਘ ਨੇ ਅੱਖ ਪੁਟਕੇ ਵੇਖਿਆ ਕਿ ਲਹਿਣਾ ਸਿੰਘ ਉਨ੍ਹਾਂ ਦੇ ਪਾਸ ਬੈਠਾ ਸੀ। ਲਹਿਣਾ ਸਿੰਘ ਨੇ ਵੀ ਜਦ ਡਿਠਾ ਕਿ ਇਸਨੇ ਉਨ੍ਹਾਂ ਨੂੰ ਪਛਾਣ ਲਿਆ ਹੈ ਤਾਂ ਇਸਨੇ ਫਿਰ ਉੱਚੀ ਸਾਰੀ ਸੰਤਾਂ ਦਾ ਸੁਨੇਹਾ ਸੁਣਾਇਆ, "ਸੰਤ ਖੂਹ ਉਤੇ ਆਏ ਹੋਏ ਹਨ ਤੇ ਤੁਹਾਨੂੰ ਉਥੇ ਸਦਿਆ ਹੈ।"



Namdhari Elibrary NamdhariElibrary@gmail.com

ਸੰਤਾਂ ਦਾ ਸੁਨੇਹਾ ਸੁਣਦੇ ਸਾਰ ਪਤਾ ਨਹੀਂ ਸੋਹਣ ਸਿੰਘ ਦੀ ਬੇਹੋਸ਼ੀ ਕਿਧਰ ਗਈ ਤੇ ਬੁਖਾਰ ਕਿਧਰ। ਜਿਵੇਂ ਬੰਦਾ ਸੁਤਾ ਉਠ ਕੇ ਬੈਠ ਜਾਂਦਾ ਹੈ, ਸੋਹਣ ਸਿੰਘ ਅੰਗੜਾਈ ਲੈ ਕੇ ਉਠ ਕੇ ਬੈਠ ਗਿਆ ਤੇ ਲਹਿਣਾ ਸਿੰਘ ਨੂੰ ਸਤਿ ਸ੍ਰੀ ਅਕਾਲ ਬੁਲਾਈ ਤੇ ਪੁਛਿਆ, "ਸੰਤ ਕਦੋਂ ਦੇ ਖੂਹ ਤੇ ਆਏ ਹੋਏ ਹਨ।" ਲਹਿਣਾ ਸਿੰਘ ਦਸਿਆ, "ਰਾਤ ਨੂੰ ਦਸ ਯਾਰਾਂ ਵਜੇ ਅਸੀਂ ਡਸਕੇ ਤੋਂ ਤੁਰੇ ਸਾਂ। ਏਥੇ ਪਤਾ ਨਹੀਂ ਕਦੋਂ ਦੇ ਆਏ ਹੋਏ ਹਾਂ। ਖੂਹ ਤੇ ਆਉਂਦਿਆਂ ਹੀ ਸੰਤਾਂ ਨੇ ਤੁਹਾਨੂੰ ਸੱਦਣ ਲਈ ਭੇਜ ਦਿਤਾ ਹੈ।" ਬਸ ਫਿਰ ਕੀ ਸੀ।

"ਸਾਧੂ ਕੇ ਸੰਗ ਪਾਪ ਪਲਾਇਣ"

ਵਾਲੀ ਦਸ਼ਾ ਮੂਰਤੀ ਮਾਨ ਹੋ ਗਈ।

ਲਹਿਣਾ ਸਿੰਘ ਤੇ ਸੋਹਣ ਸਿੰਘ ਦੀਆਂ ਪਰਸਪਰ ਗੱਲਾਂ ਨਾਲ ਸੋਹਣ ਸਿੰਘ ਦੀ ਹਾਲਤ ਸੁਧਰੀ ਹੋਈ ਵੇਖਕੇ ਪਰਵਾਰ ਦੇ ਸਾਰੇ ਜੀਅ ਹੈਰਾਨ ਤੇ ਪ੍ਰਸੰਨ ਹੋ ਰਹੇ ਸਨ ਕਿ ਇਤਨੀ ਛੇਤੀ ਸੋਹਣ ਸਿੰਘ ਨੂੰ ਹੋਸ਼ ਕਿਵੇਂ ਆ ਗਈ ਤੇ ਬੁਖਾਰ ਕਿਵੇਂ ਲੱਥ ਗਿਆ। ਥੋੜੇ ਚਿਰ ਵਿਚ ਹੀ ਸੋਹਣ ਸਿੰਘ ਸੰਤਾਂ ਵਲ ਜਾਣ ਲਈ ਤਿਆਰ ਹੋ ਗਿਆ ਤੇ ਸਹਿਜੇ ਸਹਿਜੇ ਲਹਿਣਾ ਸਿੰਘ ਨਾਲ ਟੁਰਕੇ ਸੰਤਾਂ ਦੇ ਜਾ ਦਰਸ਼ਨ ਕੀਤੇ। ਸੰਤਾਂ ਦੇ ਚਰਨਾਂ ਉਤੇ ਭਾਵਨਾ ਸਹਿਤ ਮੱਥਾ ਟੇਕਿਆ ਤੇ ਭੰਵਰ ਦੀ ਤਰ੍ਹਾਂ ਚਰਨਾਂ ਦੇ ਨਾਲ ਹੀ ਲਿਪਟ ਗਏ ਅਤੇ ਲਗੇ ਬੇਨਤੀਆਂ ਕਰਨ :

"ਸੰਤ ਜੀ, ਜਾਂ ਤਾਂ ਮੈਨੂੰ ਆਪਣੀ ਹੱਥੀਂ ਹੁਣੇ ਤੋਰ ਜਾਵੋ ਜਾਂ ਨਵੀਂ ਤਾਰੀਖ ਪਾ ਦਿਓ, ਮੈਂ ਤੁਹਾਡੇ ਦਰਸ਼ਨ ਕਰਦਿਆਂ ਹੀ ਜਾਣਾ ਚਾਹੁੰਦਾ ਹਾਂ।"

ਸੰਤਾਂ ਨੇ ਅਰਜ਼ ਸੁਣ ਕੇ ਉੱਚੀ ਬਾਂਹ ਕਰਕੇ ਬੋਲਾ ਕੀਤਾ, "ਜਾਹ ਤੇਰੀ ਲੰਬੀ ਤਾਰੀਖ ਪਾ ਦਿਤੀ ਹੈ। ਪਰ ਇਹ ਗੱਲ ਯਾਦ ਰਖੀਂ ਕਿ ਤਾਰੀਖ ਪਾਉਣ ਵਾਲੀ ਬਾਂਹ ਮੇਰੇ ਸਤਿਗੁਰੂ ਰਾਮ ਸਿੰਘ ਜੀ ਦੀ ਹੈ, ਅਤੇ ਇਸ ਬਾਪ ਬੀਠੁਲ ਦੀ ਬਾਂਹ ਅਗੇ ਕਿਲਵਿਖ ਕਿਵੇਂ ਠਹਿਰ ਸਕਦੇ ਹਨ। ਪਰ ਵੇਖੀਂ ਕਿਧਰੇ ਸਤਿਗੁਰੂ ਨੂੰ ਨਾ ਭੁਲ ਜਾਵੀਂ।" ਸੋਹਣ ਸਿੰਘ ਨੇ ਹੱਥ ਜੋੜਕੇ ਬੇਨਤੀ ਕੀਤੀ, "ਸੰਤ ਜੀ, ਇਹ ਕਿਰਪਾ ਵੀ ਆਪ ਹੀ ਨੇ ਕਰਨੀ ਹੈ, ਮੈਨੂੰ ਆਪਣਾ ਸੇਵਕ ਬਣਾਈ ਰਖਿਓ।"

ਸੋਹਣ ਸਿੰਘ ਨੇ ਪੁਛਿਆ, "ਮਹਾਰਾਜ, ਹੁਣ ਮੈਂ ਕੀ ਖਾਵਾਂ ?"

ਇਹ ਗੱਲ ਉਸਨੇ ਸੰਤਾਂ ਕੋਲੋਂ ਇੰਜ ਪੁਛੀ ਜਿਵੇਂ ਕਿਸੇ ਡਾਕਟਰ ਪਾਸੋਂ ਕੋਈ ਮਰੀਜ਼ ਬੀਮਾਰੀ ਦੇ ਹਟ ਜਾਣ ਬਾਦ ਪੁਛਦਾ ਹੈ ਕਿ ਹੁਣ ਮੈਂ ਕੀ ਪਰਹੇਜ਼ ਰਖਾਂ ?



Namdhari Elibrary NamdhariElibrary@gmail.com

ਸੰਤਾਂ ਨੇ ਬਚਨ ਕੀਤਾ, "ਭਾਈ, ਅੱਧਾ ਗੜਵਾ ਦੁਧ ਤੇ ਅੱਧਾ ਗੜਵਾ ਪਾਣੀ ਪਾਕੇ ਕੱਚੀ ਲੱਸੀ ਬਣਾ ਕੇ ਪੀ ਲਵੀਂ।" ਖੂਹ ਉਤੇ ਪਰਵਾਰ ਦੇ ਸਾਰੇ ਜੀਅ ਆ ਗਏ ਹੋਏ ਸਨ। ਜਦੋਂ ਸੰਤਾਂ ਨੇ ਕੱਚੀ ਲੱਸੀ ਪੀਣ ਵਾਲੀ ਦਵਾਈ ਦੱਸੀ ਤਾਂ ਇਕਦਮ ਸਾਰੇ ਪਰਿਵਾਰੀ ਤੇ ਹੋਰ ਲੋਕ ਆਖਣ ਲਗ ਪਏ ਕਿ ਜੇ ਅਗੇ ਸੋਹਣ ਸਿੰਘ ਨਹੀਂ ਮਰਿਆ ਤਾਂ ਹੁਣ ਜ਼ਰੂਰ ਮਰ ਜਾਏਗਾ। ਪਰ ਸੋਹਣ ਸਿੰਘ ਨੇ ਕਿਸੇ ਦੀ ਵੀ ਹੋਰ ਦੀ ਗੱਲ ਨ ਸੁਣੀ ਅਤੇ ਸੰਤਾਂ ਦੇ ਬਚਨ ਅਨੁਸਾਰ ਅੱਧਾ ਗੜਵਾ ਦੁਧ ਅਤੇ ਅੱਧਾ ਗੜਵਾ ਪਾਣੀ ਲੈ ਕੇ ਕੱਚੀ ਲੱਸੀ ਬਣਾ ਲਈ ਤੇ ਪੀਣ ਲਗ ਪਿਆ।

ਜਿਉਂ-ਜਿਉਂ ਲੱਸੀ ਪੀਂਦਾ ਜਾਵੇ--ਚੀਤੇ (ਪਿਸ਼ਾਬ) ਦੇ ਰਾਹੀਂ ਸਰੀਰ ਦੇ ਸਾਰੇ ਰੋਗ ਪਾਣੀ ਬਣਕੇ ਨਿਕਲ ਗਏ। ਸਗੋਂ ਸਾਰੇ ਲੋਕਾਂ ਦੇ ਵੇਖਦਿਆਂ-ਵੇਖਦਿਆਂ ਹੀ ਸਤਿਗੁਰੂ ਜੀ ਤੇ ਸੰਤਾਂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਸੋਹਣ ਸਿੰਘ ਦਾ ਸਰੀਰ ਕੰਚਨ ਵਾਂਗ ਅਰੋਗ ਹੋ ਗਿਆ। ਮਾਨੋ ਗੁਰਬਾਣੀ ਦਾ ਇਹ ਵਾਕ ਅੱਖਰ-ਅੱਖਰ ਪੂਰਾ ਹੋਇਆ, ਕਿ :

"ਸਾਧ ਕੈ ਸੰਗ ਕਿਲਵਿਖ ਸਭ ਗਏ"

ਇਹ ਸਾਰੇ ਬਚਨ ਬਿਲਾਸ ਕਰਨ ਪਿਛੋਂ ਸੋਹਣ ਸਿੰਘ ਨੇ ਬੇਨਤੀ ਕੀਤੀ, "ਮਹਾਰਾਜ, ਕ੍ਰਿਪਾ ਕਰਕੇ ਘਰ ਦਰਸ਼ਨ ਦਿਓ, ਲੰਗਰ ਕਰੋ।"

ਸੰਤਾਂ ਬਚਨ ਕੀਤਾ, "ਸੋਹਣ ਸਿੰਘ, ਤੂੰ ਸਾਨੂੰ ਆਪਣੀ ਬੀਮਾਰੀ ਦੀ ਨਵਿਰਤੀ ਵਾਸਤੇ ਦਵਾਈ ਦੇਣ ਲਈ ਹੀ ਸਦਿਆ ਹੈ। ਸੋ ਤੇਰਾ ਬਚਨ ਮੰਨ ਕੇ ਅਸੀਂ ਏਥੇ ਆਏ, ਤੇ ਤੇਰੇ ਉਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬਖਸ਼ਿਸ਼ ਕੀਤੀ ਹੈ। ਹੁਣ ਤੇਰਾ ਸਰੀਰ ਅਰੋਗ ਹੈ। ਤੂੰ ਸਾਨੂੰ ਲੰਗਰ ਵਾਸਤੇ ਸਦਿਆ ਨਹੀਂ ਸੀ, ਇਸ ਵਾਸਤੇ ਅਜ ਤੇਰਾ ਲੰਗਰ ਨਹੀਂ ਛਕਣਾ। ਜਦ ਕਦੇ ਫਿਰ ਲੰਗਰ ਵੀ ਛਕ ਲਵਾਂਗੇ।"

ਇਸ ਤਰ੍ਹਾਂ ਦੇ ਪ੍ਰਸੰਨਤਾ ਸਹਿਤ ਬਚਨ ਬਿਲਾਸ ਕਰਦੇ ਹੋਏ ਸੰਤ ਚਵਿੰਡੇ ਵਾਲੇ, ਲਹਿਣਾ ਸਿੰਘ ਤੇ ਝੰਡਾ ਸਿੰਘ ਸਮੇਤ ਵਾਪਸ ਡਸਕੇ ਨੂੰ ਆ ਗਏ।

ਡਸਕੇ ਵਿਚ ਸੇਠ ਹੁਕਮ ਸਿੰਘ ਤੇ ਸਤਿਸੰਗੀ ਸੁਭਾਵ ਕਾਰਨ ਸੰਤ ਜੀ ਮਹੀਨੇ ਦੀ ਥਾਂ ਪੂਰਾ ਇਕ ਸਾਲ ਟਿਕੇ ਰਹੇ ਤੇ ਜਲ ਭਰਨ ਤੇ ਛਕਾਉਣ ਦੀ ਸੇਵਾ ਕਰਦੇ ਰਹੇ। ਸਾਲ ਪੂਰਾ ਹੋ ਜਾਣ ਤੇ ਸੰਤਾਂ ਨੇ ਇਕ ਦਿਨ ਸੇਠ ਹੁਕਮ ਸਿੰਘ ਨਾਲ ਬਚਨ ਕੀਤਾ, "ਸੇਠ ਜੀ, ਅਜੇ ਤੁਹਾਡਾ ਮਹੀਨਾ ਪੂਰਾ ਹੋਇਆ ਹੈ ਕਿ ਨਹੀਂ।" ਹੁਕਮ ਸਿੰਘ ਨੇ ਹੱਥ ਜੋੜਕੇ ਬੇਨਤੀ ਕੀਤੀ, "ਮੇਰਾ ਚਿਤ ਕਰਦਾ ਹੈ ਕਿ ਇਹ ਮਹੀਨਾ ਜੁਗਾਂ ਪ੍ਰਯੰਤ ਹੀ ਪੂਰਾ ਨ ਹੋਵੇ।"



Namdhari Elibrary NamdhariElibrary@gmail.com

ਸੰਤਾਂ ਹੁਕਮ ਕੀਤਾ, "ਸੇਠ ਜੀ, ਸਤਿਗੁਰੂ ਤੁਹਾਡੀ ਭਾਵਨਾ ਸਦਾ ਵਾਸਤੇ ਹੀ ਇਹੋ ਜਿਹੀ ਬਣਾਈ ਰਖੇ। ਤੁਸੀਂ ਸਾਧ ਸੰਗਤ ਦੀ ਸੇਵਾ ਤਨ ਮਨ ਧਨ ਕਰਕੇ ਹਮੇਸ਼ਾਂ ਕਰਦੇ ਰਹੋ। ਸਤਿਗੁਰੂ ਤੁਹਾਡੇ ਤੇ ਕ੍ਰਿਪਾ ਕਰੇ ਅਤੇ ਤੁਸੀਂ ਉਸਦੀ ਰਜ਼ਾ ਅੰਦਰ ਰਹਿਕੇ ਖੁਸ਼ੀਆਂ ਮਾਣੋਂ। ਪਰ ਮੈਨੂੰ ਮੇਰਾ ਮਾਲਿਕ ਕਿਸੇ ਹੋਰ ਥਾਂ ਜਾਣ ਲਈ ਹੁਕਮ ਦੇ ਰਹਿਆ ਹੈ। ਇਸ ਵਾਸਤੇ ਬੀਤੇ ਹੋਏ ਸਮੇਂ ਵਿਚ ਕਿਸੇ ਵਾਧੇ ਘਾਟੇ ਬਚਨ ਦਾ ਧਿਆਨ ਨ ਰਖਣਾ ਤੇ ਖੁਸ਼ੀਆਂ ਰਖਣੀਆਂ।"

ਸੇਠ ਜੀ ਨੇ ਸਜਲ ਨੇਤਰਾਂ ਤੇ ਭਰੇ ਹੋਏ ਗਲੇ ਨਾਲ ਸੰਤਾਂ ਤੇ ਨਿਵਾਸ ਰੱਖਣ ਦਾ ਬਹੁਤ-ਬਹੁਤ ਧੰਨਵਾਦ ਕੀਤਾ ਅਤੇ ਸਾਰੇ ਪ੍ਰਵਾਰ ਨੇ ਬੜੇ ਅਦਬ ਸਤਿਕਾਰ ਨਾਲ ਸੰਤ ਕੇਸਰ ਸਿੰਘ ਜੀ ਨੂੰ ਆਪਣੇ ਘਰੋਂ ਵਿਦਿਆ ਕੀਤਾ ਤੇ ਫਿਰ ਵੀ ਦਰਸ਼ਨ ਦੇਣ ਦੀ ਅਰਦਾਸ ਕੀਤੀ। ਇਸ ਅਰਜ਼ ਦੀ ਪ੍ਰਵਾਨਗੀ ਅਨੁ-ਸਾਰ ਸਮੇਂ-ਸਮੇਂ ਸੰਤ ਜੀ ਪਿਛੋਂ ਵੀ ਡਸਕੇ ਦਰਸ਼ਨ ਦਿੰਦੇ ਰਹੇ।



Namdhari Elibrary NamdhariElibrary@gmail.com

# ਜਿਥੈ ਬੈਸਨਿ ਸਾਧ ਜਨ ਸੋ ਥਾਨ ਸੁਹੰਦਾ

ਗੁਜਰਾਂਵਾਲੇ ਦੀ ਧਰਤੀ ਕਿੰਨੀ ਭਾਗਾਂ ਵਾਲੀ ਸੀ। ਸੰਤ ਚਵਿੰਡੇ ਵਾਲਿਆਂ ਦੇ ਨਿਵਾਸ ਰਖਣ ਕਰਕੇ ਇਹ ਧੰਨਤਾ ਦੇ ਯੋਗ ਬਣ ਗਈ ਸੀ।

ਸਭ ਪਾਸੇ ਨਾਮ ਬਾਣੀ ਦੀ ਮਹਿਕ ਖਿਲਰ ਰਹੀ ਸੀ, ਕਿਉਂਕਿ ਅਧਿਆਤ-ਮਕ ਅਵਸਥਾ ਵਾਲੀਆਂ ਵਿਅਕਤੀਆਂ ਆਪਣੇ ਆਪ ਵਿਚ ਤਾਂ ਖੁਸ਼ਬੂ ਦਾ ਭੰਡਾਰ ਹੁੰਦੀਆਂ ਹੀ ਹਨ, ਪਰ ਉਨ੍ਹਾਂ ਵਿਚਲੀ ਸੁਗੰਧਤਾ ਕੇਵਲ ਉਹਨਾਂ ਤਕ ਹੀ ਸੀਮਿਤ ਨ ਰਹਿਕੇ ਦੂਰ-ਦੂਰ ਦੇ ਵਾਤਾਵਰਨ ਨੂੰ ਖੁਸ਼ਬੂਦਾਰ ਬਣਾ ਦਿੰਦੀ ਹੈ। ਉਨ੍ਹਾਂ ਦੀ ਰੂਹਾਨੀਅਤ ਦੀਆਂ ਤੇਜ ਪਰਜਵਲਿਤ ਕਿਰਨਾਂ ਉਨ੍ਹਾਂ ਦੇ ਨੂਰਾਨੀ ਚਿਹਰੇ ਨੂੰ ਝਿਲ-ਮਿਲ, ਝਿਲ-ਮਿਲ ਪ੍ਰਕਾਸ਼ ਪ੍ਰਦਾਨ ਕਰਦੀਆਂ ਅਤੇ ਆਪਣੇ ਚਾਰ ਚੁਫੇਰੇ, ਬਹੁਤ ਦੂਰ ਤਕ, ਅੱਖਾਂ ਨੂੰ ਚੁੰਧਿਆਉਣ ਵਾਲੇ ਪ੍ਰਕਾਸ਼ ਵਾਂਗ ਫੈਲ-ਦੀਆਂ ਹਨ।

ਡਸਕੇ ਤੋਂ ਚਲਕੇ ਸੰਤ ਕੇਸਰ ਸਿੰਘ ਜੀ ਆਪਣੇ ਦੋਹਾਂ ਸਾਥੀਆਂ, ਭਾਈ ਲਹਿਣਾ ਸਿੰਘ ਤੇ ਭਾਈ ਝੰਡਾ ਸਿੰਘ, ਸਮੇਤ ਗੁਜਰਾਂਵਾਲੇ ਦੀ ਧਰਤੀ ਨੂੰ ਆ ਭਾਗ ਲਾਇਆ। ਸੰਤਾਂ ਨੇ ਆਪਣਾ ਡੇਰਾ ਸੰਤ ਗੁਰਦਿਤ ਸਿੰਘ ਜੀ ਘਿਉ ਵਾਲਿਆਂ ਦੀ ਦੁਕਾਨ ਤੇ ਲਾਇਆ।

ਸੂਬਾ ਗੰਡਾ ਸਿੰਘ ਜੀ ਦਸਦੇ ਸਨ, ਕਿ ਬਚਪਨ ਤੋਂ ਹੀ ਉਨ੍ਹਾਂ ਨੂੰ ਸਾਧ-ਸੰਗਤ ਦੀ ਸੇਵਾ ਕਰਨ ਦਾ ਬੜਾ ਸ਼ੌਕ ਸੀ। ਗੁਰਦਵਾਰੇ ਜਾਕੇ ਜਲ ਛਕਾਉਣ ਦੀ ਸੇਵਾ ਕਰਨ ਵਿਚ ਉਨ੍ਹਾਂ ਨੂੰ ਖਾਸ ਸੁਆਦ ਆਉਂਦਾ ਸੀ। ਖਾਸ ਕਰਕੇ ਹਰ ਮਹੀਨੇ ਏਮਨਾਬਾਦ, ਰੋੜੀ ਸਾਹਿਬ ਗੁਰਦੁਆਰੇ, ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਸੇ ਵਕਤ ਰੋੜਾਂ ਦੀ ਵਿਛਾਈ ਕੀਤੀ ਸੀ, ਜਿਥੇ ਗੁਰੂ ਜੀ ਨੇ ਭਾਈ ਲਾਲੋ ਦੇ ਘਰੋਂ ਕੋਧਰੇ ਦਾ ਪ੍ਰਸ਼ਾਦਾ ਛਕਿਆ ਤੇ ਮਲਕ ਭਾਗੋ ਦੀਆਂ ਪੂਰੀਆਂ ਕਚੌਰੀਆਂ ਵਿਚੋਂ ਪਾਪ ਦੀ ਕਮਾਈ ਦਾ ਲਹੂ ਕਢਕੇ ਵਿਖਾਇਆ ਸੀ, ਉਥੇ ਜਾਕੇ ਸੇਵਾ ਕਰਦੇ ਹੁੰਦੇ ਸਨ।

ਗੁਜਰਾਂਵਾਲੇ ਦੀ ਸੰਗਤ ਪੂਰਨਮਾਸ਼ੀ ਵਾਲੇ ਦਿਨ ਏਮਨਾਂਬਾਦ ਯਥਾ ਯੋਗ ਸੇਵਾ ਕਰਦੀ। ਸੂਬਾ ਜੀ ਵੀ ਆਪਣੇ ਮਿੱਤਰਾਂ ਤੇ ਸਾਥੀਆਂ ਭਾਈ ਨੱਥਾ ਸਿੰਘ,



Namdhari Elibrary NamdhariElibrary@gmail.com

ਮਲਕਿਆਂ ਵਾਲੇ ਜੀਉਣ ਸਿੰਘ, ਸ਼ੇਰ ਸਿੰਘ ਆਦਿਕਾਂ ਨਾਲ ਹਰ ਮਹੀਨੇ ਏਮਨਾਂ-ਬਾਦ ਨੂੰ ਜਾਇਆ ਕਰਦੇ ਸਨ।

ਸਟੇਸ਼ਨ ਜਾਣ ਵੇਲੇ ਕਣਕ ਮੰਡੀ ਵਿਚੋਂ ਲੰਘਣ ਦਾ ਅਵਸਰ ਪ੍ਰਾਪਤ ਹੁੰਦਾ ਅਤੇ ਮੰਡੀ ਵਿਚੋਂ ਲੰਘਦਿਆਂ ਹਮੇਸ਼ਾਂ ਹੀ ਇਕ ਮਹਾਨ ਸ਼ਖਸੀਅਤ ਨੇ ਆਪਣੇ ਨੂਰਾਨੀ ਜਲਵੇ ਨਾਲ ਉਨ੍ਹਾਂ ਨੂੰ ਪ੍ਰਭਾਵਿਤ ਕਰਨਾ ਪਰ ਉਨ੍ਹਾਂ ਨੇ ਚੁਪ ਚਾਪ ਕੋਲੋਂ ਦੀ ਲੰਘ ਜਾਣਾ ਤੇ ਸੋਚਣਾ ਕਿ ਇਹ ਬਜ਼ੁਰਗ ਸ਼ਾਇਦ ਭਾਈ ਗੁਰਦਿਤ ਸਿੰਘ ਦੇ ਬਾਪੂ ਜੀ ਹਨ।

ਇਕ ਵਾਰੀ ਸੂਬਾ ਜੀ ਤੇ ਨੱਥਾ ਸਿੰਘ ਜੀ ਏਮਨਾਂਬਾਦ ਗੁਰਦੁਆਰੇ ਸੇਵਾ ਕਰਕੇ ਸ਼ਾਮ ਨੂੰ ਜਦੋਂ ਬੈਠੇ ਤਾਂ ਨੱਥਾ ਸਿੰਘ ਜੀ ਨੇ ਪੁਛਿਆ, "ਗੰਡਾ ਸਿੰਘ ਜੀ, ਤੁਸੀਂ ਭਜਨ ਪੁਛਿਆ ਹੋਇਆ ਏ ?" ਸੂਬਾ ਜੀ ਦਸਿਆ ਕਿ ਅਜੇ ਤਕ ਉਨ੍ਹਾਂ ਭਜਨ ਨਹੀਂ ਪੁਛਿਆ। ਨੱਥਾ ਸਿੰਘ ਨੇ ਆਖਿਆ, "ਬੜੀ ਕਜੀਬ ਗਲ ਹੈ ਭਾਈ, ਅਸੀਂ ਦੋ ਸਾਲਾਂ ਤੋਂ ਇਕੱਠੇ ਏਮਨਾਂਬਾਦ ਸੇਵਾ ਕਰਨ ਆਉਂਦੇ ਰਹੇ ਹਾਂ, ਪਰ ਇਹ ਗੱਲ ਤੂੰ ਮੈਨੂੰ ਕਦੇ ਵੀ ਨਹੀਂ ਦੱਸੀ। ਚਲ ਹੁਣ ਤੈਨੂੰ ਪਹਿਲਾਂ ਭਜਨ ਪੁਛਾਵਾਂ ਤੇ ਫੇਰ ਹੀ ਘਰ ਚਲਾਂਗੇ।" ਗੁਜਰਾਂਵਾਲੇ ਤੇ ਏਮਨਾਬਾਦ ਦੇ ਰਾਹ ਵਿਚ ਇਕ ਨਹਿਰ ਆਉਂਦੀ ਸੀ, ਜਦੋਂ ਨਹਿਰ ਕੋਲ ਪਹੁੰਚੇ ਤਾਂ ਉਥੇ ਖਰਬੂਜਿਆਂ ਦਾ ਢੇਰ ਲਗਾ ਵੇਖਕੇ ਨੱਥਾ ਸਿੰਘ ਨੇ ਉਨ੍ਹਾਂ ਨੂੰ ਕਹਿਆ, "ਜਾਓ, ਜਾ ਕੇ ਇਕ ਚੰਗਾ ਜਿਹਾ ਖਰਬੂਜਾ ਲੈ ਆਓ।" ਸੂਬਾ ਜੀ ਛੇਤੀ ਨਾਲ ਢੇਰ ਵਿਚੋਂ ਇਕ ਵਧੀਆ ਜਿਹਾ ਖਰਬੂਜਾ ਟਕੇ ਵਟੀ ਦੇ ਹਿਸਾਬ ਲੈ ਆਏ, ਤੇ ਖਰਬੂਜਾ ਲੈ ਕੇ ਨੱਥਾ ਸਿੰਘ ਗੁਰਦਿਤ ਸਿੰਘ ਹੋਰਾਂ ਦੀ ਦੁਕਾਨ ਉਤੇ ਪਹੁੰਚੇ। ਨੱਥਾ ਸਿੰਘ ਨੇ ਕਿਹਾ, "ਔਹ ਸੰਤ ਜੀ ਬੈਠੇ ਹਨ, ਜਾ ਕੇ ਪ੍ਰੇਮ ਨਾਲ ਮੱਥਾ ਟੇਕ ਲੈ।" ਖਰਬੂਜੇ ਨੂੰ ਬਾਹਰ ਹੀ ਰਖਕੇ, ਅੰਦਰ ਜਾਕੇ, ਸੰਤਾਂ ਦੇ ਚਰਨਾਂ ਤੇ ਗੰਡਾ ਸਿੰਘ ਜੀ ਨਮਸ-ਕਾਰ ਕੀਤੀ। ਸੰਤਾਂ ਨੇ ਇਕਦਮ ਨੱਥਾ ਸਿੰਘ ਨੂੰ ਕਿਹਾ, "ਭਾਈ ਨੱਥਾ ਸਿੰਘ, ਅਜ ਸਾਡਾ ਖਰਬੂਜਾ ਛੱਕਣ ਨੂੰ ਚਿਤ ਕਰਦਾ ਹੈ।" ਇਹ ਬਚਨ ਸੁਣਕੇ ਨੱਥਾ ਸਿੰਘ ਜੀ ਨੇ ਝਟ-ਪਟ ਖਰਬੂਜਾ ਅੰਦਰ ਲੈ ਆਉਣ ਲਈ ਆਖਿਆ। ਉਹ ਖਰਬੂਜਾ ਲਿਆ ਕੇ ਸੰਤਾਂ ਨੂੰ ਭੇਟਾ ਕਰ ਦਿਤਾ। ਫਿਰ ਸੰਤਾਂ ਨੇ ਨੱਥਾ ਸਿੰਘ ਨੂੰ ਖਰਬੂਜਾ ਧੋਣ ਵਾਸਤੇ ਹੁਕਮ ਕੀਤਾ ਤੇ ਆਖਿਆ ਕਿ ਇਸਨੂੰ ਧੋਕੇ ਇਸਦੇ ਪੰਜ ਹਿੱਸੇ ਕਰ ਦਿਓ। ਇਸ ਤਰ੍ਹਾਂ ਖਰਬੂਜੇ ਦੇ ਪੰਜ ਹਿੱਸੇ ਕਰਕੇ ਇਕ-ਇਕ ਹਿੱਸਾ ਸੰਤਾਂ ਤੇ ਨੱਥਾ ਸਿੰਘ ਨੂੰ, ਇਕ ਹਿੱਸਾ ਆਪ ਲਿਆ ਤੇ ਇਕ ਹਿੱਸਾ ਗੁਰਦਿਤ ਸਿੰਘ ਨੂੰ ਅਤੇ ਇਕ ਹਿੱਸਾ ਪਾਸ ਬੈਠੇ ਹੋਰ ਸਰੀਰ ਨੂੰ ਦਿਵਾਇਆ। ਸੂਬਾ ਜੀ ਨੂੰ ਭੇਟਾ ਪ੍ਰਵਾਨ ਹੋ ਜਾਣ ਦੀ ਬਹੁਤ ਖੁਸ਼ੀ ਹੋਈ।

ਸੂਬਾ ਜੀ ਨੇ ਆਪਣੇ ਧੰਨ ਭਾਗ ਸਮਝੇ ਤੇ ਇੰਝ ਮਹਿਸੂਸ ਕੀਤਾ, ਜ਼ਿਵੇਂ



Namdhari Elibrary NamdhariElibrary@gmail.com

ਅਜਿਹੇ ਅਧਿਆਤਮਕਵਾਦੀ ਮਹਾਂਪੁਰਸ਼ਾਂ ਦੀ ਉਨ੍ਹਾਂ ਦੇ ਜੀਵਨ ਵਿਚ ਜੋ ਘਾਟ ਸੀ, ਉਹ ਅਜ ਪੂਰੀ ਹੋ ਗਈ ਹੋਵੇ। ਸੂਬਾ ਜੀ ਨੂੰ ਕੀ ਪਤਾ ਸੀ ਕਿ ਜਿਨ੍ਹਾਂ ਮਹਾਂ ਪੁਰਸ਼ਾਂ ਦਾ ਉਹ ਮੰਡੀ ਦੇ ਰਸਤੇ ਜਾਂਦਿਆਂ ਆਉਂਦਿਆਂ ਰੋਜ ਦਰਸ਼ਨ ਕਰਦੇ ਸਨ, ਇਹੋ ਹੀ ਉਨ੍ਹਾਂ ਦੇ ਜੀਵਨ ਦੇ ਤਾਰਨਹਾਰ ਬਣਨਗੇ। ਸੰਤ ਜੀ ਭਾਈ ਗੁਰਦਿਤ ਸਿੰਘ ਜੀ ਘਰ ਇੱਛਾ ਅਨੁਸਾਰ ਹੀ ਨਿਵਾਸ ਰਖਦੇ ਸਨ।

ਉਥੇ ਬੈਠਿਆਂ ਹੀ ਨੱਥਾ ਸਿੰਘ ਜੀ ਨੇ ਬੇਨਤੀ ਕੀਤੀ, "ਸੰਤ ਜੀ, ਇਸ ਸਰੀਰ (ਗੰਡਾ ਸਿੰਘ) ਤੇ ਕਿਰਪਾ ਕਰੋ, ਇਸਨੂੰ ਭਜਨ ਦੀ ਦਾਤ ਬਖਸ਼ੋ"। ਸੰਤਾਂ ਨੇ ਇਸ਼ਨਾਨ ਕਰਕੇ ਆਉਣ ਲਈ ਹੁਕਮ ਕੀਤਾ। ਸੂਬਾ ਜੀ ਉਸੇ ਵਕਤ ਪੰਜ ਇਸ਼ਨਾਨਾ ਕਰਕੇ ਆ ਗਏ। ਸੰਤਾਂ ਨੇ ਆਪ ਭੀ ਪੰਜ ਇਸ਼ਨਾਨਾ ਕੀਤਾ ਤੇ ਕੁਝ ਚਿਰ ਸਿਮਰਨ ਕਰਦੇ ਰਹੇ। ਫਿਰ ਪਰਨੇ ਦਾ ਅੱਧਾ ਹਿੱਸਾ ਉਨ੍ਹਾਂ ਦੇ ਸਿਰ ਤੇ ਰਖ ਦਿਤਾ ਤੇ ਆਪਣਾ ਖੱਬਾ ਹੱਥ ਉਨ੍ਹਾਂ ਦੇ ਸਿਰ ਤੇ ਰਖਕੇ ਦੋਹਾਂ ਕੰਨਾਂ ਵਿਚ ਭਜਨ (ਗੁਰਮੰਤ੍ਰ) ਦਸ ਦਿਤਾ ਤੇ ਬਚਨ ਕੀਤਾ, "ਭਾਈ, ਤੂੰ ਮਾਸ ਤੇ ਨਹੀਂ ਖਾਂਦਾ, ਸ਼ਰਾਬ ਤਾਂ ਨਹੀਂ ਪੀਂਦਾ, ਪਰ ਜੇ ਖਾਂਦਾ ਹੈ ਤਾਂ ਖਾਈ ਜਾਵੀਂ, ਜੇ ਪੀਂਦਾ ਹੈ ਤਾਂ ਪੀਂਵੀ ਜਾਵੀਂ, ਛੁਡਾਣ ਵਾਲੇ ਨੇ ਆਪੇ ਛੁਡਾ ਲੈਣਾ ਹੈ। ਸੂਬਾ ਜੀ ਨੂੰ ਇੰਝ ਲਗਾ ਕਿ ਜਿਸ ਗੱਲ ਦੀ ਉਨ੍ਹਾਂ ਨੂੰ ਬਚਪਨ ਤੋਂ ਲੋੜ ਸੀ ਤੇ ਤਲਾਸ਼ ਸੀ, ਉਹ ਪ੍ਰੀਤਮ ਪਿਆਰਾ ਸਾਧੂ ਉਨ੍ਹਾਂ ਨੂੰ ਮਿਲ ਗਿਆ ਹੈ। ਇਹ ਮਿਲਾਪ ਹੀ ਅਥਾਹ ਪਿਆਰ ਤੇ ਭਗਤੀ ਤੇ ਸ਼ਰਧਾ ਦਾ ਸੋਮਾ ਬਣ ਗਿਆ। ਸੂਬਾ ਜੀ ਧੰਨ ਧੰਨ ਹੋ ਗਏ ਕਿਉਂਕਿ ਸੰਤ ਕੇਸਰ ਸਿੰਘ ਜੀ ਚਵਿੰਡਾ ਦੀ ਕਿਰਪਾ ਸਦਕਾ ਹੀ ਉਨ੍ਹਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋਇਆ।

ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਦੀ ਆਕਰਸ਼ਤ ਕਰਨ ਵਾਲੀ ਰੂਹਾਨੀ ਸ਼ਖਸੀਅਤ ਦੇ ਦਰਸ਼ਨ ਕਰਕੇ ਅਨੇਕਾਂ ਹੀ ਸਿੱਖਾਂ ਨੇ ਆਪ ਦੀ ਸ਼ਰਨ ਵਿਚ ਆ ਕੇ ਗੁਰਮੰਤ੍ਰ ਪੁਛਕੇ ਆਪਣਾ ਜਨਮ ਸਫਲ ਕੀਤਾ।

ਸੰਤਾਂ ਤੋਂ ਵਰੋਸਾਏ ਹੇਠ ਲਿਖੇ ਸੱਜਣਾਂ ਦੇ ਨਾਮ ਵਰਣਨ ਯੋਗ ਹਨ। "ਬਾਪੂ ਗੋਪਾਲ ਸਿੰਘ, ਜਥੇਦਾਰ ਇੰਦਰ ਸਿੰਘ, ਕੇਸਰ ਸਿੰਘ, ਲਹਿਣਾ ਸਿੰਘ, ਸੁੰਦਰ ਸਿੰਘ ਵਾਜਿਆਂ ਵਾਲੇ, ਜਵਾਹਰ ਸਿੰਘ, ਹਜੂਰ ਸਿੰਘ (ਉਨ੍ਹਾਂ ਦੇ ਸਭ ਤੋਂ ਛੋਟੇ ਭਰਾ), ਹਰੀ ਸਿੰਘ ਅਤੇ ਮਾਈ ਦੇਵਾਂ, ਮਾਈ ਰੱਖੀ, ਮਾਈ ਧੰਨ ਦੇਵੀ, ਆਦਿਕ। ਭਜਨ ਬਾਣੀ ਦਾ ਪ੍ਰਵਾਹ ਸ਼ੁਰੂ ਹੋ ਗਿਆ ਤੇ ਉਪ੍ਰੋਕਤ ਲਿਖੇ ਸਰੀਰਾਂ ਨੇ ਪੱਗਾਂ ਭੀ ਸਿੱਧੀਆਂ ਕਰ ਲਈਆਂ। ਭਾਈ ਗੁਰਦਿਤ ਸਿੰਘ ਹੋਰਾਂ ਦਾ ਕਾਰ-ਵਿਹਾਰ ਸੰਤਾਂ ਨੂੰ ਚੰਗਾ ਨ ਲਗਾ, ਇਸ ਵਾਸਤੇ ਸੰਤਾਂ ਨੇ ਆਪਣਾ ਡੇਰਾ ਉਨ੍ਹਾਂ ਦੇ ਘਰੋਂ ਚੁਕ ਲਿਆ। ਮਹੀਨੇ ਦੇ ਵੀਹ ਦਿਨ ਸੰਤ ਜੀ ਗੰਡਾ ਸਿੰਘ ਜੀ ਦੇ ਘਰ ਰਹਿੰਦੇ ਤੇ ਬਾਕੀ ਜਥੇਦਾਰ ਇੰਦਰ ਸਿੰਘ ਦੇ ਘਰ।



Namdhari Elibrary NamdhariElibrary@gmail.com

ਧੰਨਿ ਸੁ ਥਾਨੁ ਧੰਨਿ ਓਇ ਭਵਨਾ ॥
ਜਾ ਮਹਿ ਸੰਤ ਬਸਾਰੇ ॥

ਕਈ ਲੋਕਾਂ ਨੂੰ ਫਾਲਤੂ ਗੱਲਾਂ ਕਰਨ ਦੀ ਵਧੇਰੇ ਆਦਤ ਹੁੰਦੀ ਹੈ, ਸੰਤ ਜੀ ਅਜਿਹੇ ਲੋਕਾਂ ਤੋਂ ਆਪਣੇ ਆਪ ਨੂੰ ਦੂਰ ਹੀ ਰਖਦੇ, ਸਗੋਂ ਅਜਿਹੇ ਬੰਦਿਆਂ ਨੂੰ ਆਪਣੇ ਪਾਸ ਬੈਠਣ ਵੀ ਨ ਦਿੰਦੇ। ਨਿਕਟ ਵਰਤੀਆਂ ਨੂੰ ਆਪ ਇਹੋ ਉਪਦੇਸ਼ ਕਰਦੇ :

ਕਬੀਰ ਸਾਕਤਿ ਸੰਗਿ ਨ ਕੀਜੀਐ
ਦੂਰਹੁ ਜਾਈਐ ਭਾਗ ॥
ਬਾਸਨ ਕਾਰੋ ਪਰਸੀਐ
ਤਉ ਕਿਛੁ ਲਾਗੈ ਦਾਗੁ ॥

ਜਦੋਂ ਕਦੇ ਸੰਤਾਂ ਪਾਸ ਭਜਨ ਬਾਣੀ ਕਰਨ ਵਾਲੇ ਇਕੱਠੇ ਹੋ ਜਾਂਦੇ ਤਾਂ ਬੜੇ ਪ੍ਰੇਮ ਨਾਲ ਸ਼ਬਦ ਪੜ੍ਹਦੇ :

ਆਵਹੁ ਭੈਣੇ ਗਲ ਮਿਲਹੁ ਅੰਕ ਸਹੇਲੜੀਆਹ ॥
ਮਿਲਕੈ ਕਰਹਿ ਕਹਾਣੀਆਂ ਸੰਮ੍ਰਥ ਕੀਆਹ ॥

ਸੰਤ ਕੇਸਰ ਸਿੰਘ ਜੀ ਸਿਵਾਏ ਸਤਸੰਗ ਦੇ ਹੋਰ ਕੋਈ ਬਚਨ ਨ ਕਰਦੇ ਤੇ ਨਾ ਹੀ ਸੁਣਦੇ। ਫਿਰ ਬਹੁਤਾ ਚਿਰ ਕਿਸੇ ਦੇ ਘਰ ਰਹਿਣਾ ਵੀ ਯੋਗ ਨਹੀਂ ਸਮਝਦੇ ਸਨ। ਸੰਤ ਗੰਡਾ ਸਿੰਘ ਜੀ ਉਤੇ ਜ਼ਿਆਦਾ ਪ੍ਰਸੰਨ ਰਹਿੰਦੇ ਤੇ ਕਦੇ-ਕਦੇ ਕੋਈ ਗੂਹੜ ਭੇਦ ਇਨ੍ਹਾਂ ਨੂੰ ਜਣਾ ਦਿੰਦੇ।

ਦਿਨ ਚੜੇ ਸੰਤ ਜੀ ਬਾਹਰ ਦੂਰ ਜੰਗਲ ਮੈਦਾਨੇ ਜਾਂਦੇ ਜਦ ਵਾਪਸ ਆਉਂਦੇ ਤਾਂ ਸੂਬਾ ਜੀ ਬੜੇ ਸਤਿਕਾਰ ਨਾਲ ਨਮਸਕਾਰ ਕਰਕੇ ਛੋਟੇ ਮੰਜੇ ਉਤੇ ਬਿਠਾ ਦਿੰਦੇ ਤੇ ਸੰਤਾਂ ਦਾ ਇਸ਼ਨਾਨ ਕਰਵਾਉਣ ਲਈ ਅਰਜ਼ ਕਰਦੇ, ਪਰ ਸੰਤ ਖੂਹੀ ਤੇ ਜਾਕੇ ਆਪਣੇ ਕਰਮੰਡਲ ਨਾਲ ਆਪ ਹੀ ਇਸ਼ਨਾਨ ਕਰਿਆ ਕਰਦੇ। ਜੰਗਲ ਮੈਦਾਨ ਤੋਂ ਆ ਕੇ ਇਸ਼ਨਾਨ ਕਰਨ ਦਾ ਨਿਯਮ ਸੰਤਾਂ ਦਾ ਅਖੀਰ ਦਮ ਤਕ ਨਿਭਿਆ।

ਉਸ ਵਕਤ ਪੁਰਾਣੇ ਸਿੱਖਾਂ ਦੇ ਰਿਵਾਜ ਵਾਂਗ ਇਸ਼ਨਾਨ ਤੋਂ ਪਹਿਲਾਂ ਕਛ-ਹਿਰਾ ਗੋਲ ਕਰਕੇ ਨਾਲੇ ਨਾਲ ਲਪੇਟਿਆ ਹੁੰਦਾ ਸੀ। ਸੂਬਾ ਜੀ ਦਸਦੇ ਸਨ ਕਿ ਉਹਨਾਂ ਬੜੇ ਪ੍ਰੇਮ ਨਾਲ ਕਛਹਿਰਾ ਸੂਤ ਕੇ (ਖੋਲ੍ਹ ਕੇ) ਸੰਤਾਂ ਨੂੰ ਦੇਣਾ, ਸੰਤਾਂ ਨੇ ਬੜੇ ਧੀਰਜ ਨਾਲ ਕਛਹਿਰਾ ਬਦਲ ਲੈਣਾ। ਜਲ ਦਾ ਕਮੰਡਲ ਸੰਤਾਂ ਦੇ ਸਿਰ-



Namdhari Elibrary NamdhariElibrary@gmail.com

ਹਾਣੇ ਰਖ ਦੇਣਾ ਅਤੇ ਆਪ ਆਪਣੇ ਕਾਰ ਵਿਹਾਰ ਵਿਚ ਲਗ ਜਾਣਾ, ਸੰਤ ਸਮਾਧੀ ਸਥਿਤ ਹੋ ਜਾਂਦੇ।

ਸੰਤ ਗੰਡਾ ਸਿੰਘ ਜੀ ਦਸਦੇ ਸਨ ਕਿ ਸੌ ਸਾਲ ਦੀ ਅਵਸਥਾ ਹੋ ਜਾਣ ਤੇ ਭੀ ਸੰਤਾਂ ਨੇ ਆਪਣੀ ਮਰਯਾਦਾ ਵਿਚ ਫਰਕ ਨਹੀਂ ਪੈਣ ਦਿਤਾ।

ਰੋਜ਼ ਸ਼ਾਮ ਨੂੰ ਪੰਜ ਗਿਰੀਆਂ ਬਦਾਮਾਂ ਦੀਆਂ, ਪੰਜ ਕਾਲੀਆਂ ਮਿਰਚਾਂ ਤੇ ਥੋੜਾ ਜਿਹਾ ਲੂਣ ਪਾ ਕੇ ਅੱਧੀ ਕੌਲੀ ਜਲ ਅਣ-ਪੁਣਿਆ ਬਣਾਕੇ ਛਕਦੇ। ਇਕ ਦਿਨ ਸੰਤਾਂ ਨੇ ਪੰਜ ਗਿਰੀਆਂ, ਪੰਜ ਕਾਲੀਆਂ ਮਿਰਚਾਂ ਦੀ ਸ਼ਰਦਾਈ ਤਿਆਰ ਕਰਕੇ ਲਿਆਉਣ ਲਈ ਆਖਿਆ। ਸੂਬਾ ਜੀ ਦੇ ਮਨ ਵਿਚ ਵਿਚਾਰ ਆਇਆ ਕਿ ਇੰਨੇ ਥੋੜੇ ਸਮਾਨ ਦੀ ਸ਼ਰਦਾਈ ਕਿਵੇਂ ਬਣੇਗੀ ? ਉਨ੍ਹਾਂ ਨੇ ਘਰੋਂ ਹੋਰ ਬਦਾਮਾਂ ਦੀਆਂ ਗਿਰੀਆਂ ਪਾਕੇ ਸ਼ਰਦਾਈ ਬਨਾਉਣ ਲਈ ਸੋਚਿਆ। ਇਸ ਫੁਰਨਾਂ ਉਨ੍ਹਾਂ ਦੇ ਅੰਦਰ ਆਉਣ ਦੀ ਦੇਰ ਸੀ ਕਿ ਸੰਤਾਂ ਨੇ ਉਨ੍ਹਾਂ ਨੂੰ ਇਕਦਮ ਆਵਾਜ਼ ਮਾਰਕੇ ਆਖਿਆ, "ਗੰਡਾ ਸਿੰਘਾ, ਡੰਡਾ ਕੂੰਡਾ ਏਥੇ ਹੀ ਲੈ ਆ ਤੇ ਸ਼ਰਦਾਈ ਮੇਰੇ ਸਾਹਮਣੇ ਹੀ ਬਣਾਓ।"

ਇਸ ਤਰ੍ਹਾਂ ਅੰਤਰਜਾਮੀ ਸੰਤ ਜੀ ਨੇ ਉਨ੍ਹਾਂ ਦੇ ਫੁਰਨੇ ਨੂੰ ਓਥੇ ਹੀ ਖਤਮ ਕਰ ਦਿਤਾ ਤੇ ਉਹ ਹੋਰ ਗਿਰੀਆਂ ਨਾ ਪਾ ਸਕੇ।

ਸ਼ਰਦਾਈ ਛੱਕਣ ਤੋਂ ਬਾਅਦ ਜਿਸ ਘਰ ਦੀਵਾਨ ਲਗਣ ਦੀ ਵਾਰੀ ਹੁੰਦੀ ਸੀ ਉਸ ਘਰ ਚਲੇ ਜਾਂਦੇ। ਪਰ ਸੰਤ ਜੀ ਦੀਵਾਨ ਦੀ ਅਰਜ਼ ਵੀ ਉਸੇ ਸ਼ਰੀਰ ਦੀ ਪ੍ਰਵਾਨ ਕਰਦੇ, ਜਿਸਨੇ ਭਜਨ ਪੁਛਿਆ ਹੁੰਦਾ ਜਾਂ ਦੀਵਾਨ ਕਰਵੌਣ ਤੋਂ ਪਹਿਲਾਂ ਭਜਨ ਪੁਛ ਲੈਂਦਾ।

ਮਾਸ ਸ਼ਰਾਬ ਦੀ ਵਰਤੋਂ ਕਰਨ ਵਾਲੇ ਤੇ ਗੁਰਮੰਤ੍ਰ-ਹੀਣ ਦੇ ਘਰ ਕੀਰਤਨ ਕਰਨ ਨਹੀਂ ਸਨ ਜਾਂਦੇ, ਭਾਵੇਂ ਉਹ ਕਿਤਨਾ ਵੀ ਸ਼ਰਧਾਲੂ ਕਿਉਂ ਨਾ ਹੋਵੇ। ਸੰਤਾਂ ਦਾ ਇਹ ਦੀਵਾਨ ਨੌਂ ਵਜੇ ਰਾਤ ਤੋਂ ਗਿਆਰਾਂ ਵਜੇ ਤਕ ਲਗਦਾ।

ਸੰਤਾਂ ਦੀ ਹਜ਼ੂਰੀ ਵਿਚ ਆਮ ਤੌਰ ਤੇ ਜਥੇਦਾਰ ਇੰਦਰ ਸਿੰਘ ਹੀ ਦੀਵਾਨ ਲਾਉਂਦੇ। ਜਿਸ ਦਿਨ ਕਿਸੇ ਕਾਰਨ ਜੱਥੇ ਨੇ ਨਾ ਆਉਣਾ, ਉਸ ਦਿਨ ਸੰਤ ਜੀ ਆਪ ਹੀ ਸਾਖੀਆਂ ਸੁਨਾਉਣ ਲਗ ਜਾਂਦੇ। ਸੰਤ ਝੇਡੇ ਬਾਡੀ ਤੇ ਭਾਈ ਲਾਲੋ ਆਦਿਕ ਸਿੱਖਾਂ ਦੀਆਂ ਸਾਖੀਆਂ ਬੜੇ ਪ੍ਰੇਮ ਨਾਲ ਸੁਣਿਆ ਕਰਦੇ ਸੀ। ਜਿਸ ਦਿਨ ਜੱਥੇ ਵਿਚੋਂ ਕਿਸੇ ਸਰੀਰ ਨੇ ਵਿਹਾਰ ਕਾਰਨ ਨਾ ਆਉਣਾ ਤਾਂ ਅਗਲੀ ਵਾਰ ਉਸਦੇ ਆਉਣ ਤੇ ਸੰਤਾਂ ਆਖਣਾ, "ਭਾਈ, ਅਸੀਂ ਤਾਂ ਤੇਰਾ ਹੀ ਭਜਨ ਕਰਦੇ ਰਹੇ ਹਾਂ।" ਜੇ ਕੋਈ ਸ਼ਰੀਰ ਵਾਪਸ ਜਾਣ ਵੇਲੇ ਸੰਤਾਂ ਪਾਸੋਂ ਆਗਿਆ



Namdhari Elibrary NamdhariElibrary@gmail.com

ਲਏ ਬਿਨਾਂ ਤੁਰ ਜਾਂਦਾ ਤਾਂ ਸੰਤ ਜੀ ਉਸਨੂੰ ਆਖਦੇ, "ਤੂੰ ਤਾਂ ਐਵੇਂ ਵਾੜਾਂ ਭੰਨਦਾ ਆਇਆ ਹੈਂ।"

ਸੂਬਾ ਜੀ ਇਕ ਦਿਨ ਦੀਵਾਨ ਵਿਚ ਜਾਣ ਨਾ ਜਾਣ ਦੀ ਦੁਚਿਤੀ ਵਿਚ ਮੰਜੇ ਤੇ ਪਏ ਰਹੇ। ਪਰ ਥੋੜੀ ਦੇਰ ਬਾਦ ਉਨ੍ਹਾਂ ਦੇ ਅੰਦਰ ਅਜੀਬ ਜਿਹੀ ਖਿੱਚ ਪਈ। ਉਹ ਇਕਦਮ ਮੰਜਾ ਛਡਕੇ ਉਠਕੇ ਸੜਕ ਵਲ ਤੁਰ ਪਏ। ਸੜਕ ਉਤੇ ਪਹੁੰਚਣ ਦੀ ਦੇਰ ਸੀ, ਸ਼ਰੀਰ ਇਕਦਮ ਅਰੋਗ ਤੇ ਹੌਲਾ-ਹੌਲਾ ਮਹਿਸੂਸ ਹੋਣ ਲਗਾ। ਪਤਾ ਨਹੀਂ ਆਲਸ ਕਿਧਰ ਭਜ ਗਿਆ। ਬੜੀ ਤੀਬਰਤਾ ਨਾਲ ਪੌਣਾ ਮੀਲ ਸਫ਼ਰ ਕਰ ਮੰਗਲ ਸਿੰਘ ਸ਼ੇਰ ਕੋਟੀਏ ਦੇ ਘਰ ਦੀਵਾਨ ਵਿਚ ਪਹੁੰਚ ਗਏ।

ਜਦੋਂ ਉਨ੍ਹਾਂ ਸੰਤਾਂ ਦੇ ਚਰਨਾਂ ਤੇ ਜਾਕੇ ਨਮਸਕਾਰ ਕੀਤੀ, ਸੰਤ ਕਹਿਣ ਲਗੇ, "ਘਰ ਹੀ ਮੋੜ ਤੋੜ ਕਰਦਾ ਰਿਹਾ ਹੈਂ, ਜਾਵਾਂ ਕਿ ਨ ਜਾਵਾਂ। ਭਾਈ, ਸਾਧ ਸੰਗਤ ਵਿਚ ਆਕੇ ਸਭ ਰੋਗ-ਸੋਗ ਦੂਰ ਹੋ ਜਾਇਆ ਕਰਦੇ ਹਨ। ਹੁਣ ਤੇਰੀ ਹਾਜ਼ਰੀ ਲਗ ਗਈ ਹੈ, ਜੇ ਬਹਿਣਾ ਹੈ ਤਾਂ ਬੈਠ ਜਾ, ਜੇ ਜਾਣਾ ਹੈ ਤਾਂ ਬੇਸ਼ਕ ਚਲਾ ਜਾਹ।" ਬਸ ਫਿਰ ਕੀ ਸੀ। ਸਰੀਰ ਨੌ-ਬਰ-ਨੌ ਹੋ ਗਿਆ ਅਤੇ ਉਹ ਦੀਵਾਨ ਦੀ ਸਮਾਪਤੀ ਤਕ ਉਥੇ ਹੀ ਬੈਠੇ ਰਹੇ। ਸੂਬਾ ਜੀ ਨੂੰ ਸਚਮੁਚ ਹੀ ਹੀ ਨਿਸ਼ਚਾ ਹੋ ਗਿਆ :

ਸੰਤ ਮੰਡਲ ਮਹਿ ਹਰਿ ਮਨਿ ਵਸੈ ॥
ਸੰਤ ਮੰਡਲ ਮਹਿ ਦੁਰਤੁ ਸਭੁ ਨਸੈ ॥
ਸੰਤ ਮੰਡਲ ਮਹਿ ਨਿਰਮਲ ਰੀਤਿ ॥
ਸੰਤ ਸੰਗਿ ਹੋਇ ਏਕ ਪਰੀਤਿ ॥
ਸੰਤ ਮੰਡਲੁ ਤਹਾ ਕਾ ਨਾਉ ॥
ਪਾਰਬ੍ਰਹਮ ਕੇਵਲ ਗੁਣ ਗਾਉ ॥......(ਭੈਰਉ ਮਹਲਾ ੫)

ਦੀਵਾਨ ਵਿਚ ਐਸਾ ਰੰਗ ਬੱਝਦਾ ਕਿ ਸਾਰੀ ਸੰਗਤ ਸਤਿਗੁਰੂ ਪ੍ਰੀਤਮ ਵਿਚ ਲਿਵਲੀਨ ਹੋ ਜਾਂਦੀ। ਏਥੋਂ ਤਕ ਕਿ ਦੀਵਾਨ ਵਿਚ ਬੈਠਿਆਂ ਕਿਸੇ ਨੂੰ ਰਤਾ ਭਰ ਵੀ ਮੰਦਾ ਫੁਰਨਾ ਨਾ ਫੁਰਦਾ, ਇਸਤ੍ਰੀ ਪੁਰਸ਼ ਦਾ ਵੀ ਭੇਦ-ਭਾਵ ਮੁਕ ਜਾਂਦਾ, ਪਰ ਇਹ ਸਾਰਾ ਸੰਤਾਂ ਦੀ ਬੰਦਗੀ ਦਾ ਹੀ ਪ੍ਰਤਾਪ ਸੀ। ਘਰ ਵਾਲੇ ਸੱਜਣ ਜੋ ਛੱਕਣ ਵਾਸਤੇ ਲਿਆ ਕੇ ਦਿੰਦੇ, ਉਹ ਸਾਰੀ ਸੰਗਤ ਨੂੰ ਵਰਤਾਇਆ ਜਾਂਦਾ। ਮਾਇਆ ਅਤੇ ਕਲਜੁਗ ਦੇ ਪ੍ਰਭਾਵ ਨੇ ਜਦੋਂ ਆਮ ਲੋਕਾਂ ਤੇ ਰਿਖੀਆਂ ਮੁਨੀਆਂ ਤਕ ਨੂੰ ਆਪਣੇ ਪੰਜੇ ਵਿਚ ਜਕੜ ਰਖਿਆ ਹੋਇਆ ਹੈ ਜਿਵੇਂ ਕਿ ਗੁਰੂ ਵਾਕ ਹੈ :-

ਮੁਨਿ ਜੋਗੀ ਸਾਸਤ੍ਰਗਿ ਕਹਾਵਤ
ਸਭ ਕੀਨੇ ਬਸ ਅਪਨਹੀ ॥



Namdhari Elibrary NamdhariElibrary@gmail.com

ਤੀਨ ਦੇਵ ਅਰ ਕੋੜਿ ਤੇਤੀਸਾ
ਤਿਨਕੀ ਹੈਰਤਿ ਕਛੁ ਨ ਰਹੀ ॥
ਬਲਵੰਤਿ ਬਿਆਪਿ ਰਹੀ ਸਭ ਮਹੀ ।......

ਉਥੇ ਇਸ ਦੇ ਨਾਲ ਹੀ ਇਕ ਅਸਥਾਨ ਅਜਿਹਾ ਭੀ ਹੈ ਕਿ ਇਸ ਮਾਇਆ ਤੇ ਕਲਿਜੁਗ ਦਾ ਕੋਈ ਪ੍ਰਭਾਵ ਨਹੀਂ ਪੈਂਦਾ ਜਿਹਾ ਕਿ :

ਕਹੁ ਨਾਨਕ ਸਾਧੂ ਤੇ ਭਾਗੀ
ਹੋਇ ਚੇਰੀ ਕਰਨ ਗਹੀ ॥

ਭਾਵੇਂ ਕਈ ਸ਼ਰਧਾਲੂ ਸੰਤਾਂ ਨੂੰ ਬਹੁਤੇ-ਬਹੁਤੇ ਰੁਪਯੇ ਮੱਥਾ ਟੇਕਦੇ ਪਰ ਸੰਤ ਜੀ ਹਰ ਇਕ ਦਾ ਕੇਵਲ ਇਕੋ ਰੁਪਇਆ ਹੀ ਰਖਦੇ ਅਤੇ ਉਸ ਰੁਪਯੇ ਨੂੰ ਤੁੜਵਾਕੇ ਅਠ ਆਨੇ ਸੰਤ ਕੇਸਰ ਸਿੰਘ ਜੀ ਚੁਪ (ਕਿਉਂਕਿ ਇਹ ਡੇਰੇ ਦਾ ਪ੍ਰਬੰਧ ਕਰਿਆ ਕਰਦੇ), ਦੋ ਆਨੇ ਇਕ ਸਿੱਖ ਨਾਂਨੂ ਸਿੰਘ ਨੂੰ, ਦੋ ਆਨੇ ਲਹਿਣਾ ਸਿੰਘ ਨੂੰ, ਦੋ ਆਨੇ ਝੰਡਾ ਸਿੰਘ ਮਸਤਾਨੇ ਨੂੰ, ਇਕ ਆਨਾ ਮਾਈ ਧੰਨ ਦਈ ਨੂੰ ਅਤੇ ਇਕ ਆਨਾ ਆਪ ਰਖ ਲੈਂਦੇ। ਉਨ੍ਹਾਂ ਨੇ ਚਾਰ ਪੈਸੇ ਪਰਨੇ ਦੀ ਕੰਨੀ ਵਿਚ ਬੰਨ ਕੇ ਭਾਈ ਬਲਵੰਤ ਸਿੰਘ ਦੀ ਹੱਟੀ ਜਾਂ ਕੇਸਰ ਸਿੰਘ ਦੇ ਘਰ ਜਾਂ ਸੂਬਾ ਜੀ ਦੇ ਘਰ ਉਹ ਪੈਸਿਆਂ ਵਾਲਾ ਪਰਨਾਂ ਕਿੱਲੀ ਤੇ ਟੰਗ ਛਡਣਾ। ਜੇ ਕਿਸੇ ਨੇ ਆਖਣਾ, "ਸੰਤ ਜੀ, ਇਹ ਪੈਸੇ ਕੋਈ ਏਥੋਂ ਚੋਰੀ ਨ ਕਰ ਲਵੇ"। ਤਾਂ ਸੰਤਾਂ ਨੇ ਆਖਣਾ, "ਭਾਈ, ਜਿਸਦੇ ਪੈਸੇ ਹਨ, ਆਪੇ ਰਾਖੀ ਕਰ ਲਵੇਗਾ।" ਜਦੋਂ ਕਦੇ ਅਟੱਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਗੁਜਰਾਂਵਾਲੇ ਦਰਸ਼ਨ ਦਿੰਦੇ ਤਾਂ ਜਿਤਨੇ ਪੈਸੇ ਪਰਨੇ ਵਿਚ ਹੋਣੇ, ਸਾਰੇ ਸੱਚੇ ਪਾਤਸ਼ਾਹ ਜੀ ਨੂੰ ਮੱਥਾ ਟੇਕ ਦੇਣੇ ਜਾਂ ਕਿਸੇ ਜਾਂਦੇ ਆਉਂਦੇ ਹੱਥ ਸ੍ਰੀ ਭੈਣੀ ਸਾਹਿਬ ਲੰਗਰ ਵਾਸਤੇ ਭੇਜ ਦੇਣੇ। ਲੰਗਰ ਦੇ ਪੈਸਿਆਂ ਬਾਰੇ ਬਚਨ ਕਰਨਾ, "ਇਹ ਪੈਸੇ ਬੜੇ ਕਰੜੇ ਹਨ।"

ਜਦੋਂ ਸੰਤਾਂ ਦਾ ਸਰੀਰ ਵਡੇਰਾ ਹੋ ਗਿਆ ਤਾਂ ਆਪ ਪੌੜੀਆਂ ਨਹੀਂ ਸਨ ਚੜ੍ਹ ਸਕਦੇ। ਕਿਸੇ ਘਰ ਜੇ ਪਉੜੀ ਚੜ੍ਹਨਾ ਪਵੇ ਤਾਂ ਸੰਤ ਆਖਦੇ,"ਮੈਨੂੰ ਚੁਕਕੇ ਲੈ ਚਲੋ।" ਪਰ ਝੱਟ ਹੀ ਦੂਸਰੇ ਪਲ ਫੁਰਮਾਉਂਦੇ, "ਹੱਛਾ ਭਾਈ, ਸਤਿਗੁਰੂ ਰਾਮ ਸਿੰਘ ਦਾ ਨਾਮ ਲੈ ਕੇ ਚੜ੍ਹ ਜਾਂਦੇ ਹਾਂ।" ਫਿਰ ਇਕ ਦਮ ਬਿਨਾਂ ਕਿਸੇ ਆਸਰੇ ਦੇ ਪਉੜੀਆਂ ਉਤੇ ਚੜ੍ਹ ਜਾਣਾ।


Namdhari Elibrary NamdhariElibrary@gmail.com

## ਬੱਚਿਆਂ ਨਾਲ ਪਿਆਰ

ਸੂਬਾ ਜੀ ਦੀ ਵੱਡੀ ਲੜਕੀ ਪਿਆਰ ਕੌਰ ਜਦ ਛੋਟੀ ਜਿਹੀ ਸੀ, ਸੰਤ ਜੀ ਇਸ ਨਾਲ ਬੜਾ ਪਿਆਰ ਕਰਿਆ ਕਰਦੇ ਸਨ। ਸੰਤਾਂ ਨੇ ਜਦੋਂ ਘਰ ਆਉਣਾ, ਬੀਬੀ ਪਿਆਰ ਕੌਰ ਨੇ ਉਸ ਮੰਜੀ, ਜਿਸ ਉੱਤੇ ਸੰਤ ਜੀ ਬੈਠੇ ਹੁੰਦੇ, ਨੂੰ ਫੜਕੇ ਉਠ ਖਲੋਣਾ ਅਤੇ ਮੰਜੀ ਦੀਆਂ ਹੀਆਂ ਫੜਕੇ ਹੋਲੀ-ਹੋਲੀ ਦੁਆਲੇ ਤੁਰਨਾ। ਸੰਤਾਂ ਨੇ ਉਸ ਨਾਲ ਮਿੱਠੀਆਂ, ਪਿਆਰ ਭਰੀਆਂ ਗੱਲਾਂ ਕਰਨੀਆਂ, "ਤੇਰਾ ਨਾਂ ਪਿਆਰੋ ਕਿਸ ਰਖਿਆ ਹੈ ?" ਮੁਹਾਵਰਾ ਪੜ੍ਹਨਾ "ਪੀਹ ਨ ਜਾਣਾ ਪਕਾ ਨ ਜਾਣਾ ਦੇ ਨਾ ਜਾਣਾ ਬੁਹਾਰੀਆਂ, ਕੀਕਰ ਲਗਾਂ ਮੈਂ ਸਾਹਿਬ ਨੂੰ ਪਿਆਰੀਆਂ ?"

ਮਤਲਬ ਬੱਚਿਆਂ ਨਾਲ ਖੇਡਦਿਆਂ ਵੀ ਸੰਤਾਂ ਨੇ ਅਕਾਲਪੁਰਖ ਦੇ ਹੀ ਬਚਨ ਕਰਨੇ। ਫਿਰ ਬਚਨ ਕਰਨਾ, "ਪਿਆਰੋ, ਤੂੰ ਮੈਨੂੰ ਦਸ ਖਾਂ ਤੇਰੇ ਹੱਥ ਕਿਸ ਨੇ ਬਣਾਏ ਹਨ ? ਅੱਖਾਂ ਕਿਸਨੇ ਬਣਾਈਆਂ ਹਨ, ਸੋਹਣੇ-ਸੋਹਣੇ ਪੈਰ ਕਿਸਨੇ ਬਣਾਏ ਹਨ ?" ਇਸ ਤਰ੍ਹਾਂ ਦੇ ਬਚਨ ਕਰਕੇ ਫਿਰ ਆਪ ਹੀ ਅਕਾਲਪੁਰਖ ਦੀ ਉਸਤਤ ਕਰਨ ਲਗ ਜਾਣਾ। ਕੁਝ ਚਿਰ ਬਾਦ ਫਿਰ ਪਿਆਰੋ ਵਲ ਵੇਖ ਕੇ ਆਖਣਾ, "ਤੂੰ ਸਾਧਾਂ ਨੂੰ ਪ੍ਰਸ਼ਾਦਾ ਛਕਾਏਂਗੀ ?" ਫਿਰ ਸੇਵਾ ਲਈ ਪ੍ਰੇਰਣਾ ਕਰਨੀ, ਇਸ ਤਰ੍ਹਾਂ ਕਰਦਿਆਂ-ਕਰਦਿਆਂ ਵਿਸਮਾਦ ਅਵਸਥਾ ਵਿਚ ਆ ਜਾਣਾ ਤੇ ਬਚਨ ਕਰਨਾ :

ਤਣਦੀ ਰਹੀ ਮੈਂ ਤਾਣਾ ਬਾਣਾ
ਗਜ ਕਪੜਾ ਨ ਲੀਤਾ।
ਵਿਚ ਬਜ਼ਾਰ ਦੇ ਮੈਂ ਫਿਰ-ਫਿਰ ਥਕੀ
ਸੌਦਾ ਇਕ ਨ ਕੀਤਾ।

ਇਕ ਦਿਨ ਗੁਡੀ ਪਿਆਰੋ ਅਚਾਨਕ ਹੀ ਬੀਮਾਰ ਹੋ ਗਈ ਤੇ ਸਗੋਂ ਡਾਕਟਰਾਂ ਹਕੀਮਾਂ ਨੇ ਵੀ ਇਲਾਜ ਵਲੋਂ ਜਵਾਬ ਦੇ ਦਿਤਾ। ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਸੂਬਾ ਜੀ ਨੂੰ ਫੁਰਨਾ ਫੁਰਿਆ ਕਿ ਇਸਨੇ ਹੁਣ ਬਚਣਾਂ ਤੇ ਹੈ ਹੀ ਨਹੀਂ, ਕਿਉਂ ਨਾ ਸੰਤਾਂ ਪਾਸੋਂ ਭਜਨ ਪੁਛਾ ਦਿਤਾ ਜਾਵੇ, ਤਾਂ ਜੋ ਇਸਦਾ ਪਰਲੋਕ ਸੁਧਰ ਜਾਵੇ ? ਸੂਬਾ ਜੀ ਦੀ ਧਰਮ ਪਤਨੀ ਕੇਸਰ ਕੌਰ ਨੂੰ ਵੀ ਇਹ ਸੁਝਾਓ ਪਸੰਦ ਆਇਆ। ਬੱਚੀ ਪਿਆਰੋ ਨੂੰ ਗੋਦੀ ਵਿਚ ਲੈ ਕੇ ਦੋਵੇਂ ਜਣੇ ਦੂਧ


Namdhari Elibrary NamdhariElibrary@gmail.com

ਦਾ ਗੜਵਾ ਅਤੇ ਕੁਝ ਬਦਾਮ ਲੈ ਕੇ ਸੰਤਾਂ ਦੇ ਦਰਸ਼ਨ ਨੂੰ ਤੁਰ ਪਏ। ਰਸਤੇ ਵਿਚ ਇਕ ਨਹਿਰ ਆਉਂਦੀ ਸੀ, ਉਸਦੇ ਨੇੜੇ ਸੰਤ ਕੇਸਰ ਸਿੰਘ ਜੀ ਚੁਪ (ਸੇਖਵਾਂ ਵਾਲੇ) ਅੱਧੀ ਪੈਲੀ ਦੂਰ ਬੈਠੇ ਸਨ। ਸੂਬਾ ਜੀ ਨੇ ਸੋਚਿਆ ਕਿ ਚਲੋ ਇਹਨਾਂ ਸੰਤਾਂ ਦੇ ਵੀ ਦਰਸ਼ਨ ਕਰਦੇ ਚਲੀਏ। ਕੋਲ ਪਹੁੰਚਣ ਤੇ ਪਤਾ ਲਗਾ ਲਗਾ ਕਿ ਸੰਤ ਕੇਸਰ ਸਿੰਘ ਜੀ ਨਾਮ ਸਿਮਰਨ ਵਿਚ ਲੀਨ ਸਨ। ਉਹਨਾਂ ਹਿੰਮਤ ਕਰਕੇ ਸੰਤਾਂ ਦੇ ਚਰਨਾਂ ਤੇ ਹੱਥ ਰਖਕੇ ਮੱਥਾ ਟੇਕਿਆ, ਤਾਂ ਸੰਤਾਂ ਨੇ ਨੇਤਰ ਉਤਾਂਹ ਕਰਕੇ ਪੁਛਿਆ, "ਤੁਸੀਂ ਕਿਧਰ ਜਾ ਰਹੇ ਹੋ ?" ਸੂਬਾ ਜੀ ਅਰਜ਼ ਕੀਤੀ, "ਜੀ, ਬੱਚੀ ਬੀਮਾਰ ਹੈ, ਇਸਨੂੰ ਲੈਕੇ ਸੰਤ ਚਵਿੰਡੇ ਵਾਲਿਆਂ ਪਾਸ ਜਾ ਰਹੇ ਹਾਂ।"

ਫਿਰ ਅਰਜ਼ ਕੀਤੀ, "ਸੰਤ ਜੀ, ਕੁਝ ਦੁਧ ਛੱਕ ਲਵੋ।" ਸੰਤਾਂ ਨੇ ਅਰਜ਼ ਪ੍ਰਵਾਨ ਕਰ ਲਈ। ਥੋੜਾ ਜਿਹਾ ਦੁਧ ਛਕ ਲਿਆ। ਦੁਧ ਛਕਾ ਕੇ ਬੱਚੀ ਨੂੰ ਗੋਦੀ ਵਿਚ ਲੈ ਸੰਤਾਂ ਨੂੰ ਮੱਥਾ ਟੇਕ ਆਪ ਮਾਤਾ ਕੇਸਰ ਕੌਰ ਘਿਉ ਵਾਲੀ ਦੇ ਘਰ ਘਰਜਾਖ ਪਹੁੰਚ ਗਏ। ਸੰਤ ਚਵਿੰਡੇ ਵਾਲੇ ਪ੍ਰਸ਼ਾਦਾ ਛਕ ਚੁਕੇ ਸਨ। ਦੋਹਾਂ ਜਾਕੇ ਸੰਤਾਂ ਨੂੰ ਮੱਥਾ ਟੇਕਿਆ ਤੇ ਬੇਨਤੀ ਕੀਤੀ, "ਬਾਬਾ ਜੀ, ਬੱਚੀ ਬਹੁਤ ਬੀਮਾਰ ਹੈ। ਕ੍ਰਿਪਾ ਕਰੋ ਤੇ ਉਸਨੂੰ ਭਜਨ ਦੱਸ ਦੇਵੋ। ਤਾਂ ਜੁ ਇਸਦਾ ਪਰਲੋਕ ਸੁਧਰ ਜਾਵੇ ?"

ਸੰਤਾਂ ਨੇ ਉੱਚੀ ਬਾਂਹ ਕਰਕੇ 'ਹਾਏ' ਸ਼ਬਦ ਦਾ ਉਚਾਰਨ ਬੜੀ ਮਸਤੀ ਨਾਲ ਕੀਤਾ, ਫਿਰ ਚੁਪ ਹੋ ਗਏ। ਕੁਝ ਚਿਰ ਪਿਛੋਂ ਬੱਚੀ ਪਿਆਰੋ ਦੇ ਕੰਨ ਵਿਚ ਭਜਨ ਦੇ ਕੇ ਬਚਨ ਕੀਤਾ, "ਜਾਓ ਭਾਈ ਗੰਡਾ ਸਿੰਘ, ਇਸਨੂੰ ਘਰ ਲੈ ਜਾਵੋ, ਅਸੀਂ ਇਸਦੀ ਤਰੀਕ ਅਗੇ ਪਾ ਦਿਤੀ ਹੈ।" ਇਨ੍ਹਾਂ ਬਚਨਾਂ ਤੋਂ ਬਾਦ ਸੂਬਾ ਜੀ ਨੇ ਦੁਧ ਤੇ ਬਦਾਮ ਸੰਤਾਂ ਦੇ ਚਰਨਾਂ ਵਿਚ ਰਖ ਕੇ ਅਰਜ਼ ਕੀਤੀ, "ਬਾਬਾ ਜੀ, ਸਵਾਯਾ ਕੁ ਦੁਧ ਛੱਕ ਲਵੋ।" ਸੰਤਾਂ ਨੇ ਮਾਈ ਕੇਸਰ ਕੌਰ ਨੂੰ ਹੁਕਮ ਕੀਤਾ, "ਬੇਬੇ, ਜਾ ਕੇ ਕੁਝ ਭਾਂਡੇ ਲੈ ਆ ਅਤੇ ਸਾਰਿਆਂ ਵਿਚ ਇਕੋ ਜਿਹਾ ਦੁਧ ਪਾ ਦੇ" ਮਾਈ ਨੇ ਹੁਕਮ ਅਨੁਸਾਰ ਉਸੇ ਤਰ੍ਹਾਂ ਕੀਤਾ, ਸਵਾਯਾ ਕੁ ਦੁਧ ਸੰਤਾਂ ਨੇ ਭੀ ਛਕਿਆ।

ਵਾਪਸੀ ਤੇ ਜਦੋਂ ਨਹਿਰ ਕੋਲ ਪਹੁੰਚੇ ਤਾਂ ਬੱਚੀ ਪਿਆਰੋ ਇਕਦਮ ਪਚਾਕੇ ਮਾਰਨ ਲਗ ਪਈ ਤੇ ਇਉਂ ਪ੍ਰਤੀਤ ਹੋਇਆ ਜਿਵੇਂ ਇਸਦਾ ਸਾਰਾ ਰੋਗ ਹੀ ਕਟਿਆ ਗਿਆ। ਇਹ ਹਾਲਤ ਵੇਖਕੇ ਬੱਚੀ ਦੇ ਮਰਨ ਵਾਲਾ ਸਾਰਾ ਸੰਸਾ ਹੀ ਨਵਿਰਤ ਹੋ ਗਿਆ ਤੇ ਪ੍ਰਤੀਤ ਹੋਇਆ ਕਿ "ਸੰਤ ਪ੍ਰਸਾਦਿ ਜਨਮ ਮਰਨ ਤੇ ਛੋਟ" ਵਾਲਾ ਗੁਰੂ ਵਾਕ ਸਤਿ ਹੈ।



Namdhari Elibrary NamdhariElibrary@gmail.com

ਰਸਤੇ ਵਿਚ ਹੀ ਉਸ ਨੂੰ ਦੁਧ ਪਿਆਇਆ ਤੇ ਘਰ ਪਹੁੰਚਣ ਤਕ ਪਿਆਰੋ ਬਿਲਕੁਲ ਤੰਦਰੁਸਤ ਹੋ ਗਈ, ਫਿਰ ਕਦੇ ਵੀ ਬੀਮਾਰ ਨ ਹੋਈ। ਹੁਣ ਉਸ ਬੀਬੀ ਦੀ ਉਮਰ ੭੦ ਸਾਲ ਦੀ ਹੈ।

ਉਹ ਮਿਸਤ੍ਰੀ ਲਾਲ ਸਿੰਘ ਆਰੇ ਵਾਲਿਆਂ ਦੀ ਨੂੰਹ ਤੇ ਸ੍ਰੀ ਅਤਰ ਸਿੰਘ ਦੀ ਧਰਮ ਪਤਨੀ ਹੈ। ਹੁਣ ਵੀ ਪਿਆਰ ਕੌਰ ਸਾਧ-ਸੰਗਤ ਦੀ ਸੇਵਾ ਬੜੇ ਪ੍ਰੇਮ ਨਾਲ ਕਰਦੀ ਹੈ ਅਤੇ ਸੰਤਾਂ ਦੀ ਯਾਦ ਵਿਚ ਲੰਗਰ ਬਣਾਂਦੀ ਤੇ ਛਕਾਂਦੀ ਹੈ।

ਇਸ ਤਰ੍ਹਾਂ ਆਪ ਜੀ ਨੇ ਸਿਰਫ ਪਿਆਰੋ ਦੀ ਹੀ ਤਰੀਕ ਅੱਗੇ ਨਹੀਂ ਪਾਈ ਸਗੋਂ ਕਈ ਹੋਰ ਸਰੀਰਾਂ ਤੇ ਵੀ ਅਪਾਰ ਕ੍ਰਿਪਾ ਕਰਕੇ ਉਨ੍ਹਾਂ ਨੂੰ ਜੀਵਨ ਦਾਨ ਬਖਸ਼ਿਆ।

ਇਕ ਦਿਨ ਰਾਤ ਨੂੰ ਸ਼ੇਰ ਕੱਟੀਏ ਦੇ ਘਰ ਕੀਰਤਨ ਦਾ ਪ੍ਰੋਗਰਾਮ ਸੀ। ਦੀਵਾਨ ਵਿਚ ਸਾਧ-ਸੰਗਤ ਕੁਝ ਦੇਰ ਨਾਲ ਪਹੁੰਚੀ। ਸੰਤਾਂ ਨੇ ਦੇਰ ਨਾਲ ਆਉਣ ਦਾ ਕਾਰਨ ਪੁਛਿਆ ਤੇ ਸਾਧ-ਸੰਗਤ ਨੇ ਅਰਜ਼ ਕੀਤੀ, "ਬਾਬਾ ਜੀ, ਅਜ ਡਾ: ਕਪੂਰ ਸਿਘ ਜੀ ਦਾ ਲੜਕਾ ਗੁਜ਼ਰ ਗਿਆ ਹੈ, ਸਾਰੀ ਸੰਗਤ ਉਸ ਦੇ ਸਸਕਾਰ ਵਾਸਤੇ ਗਈ ਸੀ।" ਆਪ ਜੀ ਨੇ ਕਪੂਰ ਸਿੰਘ ਹੋਰਾਂ ਨੂੰ ਤਾੜਨਾ ਕਰਦਿਆਂ ਹੋਇਆਂ ਕਿਹਾ, "ਜਾ ਓਏ ਨਿਕਾਰਿਆ, ਤੂੰ ਸਾਨੂੰ ਦਸਿਆ ਵੀ ਨਾ।" ਉਸ ਤੋਂ ਪਿਛੋਂ ਜਿਨੀ ਦੇਰ ਗੁਜਰਾਂਵਾਲੇ ਰਹੇ, ਕਦੇ ਵੀ ਕੋਈ ਬੱਚਾ ਨਾ ਮਰਿਆ। ਠੀਕ ਉਸੇ ਤਰ੍ਹਾਂ ਹੀ ਜਿਵੇਂ ਇਕ ਦਿਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਅੰਮ੍ਰਿਤ ਵੇਲੇ ਇਕ ਮਾਈ ਦੇ ਬੱਚੇ ਦਾ ਸਵਰਗਵਾਸ ਹੋਣ ਤੇ ਬੜੇ ਦਰਦ ਭਰੇ ਵੈਣ ਸੁਣੇ ਤਾਂ ਗੁਰੂ ਜੀ ਨੇ ਫੁਰਮਾਇਆ, "ਸਾਡੇ ਹੁੰਦਿਆਂ ਬਟਾਲੇ ਵਿਚ ਕੋਈ ਬੱਚਾ ਚੜ੍ਹਾਈ ਨਹੀਂ ਕਰੇਗਾ।"

ਇਹ ਅਪਾਰ ਬਖਸ਼ਸ਼ ਸਿਰਫ ਨਾਮਧਾਰੀ ਬੱਚਿਆਂ ਤੇ ਹੀ ਨਹੀਂ ਸਗੋਂ ਹਿੰਦੂਆਂ ਮੁਸਲਮਾਨਾਂ ਨੂੰ ਵੀ ਸਮਾਨ ਰੂਪ ਵਿਚ ਪ੍ਰਾਪਤ ਸੀ। ਜਦੋਂ ਕਦੇ ਉਨ੍ਹਾਂ ਦੇ ਬੱਚੇ ਬੀਮਾਰ ਹੁੰਦੇ ਤਾਂ ਉਹ ਆਪ ਜੀ ਦੇ ਚਰਨਾਂ ਵਿਚ ਆਕੇ ਅਰਜ਼ ਕਰਦੇ 'ਬਾਬਾ ਜੀ ਦੁਆ ਕਰੋ' ਆਪ ਜੀ ਸਤਿ ਸ੍ਰੀ ਅਕਾਲ ਬੁਲਾਕੇ ਫੂਕ ਮਾਰਦੇ ਤੇ ਉਨ੍ਹਾਂ ਦੇ ਸਭ ਰੋਗ ਕਸ਼ਟ ਦੂਰ ਹੋ ਜਾਂਦੇ।


Namdhari Elibrary NamdhariElibrary@gmail.com

# ਦੂਖ ਰੋਗ ਬਿਨਸੈ ਭੈ ਭਰਮ

ਇਕ ਦਿਨ ਸੂਬਾ ਜੀ ਦਾ ਸਭ ਤੋਂ ਛੋਟਾ ਭਰਾ ਹਜ਼ੂਰ ਸਿੰਘ ਬਹੁਤ ਬੀਮਾਰ ਹੋ ਗਿਆ। ਉਹ ਦੇਹਧਾਰੀ ਗੁਰੂ ਤੇ ਆਸਥਾ ਨਹੀਂ ਸੀ ਰਖਦਾ। ਉਸ ਦੀ ਮਾਤਾ ਗੁਜਰੀ ਨੂੰ ਬਹੁਤ ਚਿੰਤਾ ਹੋ ਗਈ। ਉਸਨੇ ਸੂਬਾ ਜੀ ਨੂੰ ਬੁਲਾਕੇ ਕਿਹਾ, "ਗੰਡਾ ਸਿੰਘ, ਚਲ ਸੰਤਾਂ ਦੇ ਚਲੀਏ ਤੇ ਉਥੇ ਜਾ ਕੇ ਹਜ਼ੂਰ ਸਿੰਘ ਦੀ ਦੇਹ ਅਰੋਗਤਾ ਬਾਰੇ ਅਰਜ਼ ਕਰੀਏ।" ਸੂਬਾ ਜੀ ਤੇ ਉਨ੍ਹਾਂ ਦੇ ਮਾਤਾ ਜੀ ਜਲ ਦਾ ਗੜਵਾ ਤੇ ਰਸਤੇ ਵਿਚੋਂ ਅੰਗੂਰ ਲੈ ਕੇ ਸੰਤਾਂ ਦੇ ਹਾਜ਼ਿਰ ਹੋ ਗਏ। ਸ਼ੇਰ ਕੱਟੋਏ ਦੇ ਘਰ ਦੀਵਾਨ ਸੀ। ਜਾਕੇ ਸੰਤਾਂ ਦੇ ਚਰਨਾਂ ਤੇ ਨਮਸਕਾਰ ਕੀਤੀ। ਸੰਤਾਂ ਨੇ ਕਿਹਾ, "ਬੇਬੇ, ਤੂੰ ਅਜ ਦੀਵਾਨ ਵਿਚ ਕਿਸ ਤਰ੍ਹਾਂ ਆਈ ਹੈਂ ?" ਬੇਬੇ ਨੇ ਆਖਿਆ, "ਬਾਬਾ ਜੀ, ਮੇਰਾ ਪੁਤਰ ਹਜ਼ੂਰ ਸਿੰਘ ਬਹੁਤ ਬੀਮਾਰ ਹੈ, ਕ੍ਰਿਪਾ ਕਰੋ ਜੀ।" ਸੰਤ ਜੀ ਇਕਦਮ ਵੈਰਾਗ ਦੀ ਅਵਸਥਾ ਵਿਚ ਪਹੁੰਚ ਗਏ। ਦੋ ਮਿੰਟ ਚੁਪ ਰਹੇ ਤੇ ਫਿਰ ਉੱਚੀ ਬਾਂਹ ਕਰਕੇ ਕਿਹਾ 'ਹਾਏ' ਸਤਿਗੁਰੁ ਰਾਮ ਸਿੰਘ ਜੀ।" ਫਿਰ ਉਨ੍ਹਾਂ ਨੇ ਮਾਤਾ ਜੀ ਨੂੰ ਕਿਹਾ, "ਬੇਬੇ, ਜਾਣਾ ਹੈ ਤੇ ਜਾਹ, ਬਹਿਣਾ ਹੈ ਤੇ ਬਹਿ, ਗੰਡਾ ਸਿੰਘ ਆਪੇ ਸਾਧ ਸੰਗਤ ਦੇ ਚਰਨ ਧੋ ਕੇ ਲੈ ਆਵੇਗਾ। ਇਹੋ ਕਾਕੇ ਦੀ ਦਵਾਈ ਹੈ।"

ਇਧਰ ਸੰਤਾਂ ਨੇ ਇਹ ਬਚਨ ਕੀਤਾ, ਉਧਰ ਹਜ਼ੂਰ ਸਿੰਘ ਨੇ ਇਕਦਮ ਆਪਣਾ ਲੇਫ਼ ਲਾਹਕੇ ਪਰੇ ਸੁਟ ਦਿਤਾ ਤੇ ਉਚੀ-ਉਚੀ ਬੋਲਣ ਲਗ ਪਿਆ "ਹਟ ਜਾਓ ਪਰੇ, ਔਹ ਸਤਿਗੁਰੂ ਪ੍ਰਤਾਪ ਸਿੰਘ ਜੀ ਆ ਗਏ, ਭਾਈ ਵਜ਼ੀਰ ਸਿੰਘ, ਜੀ ਆ ਗਏ, ਮੇਰਾ ਸਭ ਦੁਖ ਦਲਿਦ੍ਰ ਸੰਤਾਂ ਨੇ ਦੂਰ ਕਰ ਦਿਤਾ ਹੈ"। ਦੀਵਾਨ ਦਾ ਭੋਗ ਪੈਣ ਤੋਂ ਪਿਛੋਂ ਸੰਤਾਂ ਨੇ ਹੁਕਮ ਕੀਤਾ, "ਗੰਡਾ ਸਿੰਘ, ਸੰਗਤ ਵਿਚੋਂ ਪੰਜ ਸਤ ਸਿੱਖਾਂ ਦੇ ਚਰਨ ਧੋ ਲੈ" ਤੇ ਆਪਣਾ ਸੱਜਾ ਅੰਗੂਠਾ ਵੀ ਧੋ ਕੇ ਚਰਨਾ-ਮ੍ਰਿਤ ਦੇ ਦਿਤਾ। ਚਰਨਾਮ੍ਰਿਤ ਲੈ ਸੂਬਾ ਜੀ ਘਰ ਪਹੁੰਚੇ। ਚਰਨਾਮ੍ਰਿਤ ਹਜ਼ੂਰ ਸਿੰਘ ਨੂੰ ਦਿਤਾ। ਸਭ ਕਸ਼ਟ ਦੂਰ ਹੋ ਗਏ, ਹਜ਼ੂਰ ਸਿੰਘ ਬਿਲਕੁਲ ਸਵਸਥ ਹੋ ਗਿਆ।

"ਦੂਖ ਰੋਗ ਬਿਨਸੇ ਭੈ ਭਰਮ"।

ਉਸ ਦਿਨ ਤੋਂ ਪਿਛੋਂ ਮਾਤਾ ਗੁਜਰੀ ਤੇ ਹਜ਼ੂਰ ਸਿੰਘ ਸਤਿਗੁਰੂ ਪ੍ਰਤਾਪ



Namdhari Elibrary NamdhariElibrary@gmail.com

ਸਿੰਘ ਜੀ ਨੂੰ ਪੂਰਨ ਸਤਿਗੁਰੂ ਮੰਨ ਕੇ ਸਤਿਕਾਰ ਕਰਦੇ ਰਹੇ ਤੇ ਅਖੀਰ ਤਕ ਅਨਿੰਨ ਸੇਵਕ ਬਣ ਰਹੇ ਅਤ ਆਪਣੀ ਦਸਾਂ ਨੌਹਾਂ ਦੀ ਕਿਰਤ ਵਿਚੋਂ ਦਸਵੰਧ ਕਢਕੇ ਸ੍ਰੀ ਭੈਣੀ ਸਾਹਿਬ ਭੇਜਦੇ ਰਹੇ।

ਸੰਤਾਂ ਨੇ ਸਿਰਫ਼ ਹਜ਼ੂਰ ਸਿਘ ਤੇ ਹੀ ਬਖਸ਼ਸ਼ ਨਹੀਂ ਕੀਤੀ, ਸਗੋਂ ਆਪਣੇ ਸੇਵਕਾਂ ਦਾ ਧਿਆਨ ਹਰ ਵਲ ਹਰ ਤਰ੍ਹਾਂ ਨਾਲ ਰਖਦੇ।

ਇਕ ਦਿਨ ਸੰਤ ਜੀ ਦੀਵਾਨ ਨੂੰ ਜਾ ਰਹੇ ਸਨ। ਰਸਤੇ ਵਿਚੋਂ ਨਿਕਲਦਿਆਂ ਹੋਇਆ ਆਪ ਜੀ ਨੇ ਆਵਾਜ਼ ਮਾਰੀ 'ਲਾਲ ਸਿਘਾ' ਤੇ ਅਗੋਂ ਲਾਲ ਸਿਘ ਜੀ ਦੇ ਉਤਰ ਦੇਣ ਦੀ ਬਜਾਏ ਉਹਨਾਂ ਦੀ ਧਰਮ ਪਤਨੀ ਨੇ ਆਕੇ ਅਰਜ਼ ਕੀਤੀ, "ਮਹਾਰਜ, ਉਹ ਤਾਂ ਬਹੁਤ ਸਖਤ ਬੀਮਾਰ ਹਨ, ਆਪ ਜੀ ਕਿਰਪਾ ਕਰੋ ਜੀ।" ਸੰਤ ਕੁਝ ਚਿਰ ਚੁਪ ਰਹੇ, ਫਿਰ ਬਚਨ ਕੀਤਾ, "ਬੇਬੇ ਅਸੀਂ ਲਾਲ ਸਿਘ ਦੀ ਤਾਰੀਖ ਅੱਗੇ ਪਾ ਚਲੇ ਹਾਂ" ਲਾਲ ਸਿਘ ਜੀ ਰਾਜ਼ੀ ਖੁਸ਼ੀ ਹੋ ਗਏ। ਇਹ ਲਾਲ ਸਿਘ ਬੀਬੀ ਪਿਆਰ ਕੌਰ ਦੇ ਸਹੁਰਾ ਜੀ ਸਨ। ਆਪ ਜੀ ਬਚਨ ਕਰਦੇ ਸਨ, "ਬਿੱਲੀ ਜਿਨਾ ਦੰਦਾਂ ਨਾਲ ਆਪਣੇ ਬਲੂੰਗੜੇ ਨੂੰ ਪਿਆਰ ਨਾਲ ਚੁਕਦੀ ਹੈ, ਉਹਨਾਂ ਦੰਦਾਂ ਨਾਲ ਹੀ ਚੂਹੇ ਨੂੰ ਕੜਕਾ ਸੁਟਦੀ ਹੈ। ਉਸੇ ਤਰ੍ਹਾਂ ਗੁਰਮੁਖ ਨੂੰ ਕੁਝ ਨਹੀਂ ਹੁੰਦਾ, ਕਿਉਂਕਿ 'ਗੁਰਮੁਖਿ ਆਏ ਜਾਏ ਨਿਸੰਗ'। ਪਰ ਗੁਰਮੁਖ ਉਹੀ ਹੈ, ਜੋ ਸਤਿਗੁਰੂ ਜੀ ਦੇ ਬਚਨਾਂ ਨੂੰ ਮੰਨਦਾ ਹੈ।"

ਇਕ ਵਾਰੀ ਦੀਵਾਨ ਤੋਂ ਆਕੇ ਸੰਤ ਜੀ ਬਿਰਾਜ ਮਾਨ ਸਨ, ਪਰ ਘੜੀ-ਘੜੀ ਖਘ ਸੰਤਾਂ ਨੂੰ ਪਰੇਸ਼ਾਨ ਕਰਦੀ। ਕੋਲ ਹੀ ਇਕ ਹਕੀਮ, ਜੋ ਪਸ਼ੌਰ ਤੋਂ ਸੰਤਾਂ ਦੇ ਦਰਸ਼ਨ ਕਰਨ ਆਇਆ ਸੀ, ਸੁੱਤਾ ਹੋਇਆ ਸੀ। ਉਸਨੇ ਸੰਤਾਂ ਨੂੰ ਖਘ ਹੁੰਦੀ ਵੇਖਕੇ ਅਰਜ਼ ਕੀਤੀ, "ਬਾਬਾ ਜੀ, ਹੁਕਮ ਕਰੋ ਤਾਂ ਮੈਂ ਖੰਘ ਦੀ ਇਕ ਗੋਲੀ ਆਪ ਜੀ ਨੂੰ ਦੇਵਾਂ ਤਾਂ ਕਿ ਆਪ ਆਰਾਮ ਨਾਲ ਬਿਰਾਜ ਜਾਵੋ।" ਸੰਤਾਂ ਨੇ ਉਤਰ ਦਿਤਾ, "ਨਹੀਂ ਭਾਈ, ਮੈਨੂੰ ਗੋਲੀ ਦੀ ਕੋਈ ਲੋੜ ਨਹੀਂ, ਕਿਉਂਕਿ ਮੈਂ ਸੌਣਾ ਹੀ ਨਹੀਂ ?" ਇਸ ਤਰ੍ਹਾਂ ਇਕ ਵਾਰੀ ਸੰਤਾਂ ਨੂੰ ਜ਼ੋਰ ਦੀ ਖਘ ਆਈ, ਹਕੀਮ ਫਿਰ ਨਾ ਰਹਿ ਸਕਿਆ ਤੇ ਅਰਜ਼ ਕੀਤੀ, "ਸੰਤ ਜੀ, ਹੁਕਮ ਕਰੋ ਮੈਂ ਖੰਘ ਦੀ ਦਵਾਈ ਉਤੇ ਪੂਰਾ ਵਿਸ਼ਵਾਸ ਰਖਦਾ ਹਾਂ ਕਿ ਇਸ ਨਾਲ ਖੰਘ ਹਟ ਜਾਵੇਗੀ ਅਤੇ ਆਰਾਮ ਆ ਜਾਵੇਗਾ।"

ਸੰਤਾਂ ਨੇ ਫਿਰ ਵੀ ਉਹੋ ਹੀ ਉਤਰ ਦਿਤਾ, "ਹਕੀਮ ਜੀ, ਮੈਨੂੰ ਦਵਾਈ ਦੀ ਕੋਈ ਲੋੜ ਨਹੀਂ।" ਥੋੜੀ ਦੇਰ ਬਾਦ ਜਦ ਤੀਸਰੀ ਵਾਰੀ ਖੰਘ ਵਧੇਰੀ ਆਈ ਤਾਂ ਹਕੀਮ ਨੇ ਦਵਾਈ ਖਾਣ ਵਾਸਤੇ ਸੰਤਾਂ ਨੂੰ ਮਜ਼ਬੂਰ ਕੀਤਾ। ਸੰਤਾਂ ਨੇ ਇਕ ਗੋਲੀ ਖਾ ਹੀ ਲਈ। ਗੋਲੀ ਖਾਣ ਦੀ ਦੇਰ ਸੀ ਕਿ ਖੰਘ ਅਗੇ ਤੋਂ



Namdhari Elibrary NamdhariElibrary@gmail.com

ਵੀ ਬਹੁਤੀ ਹੋ ਗਈ। ਗੋਲੀ ਨੇ ਸਗੋਂ ਉਲਟਾ ਅਸਰ ਕੀਤਾ। ਹਕੀਮ ਮਨ ਹੀ ਮਨ ਵਿਚ ਸ਼ਰਮਿੰਦਾ ਹੋ ਰਿਹਾ ਸੀ, "ਇਹ ਕੀ ਗਲ ਹੋਈ, ਮੇਰੀ ਦਵਾਈ ਨੇ ਸੰਤਾਂ ਨੂੰ ਵਧੇਰਾ ਪਰੇਸ਼ਾਨ ਕੀਤਾ ਹੈ।" ਅੰਮ੍ਰਿਤ ਵੇਲੇ ਉਠ ਕੇ ਸੰਤਾਂ ਨੇ ਬਚਨ ਕੀਤਾ, "ਲਿਆ ਭਈ ਹਕੀਮ, ਇਕ ਗੋਲੀ ਮੈਨੂੰ ਹੋਰ ਦੇ ਦੇ।" ਇਹ ਬਚਨ ਸੁਣ ਕੇ ਹਕੀਮ ਬੜਾ ਸ਼ਰਮਸਾਰ ਹੋਇਆ। ਸੰਤਾਂ ਬਚਨ ਕੀਤਾ, "ਜਿਸ ਅਕਾਲ ਪੁਰਖ ਨੇ ਇਹ ਖੰਘ ਲਾਈ ਹੈ ਉਹ ਹਟਾ ਵੀ ਸਕਦਾ ਹੈ, ਮੈਨੂੰ ਇਸ ਦੀ ਕੋਈ ਚਿੰਤਾ ਨਹੀਂ। ਭਲਿਆ ਪੁਰਸ਼ਾ, ਮੇਰਾ ਸਤਿਗੁਰੂ ਅਕਾਲ ਪੁਰਖ ਰੰਗ ਸੰਗ ਦੇਖਨ ਕੇ ਹਰਤਾ ਹੈ।"

ਇਕ ਦਿਨ ਬੈਂਕਿਆਂ ਵਾਲਾ ਪ੍ਰਤਾਪ ਸਿੰਘ ਸਖਤ ਬੀਮਾਰ ਹੋ ਗਿਆ। ਉਸਨੇ ਸੰਤਾਂ ਨੂੰ ਯਾਦ ਕੀਤਾ। ਸੰਤ ਜੀ ਰੂਹਾਨੀ ਸ਼ਕਤੀ ਨਾਲ ਉਸਦੇ ਪਾਸ ਆ ਗਏ। ਪ੍ਰਤਾਪ ਸਿੰਘ ਨੇ ਬੇਨਤੀ ਕੀਤੀ। ਸੰਤਾਂ ਨੇ ਆਖਿਆ "ਤੂੰ ਸੱਚੇ ਦਿਲ ਨਾਲ ਗੁਰੂ ਚਰਨਾਂ ਵਿਚ ਅਰਦਾਸ ਕਰ, ਰਾਜ਼ੀ ਹੋ ਜਾਵੇਂਗਾ।" ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਪ੍ਰਤਾਪ ਸਿੰਘ ਰਾਜੀ ਹੋ ਗਿਆ ਤੇ ਅਠਵੇਂ ਦਿਨ ਇਕੋਤਰ ਸੌ ਰੁਪਿਆ ਤੇ ਫਲਾਂ ਦਾ ਟੋਕਰਾ ਲੈ ਕੇ ਸੰਤਾਂ ਦੀ ਸੇਵਾ ਵਿਚ ਹਾਜ਼ਰ ਹੋ ਗਿਆ। ਸੰਤ ਜੀ ਉਸ ਦਿਨ ਸੂਬਾ ਗੰਡਾ ਸਿੰਘ ਜੀ ਦੇ ਹੀ ਘਰ ਸਨ।

ਸੰਤਾਂ ਨੇ ਆਪਣੇ ਅਗੇ ਰੁਪਏ ਪਏ ਹੋਏ ਵੇਖਕੇ ਬਚਨ ਕੀਤਾ, "ਮਸਤਾ-ਨਿਆ, ਇਹ ਮਾਇਆ ਸਾਡੇ ਤਾਂ ਕਿਸੇ ਕੰਮ ਨਹੀਂ।" ਭਾਈ ਪ੍ਰਤਾਪ ਸਿੰਘ ਆਪਣੀ ਸੁਖਣਾ ਦਾ ਹਾਲ ਸੁਣਾਇਆ। ਸੰਤਾਂ ਬਚਨ ਕੀਤਾ "ਮਸਤਾਨਿਆ, ਤੂੰ ਇਹ ਮਾਇਆ ਲੈ ਜਾ ਤੇ ਜਾਕੇ ਆਪਣੇ ਬੱਚਿਆਂ ਨੂੰ ਪਦਾਰਥ ਲੈ ਕੇ ਛਕਾ।" ਉਹ ਆਖਣ ਲਗਾ, "ਬਾਬਾ ਜੀ ਮੈਂ ਸੁਖਣਾ ਦੇ ਪੈਸੇ ਘਰ ਨਹੀਂ ਰਖਣੇ।' ਸੰਤਾਂ ਕਹਿਆ, "ਜੇ ਇਹ ਗੱਲ ਹੈ ਤਾਂ ਇਹ ਪੈਸੇ ਸ੍ਰੀ ਭੈਣੀ ਸਾਹਿਬ ਭੇਜ ਦੇ।' ਅਤੇ ਇਕੋਤਰ ਸੌ ਰੁਪਏਆ ਵਿਚੋਂ ਕੇਵਲ ਇਕ ਰੁਪੱਯਾ ਆਪ ਚੁਕ ਲਿਆ ਅਤੇ ਉਸ ਨੂੰ ਹੁਕਮ ਕੀਤਾ, "ਇਸਨੂੰ ਤੁੜਵਾ ਲਿਆ।"

ਫਲਾਂ ਦੀ ਟੋਕਰੀ ਦੀਵਾਨ ਤੋਂ ਬਾਦ ਸੰਗਤ ਵਿਚ ਵਰਤਾ ਦਿਤੀ ਗਈ ਤੇ ਟੁਟੇ ਹੋਏ ਪੈਸੇ ਜਿਵੇਂ ਲਹਿਣਾ ਸਿੰਘ ਆਦਿਕਾਂ ਵਿਚ ਤਕਸੀਮ ਕਰਿਆ ਕਰਦੇ ਸਨ, ਤਿਵੇਂ ਵੰਡ ਦਿਤੇ ਅਤੇ ਇਕ ਆਨਾ ਆਪ ਰਖਕੇ ਪਰਨੇ ਦੇ ਪਲੇ ਬੰਨ ਲਿਆ।



Namdhari Elibrary NamdhariElibrary@gmail.com

## ਅਨਿਕ ਬਿਘਨ ਤੇ ਸਾਧੂ ਰਾਖੇ

ਦੁਸ਼ਹਿਰੇ ਦਾ ਦਿਨ ਸੀ। ਸੰਤ ਕੇਸਰ ਸਿੰਘ ਜੀ 'ਚੁਪ' ਦੇ ਉਪਰਾਲੇ ਨਾਲ ਇਸ ਦਿਨ ਗੁਜਰਾਂ ਵਾਲੇਂ ਦੀ ਸਾਧ ਸੰਗਤ ਹਮੇਸ਼ਾਂ ਮੇਲਾ ਕਰਿਆ ਕਰਦੀ ਸੀ। ਇਸ ਅਵਸਰ ਤੇ ਹਰ ਸਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਦੇ।

ਹਮੇਸ਼ਾਂ ਦੀ ਤਰ੍ਹਾਂ ਇਸ ਵਾਰੀ ਵੀ ਦੁਸ਼ਹਿਰੇ ਨੂੰ ਖਿਆਲੀ ਵਾਲੇ ਗੁਰਦਵਾਰੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਹਜ਼ੂਰੀ ਵਿਚ ਆਸਾ ਦੀ ਵਾਰ ਲਗੀ ਹੋਈ ਸੀ। ਸੂਬਾ ਗੰਡਾ ਸਿੰਘ ਤੇ ਉਹਨਾਂ ਦੇ ਪਰਵਾਰ ਦੇ ਸਾਰੇ ਸਰੀਰ ਕੀਰਤਨ ਸੁਣਨ ਵਾਸਤੇ ਗੁਰਦਵਾਰੇ ਪਹੁੰਚੇ।

ਪਰਵਾਰ ਸਮੇਤ ਘਰੋਂ ਆ ਜਾਣ ਉਪਰੰਤ ਉਸੇ ਵੇਲੇ ਉਨ੍ਹਾਂ ਦੇ ਘਰ ਦੇ ਨਾਲ ਵਾਲੇ ਘਰ ਕਿਸੇ ਤਰ੍ਹਾਂ ਅੱਗ ਲਗ ਗਈ, ਸਗੋਂ ਇਹ ਅਗ ਮਿੱਟੀ ਦੇ ਤੇਲ ਵਾਲੇ ਪੀਪਿਆਂ ਤਕ ਪਹੁੰਚ ਗਈ। ਥੋੜੇ ਚਿਰ ਵਿਚ ਅੱਗ ਦੀਆਂ ਲਪਟਾਂ ਉਚੀਆਂ-ਉਚੀਆਂ ਨਿਕਲਣ ਲਗ ਪਈਆਂ। ਕਈ ਪੀਪੇ ਅੱਗ ਦੀ ਗੈਸ ਨਾਲ ਫਟਕੇ ਬੰਬਾਂ ਵਾਂਗ ਉਤਾਂਹ ਉਡਕੇ ਭਬਾਕੇ ਮਾਰ ਰਹੇ ਸਨ। ਜਿਵੇਂ ਦੀਵਾਲੀ ਨੂੰ ਪਟਾਖੇ ਚਲਦੇ ਹਨ ਤਿਵੇਂ ਉਸ ਘਰ ਵਿਚ ਠਾਹ ਠਾਹ ਹੋ ਰਹੀ ਸੀ। ਅੱਗ ਚਾਰ ਚੁਫੇਰੇ ਫੈਲ ਰਹੀ ਸੀ। ਬਹੁਤੇ ਗੁਆਂਢੀ ਇਕਦਮ ਸੂਬਾ ਜੀ ਦੇ ਘਰ ਦੌੜਕੇ ਆ ਗਏ ਤੇ ਅੰਦਰੋਂ ਸਮਾਨ ਕਢਕੇ ਬਾਹਰ ਸੁਟਣ ਲਗੇ।

ਸੂਬਾ ਜੀ ਦੇ ਮਾਤਾ ਗੁਜਰੀ ਨੇ ਆਪਣੇ ਵੱਡੇ ਲੜਕੇ ਹਰੀ ਸਿੰਘ ਦੇ ਲੜਕੇ ਨੂੰ ਸੁਨੇਹਾ ਦੇ ਕੇ ਗੁਰਦੁਆਰੇ (ਸੂਬਾ ਜੀ ਨੂੰ ਪਤਾ ਦੇਣ ਵਾਸਤੇ) ਭੇਜਿਆ, "ਜਲਦੀ ਘਰ ਆਵੋ ਗੁਆਂਢ ਅੱਗ ਲਗੀ ਹੋਈ ਹੈ ਤੇ ਸਾਡੇ ਘਰ ਵਲ ਵੱਧ ਰਹੀ ਹੈ।"

ਸੂਬ ਜੀ ਤਕ ਸੁਨੇਹਾ ਪਹੁੰਚਨ ਤੋਂ ਪਹਿਲਾਂ, ਸੰਤ ਸੁੰਦਰ ਸਿੰਘ ਵਾਜਿਆਂ ਵਾਲੇ ਨੇ ਉਸ ਲੜਕੇ ਦੀ ਗਲ ਸੁਣਕੇ ਝਟਪਟ ਸੰਤਾਂ ਨੂੰ ਅਰਜ਼ ਆ ਕੀਤੀ, "ਗੰਡਾ ਸਿੰਘ ਦੇ ਨਾਲ ਵਾਲੇ ਘਰ ਅੱਗ ਲਗ ਗਈ ਹੈ, ਤੇ ਇਹਨਾਂ ਦੇ ਘਰ ਵਲ ਵਧ ਰਹੀ ਹੈ। ਬੜਾ ਨੁਕਸਾਨ ਹੋ ਜਾਣ ਦਾ ਡਰ ਹੈ। ਜਿਵੇਂ ਹੋਵੇ ਕ੍ਰਿਪਾ ਕਰੋ। ਸੁੰਦਰ ਸਿੰਘ ਦੀ ਗਲ ਸੁਣਕੇ ਸੰਤਾਂ ਬਚਨ ਕੀਤਾ, "ਭਾਈ



Namdhari Elibrary NamdhariElibrary@gmail.com

ਸੁੰਦਰ ਸਿੰਘਾ, ਗੰਡਾ ਸਿੰਘ ਨੂੰ ਕੀ ਆਖਣਾ ਹੈ, ਤੂੰ ਛੇਤੀ ਜਾਹ ਅਤੇ ਜਾਕੇ ਅੱਗ ਨੂੰ ਰਾਹ ਦੇ ਦੇ।" ਸੰਤਾਂ ਦਾ ਬਚਨ ਸੁਣਕੇ ਸੁੰਦਰ ਸਿੰਘ ਕੁਝ ਢਿਲਾ ਜਿਹਾ ਹੋ ਰਹਿਆ ਤੇ ਨਿਰਾਸ ਜਿਹਾ ਹੋਕੇ ਦੀਵਾਨ ਵਿਚ ਬੈਠ ਗਿਆ। ਸੰਤਾਂ ਨੇ ਜਦ ਵੇਖਿਆ ਕਿ ਸੁੰਦਰ ਸਿੰਘ ਦੀਵਾਨ ਵਿਚ ਬੈਠਾ ਹੋਇਆ ਹੈ, ਜਿਸ ਕੰਮ ਘਲਿਆ ਸੀ, ਓਧਰ ਨਹੀਂ ਗਿਆ, ਤਾਂ ਇਕ ਵਾਰੀ ਫਿਰ ਜ਼ੋਰ ਦੇ ਕੇ ਤੇ ਘੂਰ ਕੇ ਆਵਾਜ਼ ਮਾਰੀ, "ਸੁੰਦਰ ਸਿੰਘਾ, ਤੂੰ ਬਚਨ ਨਹੀਂ ਮੰਨਦਾ? ਅਜੇ ਤਕ ਏਥੇ ਹੀ ਬੈਠਾ ਹੋਇਆ ਹੈ, ਤੂੰ ਜਾਂਦਾ ਕਿਉਂ ਨਹੀਂ?" ਸੰਤਾਂ ਨੇ ਜਦ ਜ਼ੋਰ ਨਾਲ ਹੁਕਮ ਕੀਤਾ, ਤਾਂ ਸੁੰਦਰ ਸਿੰਘ ਉਠਕੇ ਸੂਬਾ ਜੀ ਦੇ ਘਰ ਚਲਾ ਗਿਆ ਅਤੇ ਘਰ ਜਾ ਕੇ ਅੱਗ ਨੂੰ ਰਾਹ ਦੇਣ ਦਾ ਉਪਰਾਲਾ ਕਰਨ ਲਗਾ।

ਓਧਰ ਅੱਗ ਦੀਆਂ ਲਾਟਾਂ ਜ਼ੋਰ ਜ਼ੋਰ ਨਾਲ ਨਿਕਲ ਰਹੀਆਂ ਸਨ, ਬੜੀ ਮੁਸ਼ਕਲ ਤੇ ਸਾਵਧਾਨੀ ਨਾਲ ਆਪਣੇ ਆਪ ਨੂੰ ਅੱਗ ਤੋਂ ਬਚਾਕੇ ਇਕ ਲੰਬਾ ਜਿਹਾ ਬਾਂਸ ਲੈ ਕੇ ਬਨੇਰੇ ਨੂੰ ਢਾਹ ਦਿਤਾ। ਜਦੋਂ ਕਿ ਬਨੇਰਾ ਤੋੜਨ ਨਾਲ ਅੱਗ ਸੂਬਾ ਜੀ ਦੇ ਘਰ ਵਲ ਵਧਣੀ ਚਾਹੀਦੀ ਸੀ, ਪਰ ਸੰਤਾਂ ਦੀ ਕ੍ਰਿਪਾ ਨਾਲ ਅੱਗ ਨੇ ਆਪਣਾ ਰੁਖ ਬਦਲ ਲਿਆ ਅਤੇ ਸੂਬਾ ਜੀ ਦੇ ਘਰ ਵਲ ਵਧਣੋਂ ਬੰਦ ਹੋ ਗਈ। ਥੋੜੇ ਚਿਰ ਵਿਚ ਸਾਰੀ ਅੱਗ ਸ਼ਾਂਤ ਹੋ ਗਈ।



Namdhari Elibrary NamdhariElibrary@gmail.com

## ਭਾਂਵੇ ਲਾਂਏ ਕੇਸ ਕਰ ਭਾਂਵੇਂ ਘਰਰਿ ਮੁੰਡਾਇ

ਜਿਥੇ ਦੁਨਿਆਵੀ ਤੇ ਪਖੰਡੀ ਲੋਕ ਆਪਣੀ ਪ੍ਰਸਿੱਧੀ ਤੋਂ ਪ੍ਰਸੰਨ ਹੁੰਦੇ ਹਨ ਅਤੇ ਮਾਨ ਵਿਚ ਮਸਤ ਹੋਕੇ ਝੂੰਮਨ ਲਗ ਜਾਂਦੇ ਹਨ, ਉਥੇ ਨਿਰਮਲ ਆਤਮਾ ਵਾਲੇ ਸਮ-ਦਰਸੀ ਮਹਾਂਪੁਰਸ਼ ਅਹੰਕਾਰ ਵਾਲੇ ਕਿਸੇ ਕੰਮ ਨੂੰ ਲਾਗੇ ਨਹੀਂ ਲਗਣ ਦਿੰਦੇ ਸਗੋਂ ਕਈ ਵਾਰੀ ਕਈ ਸਾਧੂ ਆਪਣੇ ਗੁਣਾਂ ਨੂੰ ਛੁਪਾਉਣ ਵਾਸਤੇ ਐਸਾ ਸਾਂਗ ਰਚਦੇ ਹਨ, ਜਿਸ ਤੋਂ ਅਨਜਾਨ ਲੋਕ ਉਹਨਾਂ ਦੀ ਨਿੰਦਾ ਕਰਨ ਅਤੇ ਇਹਨਾਂ ਨੂੰ ਭੇਖੀ ਤੇ ਦੰਭੀ ਸਾਧ ਆਖਣ।

ਸੰਤਾਂ ਚਵਿੰਡੇ ਵਾਲਿਆਂ ਪਾਸ ਸੰਗਤ ਦੀ ਆਮਦੋ ਰਫਤ ਬਹੁਤ ਵੱਧ ਗਈ। ਸੰਤਾਂ ਨੂੰ ਕਿਸੇ ਵਕਤ ਭੀ ਆਰਾਮ ਕਰਨਾ ਨ ਮਿਲੇ। ਸੰਗਤਾਂ ਦੀ ਭੀੜ ਬਣੀ ਹੀ ਰਹਿੰਦੀ। ਸੰਤਾਂ ਨੂੰ ਭੀੜ ਭੱੜਕਾ ਚੰਗਾ ਨ ਲਗਾ ਤੇ ਇਸ ਆਵਾ ਜਾਈ ਦੇ ਰੌਲੇ ਨੂੰ ਭਜਨ ਬੰਦਗੀ ਵਿਚ ਰੁਕਾਵਟ ਸਮਝਕੇ ਅਥਵਾ ਵਿਘਨਕਾਰੀ ਜਾਣਕੇ ਫਾਲਤੂ ਲੋਕਾਂ ਤੋਂ ਪਿਛਾ ਛੁਡਾਉਣ ਵਾਸਤੇ ਇਕ ਉਪਰਾਲਾ ਕੀਤਾ।

ਇਕ ਦਿਨ ਸ਼ਾਮ ਵੇਲੇ ਭਾਈ ਕੇਸਰ ਸਿੰਘ ਦੇ ਘਰ (ਗੁਜਰਾਂਵਾਲੇ) ਸੰਤ ਚਲੇ ਗਏ। ਭਾਈ ਹੋਰਾਂ ਬੜਾ ਅਦਬ ਸਤਿਕਾਰ ਕੀਤਾ। ਕੁਝ ਚਿਰ ਬੈਠਕੇ ਸੰਤਾਂ ਬਚਨ ਕੀਤਾ, "ਕੇਸਰ ਸਿੰਘਾ, ਮੇਰੀ ਗਲ ਮੰਨੇਂਗਾ?" ਭਾਈ ਕੇਸਰ ਸਿੰਘ ਸੰਤਾਂ ਦਾ ਬੜਾ ਸੇਵਕ ਸੀ। ਉਸਨੇ ਹੱਥ ਜੋੜਕੇ ਬੇਨਤੀ ਕੀਤੀ, "ਸੰਤ ਜੀ, ਹੁਕਮ ਕਰੋ ਕੀ ਬਚਨ ਹੈ?" ਸੰਤਾਂ ਕਹਿਆ, "ਅੰਦਰੋਂ ਕੈਂਚੀ ਲਿਆਕੇ ਮੇਰੇ ਕੇਸ ਕੱਟ ਦੇਹ।" ਇਹ ਗਲ ਸੁਣਦਿਆਂ ਹੀ ਜਿਥੇ ਕੇਸਰ ਸਿੰਘ ਸ਼ਸ਼ੋ ਪੰਜੇ ਵਿਚ ਪੈ ਗਿਆ ਉਥੇ ਉਸਦੀ ਮਾਤਾ ਤੇਜ ਕੌਰ ਅੰਦਰੋਂ ਨਿਕਲ ਕੇ ਆਖਣ ਲਗੀ, "ਹਾਏ ਸੰਤ ਜੀ, ਸਾਡੇ ਘਰ ਇਹ ਕੀ ਕਰਨ ਲਗੇ ਹੋ?' ਸੰਤ ਜੀ ਇਕਦਮ ਘਰੋਂ ਨਿਕਲਕੇ ਬਾਹਰ ਗਲੀ ਵਿਚ ਜਾਕੇ ਖਲੋ ਗਏ ਤੇ ਬਚਨ ਕੀਤਾ, " ਬੇਬੇ, ਇਹ ਤਾਂ ਤੇਰਾ ਘਰ ਨਹੀਂ?" ਗਲੀ ਵਿਚ ਖਲੋ ਕੇ ਫੇਰ ਕੇਸਰ ਸਿੰਘ ਨੂੰ ਆਖਿਆ, "ਕੇਸਰ ਸਿੰਘਾ, ਲਿਆ ਕੈਂਚੀ ਅਤੇ ਕੱਟ ਦੇ ਮੇਰੇ ਕੇਸ ?" ਕੇਸਰ ਸਿੰਘ ਨੇ ਅੰਦਰੋਂ ਕੈਂਚੀ ਲਿਆ ਕੇ ਸੰਤਾਂ ਦੇ ਕੇਸ ਕਤਰ ਦਿਤੇ ਅਤੇ ਅਰਜ਼ ਕੀਤੀ, "ਜੀ ਦਾੜ੍ਹੀ ਬਾਬਤ ਕੀ ਹੁਕਮ ਹੈ।" ਸੰਤਾਂ ਬਚਨ ਕੀਤਾ, "ਨ ਭਾਈ, ਦਾੜ੍ਹੀ ਨਹੀਂ ਕਤਰਨੀ, ਇਹ ਤਾਂ ਦਰਸ਼ਨੀ ਦਰਵਾਜ਼ਾ ਹੈ।" ਇਹ ਕੌਤਕ ਵਰਤਾਉਣ ਦੀ ਦੇਰ ਸੀ ਕਿ ਸਭ ਲੋਕ ਇਹ ਦ੍ਰਿਸ਼ ਵੇਖ ਕੇ ਦੌੜ ਗਏ।

ਸਾਰੀ ਭੀੜ ਇਕਦਮ ਮੱਧਮ ਹੋ ਗਈ। ਜਿਥੇ ਦੀਵਾਨ ਵਿਚ ਰੋਜ਼ ਪੰਜ



Namdhari Elibrary NamdhariElibrary@gmail.com

ਸਤ ਸੋ ਸਰੀਰ ਆਉਂਦੇ ਸਨ, ਕੇਵਲ ਗਿਣਤੀ ਦੇ ੫-੭ ਸਰੀਰ ਹੀ ਰਹਿ ਗਏ।

ਇਕ ਦਿਨ ਕਬੀਰ ਜੀ ਦੇ ਘਰ ਦੀਵਾਨ ਲਗਾ। ਉਸ ਦੀਵਾਨ ਵਿਚ ਭਾਈ ਬਲਵੰਤ ਸਿੰਘ, ਜਵਾਹਰ ਸਿੰਘ, ਸੁੰਦਰ ਸਿੰਘ ਵਾਜਿਆਂ ਵਾਲਾ, ਇੰਦਰ ਸਿੰਘ ਜਥੇਦਾਰ ਤੇਜਾ ਸਿੰਘ, ਮਾਈ ਧੰਨ ਦੇਈ ਤੇ ਮਾਈ ਰਖੀ ਜੀ ਦੀਵਾਨ ਵਿਚ ਆਏ, ਕਿਉਂਕਿ ਇਹ ਸਜਨ ਸੰਤ ਜੀ ਉਤੇ ਬਹੁਤ ਸ਼ਰਧਾ ਭਾਵਨਾ ਤੋਂ ਅਥਾਹ ਪ੍ਰੇਮ ਰਖਦੇ ਸਨ। ਸੰਤ ਜੀ ਦੀ ਭੀ ਇਹਨਾਂ ਉਤੇ ਬੜੀ ਕ੍ਰਿਪਾ ਦ੍ਰਿਸ਼ਟੀ ਸੀ। ਜਦੋਂ ਇਹ ਸ਼ਰਧਾਲੂ ਆਪਣੇ ਨਿਤਨੇਮ ਤੋਂ ਨ ਹਟੇ ਅਤੇ ਰੋਜ਼ ਸੰਤਾਂ ਦੀ ਸੇਵਾ ਵਿਚ ਆਕੇ ਦੀਵਾਨ ਲੈਂਦੇ ਰਹੇ ਤਾਂ ਸਹਿਜੇ ਫਿਰ ਸੰਗਤ ਵਧਣੀ ਸ਼ੁਰੂ ਹੋ ਗਈ। ਸੰਤਾਂ ਦੇ ਇਸ ਕੌਤਕ ਬਾਰੇ ਦੂਰ ਦੂਰ ਤਕ ਖਬਰ ਫੈਲ ਗਈ। ਇਕ ਦਿਨ ਇਕ ਪਸ਼ੌਰੀਆਂ ਸਿੱਖ ਸੂਬਾ ਗੰਡਾ ਸਿੰਘ ਜੀ ਨੂੰ ਗੁਜਰਾਂਵਾਲੇ ਆ ਕੇ ਮਿਲਿਆ ਤੇ ਉਹ ਲਗਾ ਸੰਤਾਂ ਦੀ ਨਿੰਦਿਆ ਕਰਨ। ਸੂਬਾ ਜੀ ਨੇ ਉਸਨੂੰ ਕਹਿਆ, "ਭਲਿਆ ਲੋਕਾ, ਤੈਨੂੰ ਸੰਤਾਂ ਦੀ ਨਿੰਦਾ ਕਰਨ ਦੀ ਕੋਈ ਲੋੜ ਨਹੀਂ। ਸੰਤ ਮੌਜ ਦੇ ਮਾਲਕ ਹੋਇਆ ਕਰਦੇ ਹਨ। ਮੈਂ ਅਜ ਭੀ ਸੰਤਾਂ ਦੇ ਪਾਸ ਹੀ ਜਾ ਰਿਹਾ ਹਾਂ, ਮੈਂ ਉਹਨਾਂ ਦੀ ਨਿੰਦਾ ਨਹੀਂ ਸੁਣ ਸਕਦਾ, ਕਿਧਰੇ ਹੋਰ ਗਲ ਨ ਵਧ ਜਾਵੇ? ਸਗੋਂ ਤੂੰ ਭੀ ਮੇਰੇ ਨਾਲ ਚਲ, ਚਲਕੇ ਉਥੇ ਸੰਤਾਂ ਨਾਲ ਗੱਲ ਬਾਤ ਕਰ ਲਵਾਂਗੇ।" ਉਹ ਆਖਣ ਲਗਾ, "ਨਾਮਧਾਰੀਆਂ ਦਾ ਵੱਡਾ ਆਗੂ ਹੋਣ ਦੀ ਹੈਸੀਅਤ ਵਿਚ ਉਸਨੇ ਕੇਸ ਕਟਵਾ ਦਿਤੇ ਹਨ, ਮੈਂ ਜ਼ਰੂਰ ਚਲਕੇ ਉਸ ਤੋਂ ਜੁਆਬ-ਤਲਬੀ ਕਰਾਂਗਾ।"

ਉਸ ਦਿਨ ਦੀਵਾਨ ਮਾਤਾ ਕੇਸਰ ਕੌਰ ਦੇ ਘਰ ਘਰਜਾਖ ਲਗਾ ਹੋਇਆ ਸੀ। ਸੂਬਾ ਜੀ ਉਸ ਪਸ਼ੌਰੀਏ ਨੂੰ ਨਾਲ ਲੈ ਕੇ ਘਰਜਾਖ ਪਹੁੰਚ ਗਏ। ਸੰਤਾਂ ਨੂੰ ਨਮਸਕਾਰ ਕਰਕੇ ਜਿਥੇ ਜਗਾ ਮਿਲੀ ਬੈਠ ਗਏ। ਪਸ਼ੌਰੀਆਂ ਵੀ ਦੂਰੋਂ ਮੱਥਾ ਟੇਕ ਕੇ ਬੈਠ ਗਿਆ। ਦੀਵਾਨ ਦੇ ਭੋਗ ਉਪਰੰਤ ਪਸ਼ੌਰੀਆਂ ਸੰਤਾਂ ਪਾਸ ਜਾਕੇ ਕਹਿਣ ਲਗਾ, "ਸੰਤ ਜੀ, ਨਾਮਧਾਰੀਆਂ ਦੇ ਵੱਡੇ ਆਗੂ ਹੋ ਕੇ ਤੁਸਾਂ ਕੇਸ ਕਟਵਾ ਦਿਤੇ ਹਨ", ਸੰਤਾਂ ਨੇ ਬਚਨ ਕੀਤਾ, "ਅਸਾਂ ਕਿਸੇ ਦੀ ਈਨ ਹੇਠਾਂ ਆਕੇ ਕੇਸ ਨਹੀਂ ਲੁਹਾਏ, ਸਾਨੂੰ ਕੁਝ ਤਕਲੀਫ ਸੀ, ਅਸਾਂ ਲੁਹਾ ਦਿਤੇ। ਨਾਲੇ ਤੂੰ ਕਦੀ ਗ੍ਰੰਥ ਸਾਹਿਬ ਵਿਚੋਂ ਕਬੀਰ ਦੀਆਂ ਇਹ ਤੁਕਾਂ ਨਹੀਂ ਪੜ੍ਹੀਆਂ:-

ਕਬੀਰ ਪ੍ਰੀਤ ਇਕ ਸਿਉ ਕੀਏ<br>
ਆਨ ਦੁਬਿਧਾ ਜਾਇ।<br>
ਭਾਵੇ ਲਾਂਬੇ ਕੇਸ ਕਰੁ<br>
ਭਾਵੇ ਘਰਰਿ ਮੁੰਡਾਇ। (੧੩੬੫)

ਸੰਤਾਂ ਨੇ ਇਹ ਪੰਗਤੀਆਂ ਇਸ ਤਰ੍ਹਾਂ ਸਹਿਜ ਅਵਸਥਾ ਵਿਚ ਸੁਣਾਈਆਂ ਕਿ ਪਸ਼ੌਰੀਆ ਸਿੱਖ ਨਿਰੁਤ੍ਰ ਹੋ ਕੇ ਰਹਿ ਗਿਆ ਤੇ ਇਸ ਤੋਂ ਬਾਦ ਉਸ ਨੂੰ ਹੋਰ ਕੁਝ ਪੁੱਛਣ ਦੀ ਜੁਅਰਤ ਹੀ ਨਾ ਪਈ।



Namdhari Elibrary NamdhariElibrary@gmail.com

## ਉਤਕ ਸਲੋਕ ਸਾਧ ਕੇ ਬਚਨ ।
## ਅਮੁਲੀਕ ਲਾਲ ਇਹ ਰਤਨ :-

ਇਕ ਦਿਨ ਸਵੇਰੇ ਹੀ ਸੇਠ ਤੇਜਾ ਸਿੰਘ ਜੀ ਹੈਦਰਾਬਾਦ ਵਾਲਿਆਂ ਦੀ ਦੁਕਾਨ ਉਤੇ ਸੰਤ ਜੀ ਦਾ ਲੰਗਰ ਹੋਣਾ ਸੀ । ਸੂਬਾ ਗੰਡਾ ਸਿੰਘ ਜੀ ਨੇ ਸੋਚਿਆ ਉਥੇ ਜਾਕੇ ਸੰਤਾਂ ਦੇ ਦਰਸ਼ਨ ਕਰ ਆਵਾਂ । ਘਰੋਂ ਟੁਰਣ ਲਗਿਆਂ ਅੱਧਾ ਪ੍ਰਸ਼ਾਦਾ ਮੱਖਣ ਤੇ ਲੱਸੀ ਨਾਲ ਛਕ ਲਿਆ । ਸੇਠ ਤੇਜਾ ਸਿੰਘ ਦੇ ਘਰ ਪਹੁੰਚਕੇ ਸੰਤਾਂ ਦੇ ਚਰਨਾਂ ਤੇ ਨਮਸਕਾਰ ਕੀਤੀ । ਸੰਤਾਂ ਨੇ ਤੇਜਾ ਸਿੰਘ ਨੂੰ ਕਹਿਆ, " ਭਾਈ ਗੰਡਾ ਸਿੰਘ ਹੋਰਾਂ ਨੂੰ ਪ੍ਰਸਾਦਾ ਪੁੱਛੋ ।" ਸੂਬਾ ਜੀ ਨੇ ਉਤਰ ਦਿਤਾ, "ਸੰਤ ਜੀ ਮੈਂ ਪ੍ਰਸ਼ਾਦਾ ਛਕ ਬੈਠਾ ਹਾਂ ।" ਸੰਤ ਇਕਦਮ ਬੋਲ ਉਠੇ, "ਐਨਾ ਝੂਠ ?" ਮਨ ਹੀ ਮਨ ਸੂਬਾ ਜੀ ਹੈਰਾਨ ਹੋਏ ਕਿ ਮੈਂ ਤਾਂ ਮੱਖਣ ਤੇ ਲੱਸੀ ਨਾਲ ਪ੍ਰਸ਼ਾਦਾ ਛਕ ਕੇ ਆਇਆ ਹਾਂ ।" ਸੰਤਾਂ ਨੇ ਬਚਨ ਕੀਤਾ, "ਬਹੁ ਤੈਨੂੰ ਇਸ ਵਿਚ ਝੂਠ ਦਾ ਅੰਸ਼ ਦਸਾਂ ?" ਬਚਨ ਮੰਨਕੇ ਸੂਬਾ ਜੀ ਬੈਠ ਗਏ । ਸੰਤਾਂ ਸਮਝਾਇਆ, "ਗੰਡਾ ਸਿੰਘ, ਤੈਨੂੰ ਕਹਿਣਾ ਚਾਹੀਦਾ ਸੀ, ਮੈਂ ਪ੍ਰਸ਼ਾਦਾ ਛਕ ਖਲੋਤਾ ਹੋਇਆ ਹਾਂ, ਕਿਉਂਕਿ ਜਦੋਂ ਤੂੰ ਆਖਿਆ ਸੀ ਕਿ ਮੈਂ ਪ੍ਰਸ਼ਾਦਾ ਛਕ ਬੈਠਾ ਹਾਂ, ਉਸ ਵਕਤ ਤੂੰ ਖਲੋਤਾ ਹੋਇਆ ਸੀ ।" ਸੂਬਾ ਜੀ ਅਰਜ਼ ਕੀਤੀ, "ਬਾਬਾ ਜੀ, ਤੁਸੀਂ ਕ੍ਰਿਪਾ ਤੇ ਬਖਸ਼ਿਸ਼ ਰਖਣੀ ਕਿਉਂਕਿ ਇਸ ਤਰਾਂ ਦੇ ਝੂਠ ਦਿਨ ਦੇ ਵਿਚ ਅਸੀਂ ਕਈ ਵਾਰੀ ਬੋਲਦੇ ਰਹਿੰਦੇ ਹਾਂ । ਅਜਿਹੇ ਝੂਠ ਤੋਂ ਤਾਂ ਕੇਵਲ ਆਪ ਦੀ ਕ੍ਰਿਪਾ ਨਾਲ ਹੀ ਬਚ ਸਕਦੇ ਹਾਂ ?"

ਇਕ ਦਿਨ ਦੁਪਹਿਰ ਵੇਲੇ ਸੰਤ ਜੀ ਸੂਬਾ ਜੀ ਦੇ ਘਰ ਹੀ ਆਰਾਮ ਕਰ ਰਹੇ ਸਨ ਅਤੇ ਸੂਬਾ ਜੀ ਆਪਣੇ ਧਿਆਨ ਵਿਚ ਕੋਲ ਹੀ ਕੁਝ ਕੰਮ ਕਰ ਰਹੇ ਸਨ । ਸੰਤਾਂ ਨੇ ਉਨ੍ਹਾਂ ਨੂੰ ਆਵਾਜ਼ ਦੇ ਕੇ ਬੁਲਾਇਆ ਤੇ ਬਚਨ ਕੀਤਾ, "ਭਾਈ ਗੰਡਾ ਸਿੰਘ, ਕੰਮ ਥੋੜਾ ਕਰਿਆ ਕਰੋ ਤੇ ਭਜਨ ਜ਼ਿਆਦਾ ਕਰੋ । ਇਹ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਹੈ । ਤੁਹਾਡੇ ਥੋੜੇ ਕੰਮ ਵਿਚ ਬਰਕਤ ਜ਼ਿਆਦਾ ਪਵੇਗੀ ।"

ਇਤਨਾ ਬਚਨ ਕਰਕੇ ਕਹਿਆ, "ਜਾਓ, ਕੰਮ ਕਰੋ ।" ਸੋ ਸੰਤ ਜੀ ਦੇ ਕੀਤੇ ਬਚਨ ਅਨੁਸਾਰ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਪਾਰ ਕ੍ਰਿਪਾ ਨਾਲ ਸੂਬਾ



Namdhari Elibrary NamdhariElibrary@gmail.com

ਜੀ ਦੇ ਥੋੜੇ ਕੰਮ ਵਿਚ ਵੀ ਬਰਕਤ ਜ਼ਿਆਦਾ ਹੁੰਦੀ ਰਹੀ ਹੈ। ਸੰਤਾਂ ਦਾ ਇਹ ਬਚਨ ਹਣ ਤਕ ਫਲੀਭੂਤ ਹੋ ਰਿਹਾ ਹੈ।

ਇਸੇ ਤਰਾਂ ਇਕ ਦਿਨ ਸੰਤ ਜੀ ਨੇ ਪੁਛਿਆ, "ਭਾਈ ਗੰਡਾ ਸਿੰਘ, ਕਦੇ ... ਨੂੰ ਨਾਲ ਲੈ ਕੇ ਸੁਤਾ ਹੈ, ਕਿ ਨਹੀਂ ?" ਸੂਬਾ ਜੀ ਨੇ ਹੱਥ ਜੋੜਕੇ ਕਹਿਆ "ਸੰਤ ਜੀ, ਆਪ ਹੀ ਕ੍ਰਿਪਾ ਕਰਕੇ ਦਸੋ।" ਸੰਤਾਂ ਬਚਨ ਕੀਤਾ, 'ਜੇਕਰ ਭਜਨ (ਸਿਮਰਨ) ਕਰਦਿਆਂ ਸੰਵੀਏ ਤਾਂ ਖਸਮ ਨਾਲ ਸੌਂਦਾ ਹੈ ਤੇ ਨਾਲ ਹੀ ਰਹਿੰਦਾ ਹੈ।"

ਸੰਤ ਕੇਸਰ ਸਿੰਘ ਜੀ ਹਰ ਮਹੀਨੇ ਪੰਦਰਾਂ ਵੀਹ ਦਿਨ ਸੂਬਾ ਜੀ ਦੇ ਘਰ ਹੀ ਨਿਵਾਸ ਰਖਦੇ। ਇਕ ਦਿਨ ਸੰਤ ਜੰਗਲ ਪਾਣੀ ਜਾਕੇ ਘਰ ਵਾਪਸ ਆਏ। ਰੋਜ਼ ਦੀ ਤਰਾਂ ਸੂਬਾ ਜੀ ਨੇ ਮੰਜਾ ਡਾਹ ਦਿਤਾ। ਮੰਜੇ ਤੇ ਬੈਠ ਕੇ ਸੰਤ ਆਪਣੀ ਮੌਜ ਵਿਚ ਹੱਸੀ ਜਾਣ। ਸੂਬਾ ਜੀ ਕੋਲ ਚੁਪ ਨਾ ਰਿਹਾ ਗਿਆ ਅਤੇ ਬੇਨਤੀ ਕੀਤੀ, "ਬਾਬਾ ਜੀ ਅਜ ਕੀ ਗਲ ਹੈ ?" ਸੰਤਾਂ ਬਚਨ ਕੀਤਾ, "ਅਜ ਸਤਿਗੁਰੂ ਰਾਮ ਸਿੰਘ ਜੀ ਸਾਨੂੰ ਕੀ ਕੌਤਕ ਦਿਖਾਣ ਲਗੇ ਹਨ। ਹੁਣੇ ਹੀ ਇਕ ਕੁੱਤੇ ਨੇ ਆਣਕੇ ਸਾਡੀ ਚਾਦਰ ਤੇ ਮੂਤਰਨਾ ਹੈ। ਜਿਸ ਕਰਕੇ ਮੈਂ ਹੱਸ ਰਿਹਾ ਹਾਂ।" ਸੂਬਾ ਜੀ ਨੇ ਅਰਜ਼ ਕੀਤੀ, "ਬਾਬਾ ਜੀ, ਜੇ ਹੁਕਮ ਹੋਵੇ ਤਾਂ ਮੈਂ ਕੋਠੇ ਉਤੇ ਇਹ ਚਾਦਰ ਪਾ ਆਵਾਂ ?" ਸੰਤਾਂ ਹੁਕਮ ਕੀਤਾ, "ਨ ਭਾਈ ਸਤਿਗੁਰਾਂ ਦੀ ਰਜ਼ਾ ਵਿਚ ਹੀ ਰਹਿਣਾ ਠੀਕ ਹੈ।"

ਇਸ ਬਚਨ ਤੋਂ ਬਾਦ ਸੂਬਾ ਜੀ ਨੇ ਜਲ ਦੀ ਗਾਗਰ ਲਿਆਂਦੀ ਤੇ ਚੌਂਕੀ ਡਾਹ ਦਿਤੀ।ਸੰਤਾਂ ਨੇ ਆਪਣੀ ਹੱਥੀ ਇਸ਼ਨਾਨ ਕੀਤਾ ਅਤੇ ਮੰਜੇ ਉਤੇ ਜਾ ਬੈਠੇ। ਫਿਰ ਬਚਨ ਕੀਤਾ, "ਰਾਤੀ ਚਾਦਰੇ ਉਤੇ ਥੁੱਕਾਂ ਪੈ ਗਈਆਂ ਸਨ, ਇਸ ਵਾਸਤੇ ਇਸ ਨੂੰ ਧੋ ਕੇ ਮੇਰੇ ਸਾਹਮਣੇ ਸੁਕਣੇ ਪਾ ਦੇਵੋ।" ਹੁਕਮ ਅਨੁਸਾਰ ਉਸੇ ਤਰਾਂ ਕੀਤਾ ਗਿਆ ਅਤੇ ਇਕ ਕਰਮੰਡਲ ਜਲ ਦਾ ਭਰਕੇ ਮੰਜੇ ਦੇ ਸਰ੍ਹਾਣੇ ਰਖ ਦਿਤਾ। ਥੋੜੀ ਦੇਰ ਬਾਦ ਇਕ ਕੁੱਤਾ ਆਇਆ ਅਤੇ ਚਾਦਰ ਉਤੇ ਮੂਤਰ ਗਿਆ। ਸੰਤ ਜੀ ਇਹ ਸਭ ਕੁਝ ਵੇਖ ਰਹੇ ਸਨ ਅਤੇ ਕੁੱਤੇ ਦੇ ਜਾਣ ਬਾਦ ਫਿਰ ਹੱਸੇ ਅਤੇ ਸੂਬਾ ਜੀ ਨੂੰ ਕਹਿਣ ਲਗੇ, "ਇਤਨੇ ਕੁ ਹਿੱਸੇ ਨੂੰ ਦੁਬਾਰਾ ਧੋ ਕੇ ਸੁਕਣੇ ਪਾ ਦੇਵੋ।" ਸੂਬਾ ਜੀ ਨੇ ਹੁਕਮ ਅਨੁਸਾਰ ਉਸੇ ਤਰ੍ਹਾਂ (ਥੋੜੀ) ਚਾਦਰ ਧੋ ਕੇ ਸੁਕਣੇ ਪਾ ਦਿਤੀ। ਫਿਰ ਸਾਰੀ ਦਿਹਾੜੀ ਕਈ ਕੁੱਤੇ ਪਾਸੋਂ ਦੀ ਲੰਘਦੇ ਰਹੇ ਪਰ ਚਾਦਰ ਦੇ ਨੇੜੇ ਕੋਈ ਨ ਆਇਆ।

ਇਕ ਦਿਨ ਦੀਵਾਨ ਦੀ ਸਮਾਪਤੀ ਹੋਣ ਤੇ ਸਾਰੀ ਸਾਧ-ਸੰਗਤ ਆਪੋ ਆਪਣੇ ਘਰ ਚਲੀ ਗਈ। ਜਿਸ ਘਰ ਦੀਵਾਨ ਸੀ, ਉਹ ਵੀ ਆਰਾਮ ਨਾਲ ਸੌਂ



Namdhari Elibrary NamdhariElibrary@gmail.com

ਗਏ। ਪਰ ਕਿਸੇ ਨੇ ਸੰਤਾਂ ਦੇ ਬਿਰਾਜਨ ਵਾਸਤੇ ਪ੍ਰਬੰਧ ਕਰਨ ਦਾ ਕੋਈ ਖਿਆਲ ਹੀ ਨ ਕੀਤਾ। ਪੋਹ-ਮਾਘ ਦੀ ਰਾਤ ਸੀ ਤੇ ਖੂਬ ਕੜਾਕੇ ਦੀ ਠੰਡ ਸੀ। ਸੰਤ ਜੀ ਨੇ ਭੀ ਕਿਸੇ ਸਰੀਰ ਨੂੰ ਆਪਣੇ ਬਿਰਾਜਨ ਸੰਬੰਧੀ ਕੁਝ ਨ ਆਖਿਆ ਤੇ ਜਿਥੇ ਦੀਵਾਨ ਲਗਾ ਸੀ, ਉਸੇ ਵਿਹੜੇ ਵਿਚ ਫਿਰ ਤੁਰ ਕੇ ਹੀ ਰਾਤ ਗੁਜ਼ਾਰ ਦਿਤੀ। ਸਵੇਰੇ ਉਠਕੇ ਜਦੋਂ ਘਰ ਵਾਲਿਆਂ ਨੂੰ ਆਪਣੀ ਗਲਤੀ ਦਾ ਪਤਾ ਲਗਾ ਤਾਂ ਸਾਰੇ ਪਰਵਾਰ ਨੇ ਸੰਤਾਂ ਪਾਸੋਂ ਮੁਆਫ਼ੀ ਮੰਗਣ ਲਈ ਅਰਜ਼ ਕੀਤੀ।

ਸੰਤ ਜੀ ਨੇ ਬਚਨ ਕੀਤਾ, "ਭਾਈ ਕੋਈ ਗੱਲ ਨਹੀਂ, ਸਗੋਂ ਸਾਰੀ ਰਾਤ ਭਜਨ ਕਰਨ ਦਾ ਸਮਾਂ ਮਿਲ ਗਿਆ। ਸਾਰੀ ਰਾਤ ਮੈਂ ਵਿਹੜੇ ਵਿਚ ਫਿਰਦਾ ਤੁਰਦਾ ਰਿਹਾ ਤੇ ਨੀਂਦ ਮੇਰੇ ਨੇੜੇ ਹੀ ਨਹੀਂ ਆਈ।"

ਸੰਤ ਜੀ ਆਮ ਤੌਰ ਤੇ ਆਪਣੇ ਚਰਨਾਂ ਉਤੇ ਹੱਥ ਲਾ ਕੇ ਮੱਥਾ ਟੇਕਣ ਦੇ ਸ਼ਰਧਾਲੂਆਂ ਨੂੰ ਹਟਾਂਦੇ ਹੀ ਰਹਿੰਦੇ, ਪਰ ਕਦੇ ਕਦੇ ਮੌਜ ਵਿਚ ਸੇਵਕਾਂ ਨੂੰ ਮੱਥਾ ਟੇਕ ਵੀ ਲੈਣ ਦਿੰਦੇ।

ਅਗੇ ਪਿਛੇ ਜੋ ਕੋਈ ਚਰਨਾਂ ਨੂੰ ਹੱਥ ਲਾਕੇ ਮੱਥਾ ਟੇਕਣ ਲਗਦਾ ਤਾਂ ਬਚਨ ਕਰਦੇ, "ਗਊ, ਮੱਝ ਨੇ ਜਦੋਂ ਨ ਮਿਲਣਾ ਹੋਵੇ ਤਾਂ ਕਟੇ ਵੱਛੇ ਨੂੰ ਲਾਗੇ ਨਹੀਂ ਲਗਣ ਦਿੰਦੀ ਤੇ ਸਿਆਣੇ ਕਟੇ ਵੱਛੇ ਵੀ ਨੇੜੇ ਨਹੀਂ ਜਾਂਦੇ, ਕੀ ਤੁਸੀਂ ਪਸ਼ੂਆਂ ਜਿਤਨੀ ਭੀ ਅਕਲ ਨਹੀਂ ਰਖਦੇ", ਜੇਕਰ ਕੋਈ ਆਦਮੀ ਸੰਤਾਂ ਨੂੰ ਚੁਪ ਚੁਪੀਤਾ ਚਰਨਾਂ ਤੇ ਮੱਥਾ ਟੇਕਦਾ ਤਾਂ ਸੰਤ ਜੀ ਆਪਣਾ ਪਰਨਾ ਲਾਹ ਕੇ ਉਸਦੇ ਪੈਰਾਂ ਵਿਚ ਸੁੱਟ ਦਿੰਦੇ। ਸੂਬਾ ਜੀ ਸੰਤਾਂ ਦੇ ਹੋਰ ਨਿਕਟ ਵਰਤੀਆਂ ਨੇ ਵਿਚਾ-ਰਿਆ ਕਿ ਸੰਤ ਜਦੋਂ ਆਪਣੇ ਚਰਨਾਂ ਉਤੇ ਹੱਥ ਟਿਕਾਈ ਰਖਦੇ ਹਨ, ਮੱਥਾ ਟਿਕਾਉਣ ਦੀ ਰਜ਼ਾ ਨਹੀਂ ਰਖਦੇ ਇਸ ਕਰਕੇ ਕੋਈ ਵੀ ਇਹਨਾਂ ਦੇ ਚਰਨਾਂ ਉਤੇ ਹੱਥ ਰਖਿਆ ਵੇਖਕੇ ਮੱਥਾ ਨ ਟੇਕਦਾ। ਸਗੋਂ ਦੂਰੋਂ ਹੀ ਸੰਤਾਂ ਨੂੰ ਨਮਸਕਾਰ ਕਰਕੇ ਬੈਠ ਜਾਂਦੇ।

ਇਕ ਦਿਨ ਸੰਤ ਜੀ ਲਾਹੌਰੋਂ ਵਾਪਸੀ ਸਮੇਂ ਪੈਦਲ ਹੀ ਆ ਰਹੇ ਸਨ। ਸੰਤਾਂ ਦੇ ਦੋਵੇਂ ਸੇਵਾਦਾਰ (ਲਹਿਣਾ ਸਿੰਘ ਝੰਡਾ ਸਿੰਘ) ਵੀ ਨਾਲ ਹੀ ਸਨ। ਰਾਹ ਵਿਚ ਰਾਵੀ ਦਰਿਆ ਪਾਰ ਕਰਨਾ ਸੀ। ਸੰਤ ਜੀ ਆਪਣੇ ਰੰਗ ਵਿਚ ਭਜਨ ਕਰਦੇ ਪਊਵਿਆਂ ਉਤੇ ਖੁਸ਼ਕ ਰਾਹ ਵਾਂਗ ਤੁਰੇ ਆ ਰਹੇ ਸਨ, ਪਰ ਜਦ ਪਿਛਾਂਹ ਧਿਆਨ ਮਾਰਿਆ ਤਾਂ ਦੋਵੇਂ ਸੇਵਕ ਦਰਿਆ ਦੇ ਕੰਢੇ ਉਤੇ ਹੀ ਖੜੋਤੇ ਹੋਏ ਸਨ। ਸੰਤਾਂ ਨੇ ਉਹਨਾਂ ਨੂੰ ਖਲੋਤਿਆਂ ਵੇਖਕੇ ਉੱਚੀ ਸਾਰੀ ਬਚਨ ਕੀਤਾ, "ਓਏ ਨਕਾਰਿਓ, ਤੁਸਾਂ ਬੇਪ੍ਰਤੀਤੀ ਕੀਤੀ, ਨਹੀਂ ਤਾਂ ਤੁਸੀਂ ਵੀ ਮਗਰੇ ਹੀ ਲੰਘ ਆਉਣਾ ਸੀ।"


Namdhari Elibrary NamdhariElibrary@gmail.com

ਇਕ ਦਿਨ ਮਸਤਾਨਾ ਮਿਲਖਾ ਸਿੰਘ ਸਾਉਣ ਸਿੰਘ ਹੋਰਾਂ ਦੀ ਦੁਕਾਨ ਤੇ ਆਇਆ ਤੇ ਸੰਤ ਕੇਸਰ ਸਿੰਘ ਜੀ ਨੂੰ ਕਹਿਣ ਲਗਾ, "ਮੈਨੂੰ ਮਾਇਆ ਦੇਹ"। ਅਗੋਂ ਆਪ ਜੀ ਨੇ ਬਚਨ ਕੀਤਾ, "ਭਾਈ, ਇਹ ਮਾਇਆ ਤਾਂ ਸਤਿਗੁਰੂ ਜੀ ਦੇ ਲੰਗਰ ਲਈ ਹੈ, ਮੈਂ ਤੈਨੂੰ ਕਿਸ ਤਰ੍ਹਾਂ ਦੇ ਸਕਦਾ ਹਾਂ ?" ਮਸਤਾਨੇ ਨੂੰ ਇਕਦਮ ਕ੍ਰੋਧ ਆ ਗਿਆ ਤੇ ਗੁੱਸੇ ਵਿਚ ਆ ਕੇ ਸੰਤਾਂ ਦਾ ਗਲਾ ਫੜ ਲਿਆ। ਜ਼ੋਰ ਦੀ ਦੋਹਾਂ ਹੱਥਾਂ ਵਿਚ ਲੈਕੇ ਮੰਜੀ ਦੀ ਦੋਣ ਵਿਚ ਦਬਾਇਆ। ਸੰਤਾਂ ਨੇ ਦੁਖ ਅਨੁਭਵ ਕੀਤਾ ਤੇ ਬਚਨ ਕੀਤਾ, "ਜਾ ਓਏ ਖੂਨੀਆ।" ਦੂਸਰੇ ਹੀ ਦਿਨ ਸੰਤਾਂ ਦਾ ਵਾਕ ਕੰਮ ਕਰ ਗਿਆ। ਮਿਲਖਾ ਸਿੰਘ, ਵਧਾਵਾ ਸਿੰਘ ਨਾਮਧਾਰੀ ਭੂਪਾਲ ਵਾਲੇ ਦੇ ਘਰ ਬੈਠਾ ਸ਼ਰਦਾਈ ਘੋਟ ਰਿਹਾ ਸੀ। ਇਕ ਸਿੱਖ ਉਹਦੇ ਕੋਲ ਆਇਆ। ਮਿਲਖਾ ਸਿੰਘ ਨੇ ਕਿਹਾ, "ਸ਼ਰਦਾਈ ਕੋਲੋਂ ਪਰੇ ਹਟ ਜਾਹ।" ਉਹ ਸ਼ਰਦਾਈ ਕੋਲੋਂ ਪਰੇ ਨ ਹੱਟਿਆ ਤਾਂ ਮਿਲਖਾ ਸਿੰਘ ਨੇ ਉਸਨੂੰ ਸਿਰ ਵਿਚ ਡੰਡਾ ਕੱਢ ਮਾਰਿਆ। ਡੰਡਾ ਐਨੀ ਜ਼ੋਰ ਦਾ ਵੱਜਾ ਕਿ ਉਸ ਸਿੱਖ ਨੇ ਉਥੇ ਹੀ ਪ੍ਰਾਣ ਤਿਆਗ ਦਿਤੇ ਤੇ ਸੰਤਾਂ ਦਾ ਬਚਨ ਪੂਰਾ ਹੋ ਗਿਆ। ਕਿਉਂਕਿ :

"ਗਿਰਿ ਬਸੁਧਾ ਜਲ ਪਾਵਨ ਜਾਇਗੋ
ਇਕ ਸਾਧ ਬਚਨ ਅਟਲਾਧਾ ॥

ਪੁਲਿਸ ਵਾਲੇ ਮਿਲਖਾ ਸਿੰਘ ਨੂੰ ਉਸੇ ਵੇਲੇ ਫੜਕੇ ਲੈ ਗਏ ਤੇ ਉਸ ਤੇ ਮੁਕਦਮਾ ਚਲਾਇਆ ਗਿਆ। ਮਿਲਖਾ ਸਿੰਘ ਨੇ ਬਹੁਤ ਪਛਤਾਵਾ ਕੀਤਾ। ਸੱਚੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਲਿਖਕੇ ਭੇਜੀ। ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ ਕਿ ਅਗਰ ਉਹ ਸੱਚ ਬੋਲੇਗਾ ਤਾਂ ਹਰ ਤਰ੍ਹਾਂ ਨਾਲ ਉਸਦੀ ਮਦਦ ਹੋਵੇਗੀ। ਮਿਲਖਾ ਸਿੰਘ ਨੇ ਹੁਕਮ ਦੀ ਪਾਲਨਾ ਕੀਤੀ ਤੇ ਥਾਨੇਦਾਰ ਕੋਲ ਜਾਕੇ ਹਰ ਵਾਰੀ ਸੱਚ ਬੋਲਿਆ। ਪਰ ਕਚਹਿਰੀ ਵਿਚ ਜਾਕੇ ਸਭ ਕੁਝ ਜਿਵੇਂ ਉਸਨੇ ਭੁਲਾ ਛਡਿਆ ਤੇ ਉਥੇ ਜਾਕੇ ਬਿਲਕੁਲ ਸਾਫ ਸਾਫ ਮੁਕਰ ਗਿਆ। ਨਤੀਜਾ ਇਹ ਹੋਇਆ ਕਿ ਮਿਲਖਾ ਸਿੰਘ ਨੂੰ ਸੋਲਾਂ ਸਾਲਾਂ ਲਈ ਕਾਲੇ ਪਾਣੀ ਦੀ ਸਜ਼ਾ ਹੋ ਗਈ।

ਇਕ ਦਿਨ ਨਾਮਧਾਰੀ ਧਰਮਸ਼ਾਲਾ ਵਿਚ, ਜਿਹੜੀ ਗੋਦਲਾਂਵਾਲੇ ਦੀ ਸੜਕ ਤੇ ਸੀ, ਸੰਤ ਆਲਾ ਸਿੰਘ ਜੀ ਪ੍ਰਚਾਰ ਕਰ ਰਹੇ ਸਨ, "ਸਾਧ ਸੰਗਤ ਜੀ, ਵੰਡਕੇ ਛਕਿਆ ਕਰੋ, ਕਿਉਂਕਿ ਇਹ ਸਿੱਖੀ ਦੇ ਪ੍ਰਮੁਖ ਅਸੂਲਾਂ ਵਿਚ ਇਕ ਹੈ।" ਸੰਤ ਕੇਸਰ ਸਿੰਘ ਜੀ ਨੇ ਜਦ ਇਹ ਬਚਨ ਸੁਣਿਆ, ਤਾਂ ਇਕਦਮ ਬੋਲ ਉਠੇ, "ਓਏ ਆਲਿਆ, ਤੂੰ ਕਿੰਨਾ ਕੁ ਵੰਡ ਕੇ ਛਕਦਾ ਹੈਂ ? ਤੂੰ ਕਿੰਨਿਆਂ ਨੂੰ ਖੁਵਾਕੇ ਖਾਂਦਾ ਹੈਂ ? ਤੂੰ ਕਿੰਨੀ ਕੁ ਕਿਰਤ ਕਰਕੇ ਸਾਧ ਸੰਗਤ ਦੀ ਸੇਵਾ ਕਰਦਾ ਹੈਂ ? ਜਿਹੜਾ ਤੂੰ ਸੰਗਤ ਨੂੰ ਪ੍ਰਚਾਰ ਕਰ ਰਿਹਾ ਹੈਂ। ਬਿਨਾਂ ਇਸ ਤੇ ਖੁਦ ਅਮਲ ਕੀਤੇ



Namdhari Elibrary NamdhariElibrary@gmail.com

ਦੂਸਰਿਆਂ ਤੇ ਇਸਦਾ ਅਸਰ ਕੀ ਹੋਵੇਗਾ ?" ਇਹਨਾਂ ਬਚਨਾਂ ਵਿਚ ਕੁਝ ਅਨੋਖਾ ਹੀ ਪ੍ਰਭਾਵ ਸੀ, ਤੀਰ ਨਿਸ਼ਾਨੇ ਤੇ ਲਗਾ। ਆਲਾ ਸਿੰਘ ਜੀ ਨੇ ਬੜੀ ਖੁਸ਼ੀ ਨਾਲ ਸੰਤਾਂ ਦੇ ਬਚਨ ਨੂੰ ਸਵੀਕਾਰ ਕੀਤਾ ਤੇ ਉਸ ਦਿਨ ਤੋਂ ਪਿਛੋਂ ਆਪਣੇ ਪਿੰਡ ਵਰਨਾ ਵਿਚ ਆਪਣੇ ਜਥੇ ਸਮੇਤ ਡੇਰਾ ਬਣਾਕੇ ਬਹਿ ਗਏ ਤੇ ਵਾਹੀ ਕਰਕੇ ਸਾਧ-ਸੰਗਤ ਦੀ ਸੇਵਾ ਕਰਦੇ ਰਹੇ।

ਸੰਤ ਕੇਸਰ ਸਿੰਘ ਜੀ ਨੂੰ ਆਪਣੀ ਵਡਿਆਈ ਬਿਲਕੁਲ ਨਹੀਂ ਸੀ ਚੰਗੀ ਲਗਦੀ। ਇਕ ਦਿਨ ਇੰਦਰ ਸਿੰਘ ਜਥੇਦਾਰ ਦੇ ਘਰ ਦੇ ਸਾਹਮਣੇ ਖੁਲੀ ਜਗ੍ਹਾ ਬੇਰੀ ਦੇ ਥਲੇ ਆਪ ਜੀ ਬੈਠੇ ਸਨ। ਆਪ ਜੀ ਦਾ ਇਹ ਦ੍ਰਿਸ਼ ਡਾਕਟਰ ਕਪੂਰ ਸਿੰਘ ਨੂੰ ਚੰਗਾ ਲਗਾ ਅਤੇ ਫਟਾਫਟ ਕੈਮਰਾ ਲੈ ਕੇ ਲਗਾ ਉਸ ਦ੍ਰਿਸ਼ ਨੂੰ ਕੈਮਰੇ ਵਿਚ ਉਤਾਰਨ। ਸੰਤਾਂ ਨੇ ਹੁਕਮ ਕੀਤਾ, "ਡਾਕਟਰ, ਸਾਡੀ ਫੋਟੋ ਨਾ ਲਾਹ, ਮੈਨੂੰ ਇਹ ਕੰਮ ਪਸੰਦ ਨਹੀਂ ?" ਪਰ ਡਾਕਟਰ ਆਪਣੇ ਕੰਮ ਤੋਂ ਨਾ ਹਟਿਆ, ਜਦੋਂ ਡਾਕਟਰ ਨੇ ਨੈਗੇਟਿਵ ਵੇਖਿਆ ਤਾਂ ਬਿਲਕੁਲ ਸਾਫ਼ ਸੀ, ਬੜੀ ਹੈਰਾਨਗੀ ਨਾਲ ਫਿਰ ਫੋਟੋ ਖਿਚਣ ਦਾ ਜਤਨ ਕਰਨ ਲਗਾ। ਸੰਤਾਂ ਆਖਿਆ, "ਭਈ ਤੈਨੂੰ ਆਖਿਆ ਸੀ ਕਿ ਫੋਟੋ ਨ ਲਾਹ, ਹੁਣ ਵੀ ਬਚਨ ਮੰਨ, ਸਾਡੀ ਫੋਟੋ ਨਹੀਂ ਆਉਣੀ।" ਪਰ ਸੰਤਾਂ ਦੇ ਨਾਂਹ ਨਾਂਹ ਕਰਦਿਆਂ ਵੀ ਡਾਕਟਰ ਨੇ ਬਟਨ ਦਬਾ ਦਿਤਾ। ਜਦ ਫਿਲਮ ਨੂੰ ਧੋ ਕੇ ਵੇਖਿਆ ਤਾਂ ਬਿਲਕੁਲ ਹੀ ਸਾਫ਼ ਸੀ। ਤਿੰਨ ਚਾਰ ਵਾਰੀ ਜਤਨ ਕਰਨ ਦੇ ਬਾਵਜੂਦ ਜਦ ਫੋਟੋ ਨ ਆਈ ਤਾਂ ਡਾਕਟਰ ਢਹਿਕੇ ਸੰਤਾਂ ਦੀ ਚਰਨੀਂ ਲਗਾ ਤੇ ਗਲਤੀ ਦੀ ਮਾਫ਼ੀ ਮੰਗੀ।

ਇਕ ਦਿਨ ਸੰਤ ਸਾਵਣ ਸਿੰਘ ਦੀ ਦੁਕਾਨ ਉਤੇ ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲੇ ਮੰਜੇ ਉਤੇ ਬੈਠੇ ਹੋਏ ਸਨ। ਸ: ਨੱਥਾ ਸਿੰਘ ਜੀ ਸਿਆਲ ਕੋਟ ਵਾਲੇ, ਜੋ ਵਸੀਕਾ ਨਵੀਸ ਸਨ, ਦੇ ਸਪੁੱਤ੍ਰ ਸ: ਸਾਧੂ ਸਿੰਘ ਜੀ ਐਸ.ਡੀ.ਓ. (ਜੋ ਉਹਨਾਂ ਦਿਨਾਂ ਵਿਚ ਹਿਸਾਰ ਲਗੇ ਹੋਏ ਸਨ) ਸੰਤਾਂ ਉਤੇ ਬੜੀ ਭਾਵਨਾ ਰਖਦੇ ਸਨ, ਸੰਤਾਂ ਦੇ ਚਰਨਾਂ ਵਿਚ ਪ੍ਰੇਮ ਨਾਲ ਮੱਥਾ ਟੇਕ ਕੇ ਬੈਠ ਗਏ।

ਸੁਖ ਅਨੰਦ ਪੁੱਛਣ ਦੱਸਣ ਤੋਂ ਬਾਦ ਸ: ਸਾਧੂ ਸਿੰਘ ਨੇ ਅਰਜ਼ ਕੀਤੀ, "ਸੰਤ ਜੀ, ਮੇਰਾ ਚਿਤ ਕਰਦਾ ਹੈ ਕਿ ਇਕ ਫੋਟੋ ਆਪ ਜੀ ਦੀ ਬਨਾਕੇ ਦਰਸ਼ਨ ਕਰਨ ਲਈ ਆਪਣ ਪਾਸ ਰਖਿਆ ਕਰਾਂ ? ਹੁਕਮ ਹੋਵੇ ਤਾਂ ਮੈਂ ਫੋਟੋ ਖਿੱਚ ਲਵਾਂ ?" ਸੰਤਾਂ ਬਚਨ ਕੀਤਾ, "ਸ: ਸਾਧੂ ਸਿੰਘ, ਜਿਵੇਂ ਤੇਰੀ ਮਰਜ਼ੀ ਹੈ, ਕਰ ਲੈ।" ਅਰਜ਼ ਪ੍ਰਵਾਨ ਹੋਣ ਤੇ ਸਰਦਾਰ ਜੀ ਨੇ ਮੰਜੇ ਉਤੇ ਬੈਠੇ ਸੰਤਾਂ ਦੀ ਫੋਟੋ ਖਿੱਚ ਲਈ ਜੋ ਬਹੁਤ ਹੀ ਸੁੰਦਰ ਆਈ। ਨੈਗੇਟਿਵ ਲੈ ਕੇ ਸੂਬਾ ਗੜਾ ਸਿੰਘ ਜੀ ਨੇ ੫੦ ਕਾਪੀਆਂ ਕਰਵਾਈਆਂ ਅਤੇ ਸਾਧ ਸੰਗਤ ਵਿਚ ਵੰਡੀਆਂ। ਇਹ ਫੋਟੋ ਬਾਦ ਵਿਚ ਸਤਿਜੁਗ ਦੇ ਬਸਤ ਨੰਬਰ ਵਿਚ ਵੀ ਪ੍ਰਕਾਸ਼ਤ ਹੋਈ।


NamdhariElibrary NamdhariElibrary@gmail.com

ਇਕ ਦਿਨ ਖਿਆਲੀ ਦਰਵਾਜੇ ਸੰਤ ਕਬੀਰ ਜੀ ਦੇ ਘਰ ਦੀਵਾਨ ਸੀ। ਉਸ ਦਿਨ ਮੀਂਹ ਵੀ ਬੜੇ ਜ਼ੋਰ ਦਾ ਵੱਸ ਰਿਹਾ ਸੀ। ਸੰਤ ਕੇਸਰ ਸਿੰਘ ਜੀ ਸੂਬਾ ਜੀ ਦੇ ਘਰ ਸਨ। ਜਦੋਂ ਦੀਵਾਨ ਵਾਲੇ ਘਰ ਜਾਣ ਦਾ ਬਚਨ ਕੀਤਾ, ਤਾਂ ਸੂਬਾ ਜੀ ਨੇ ਅਰਜ ਕੀਤੀ, "ਜ਼ਰਾ ਮੀਂਹ ਠਹਿਰ ਲੈਣ ਦਿਓ। ਫਿਰ ਚਲਾਂਗੇ।" ਸੰਤਾਂ ਨੇ ਮੀਂਹ ਦੀ ਰਤਾ ਪ੍ਰਵਾਹ ਨ ਕੀਤੀ। ਉਹ ਵਰਦੇ ਮੀਂਹ ਵਿਚ ਹੀ ਸੰਤ ਕਬੀਰ ਜੀ ਦੇ ਘਰ ਪਹੁੰਚ ਗਏ।

ਉਥੇ ਜਾ ਕੇ ਪ੍ਰੀਤਮ ਪਿਆਰੇ ਸਤਿਗੁਰੂ ਦੇ ਗੁਣ ਗਾਇਨ ਕਰਦੇ ਰਹੇ। ਸੰਤਾਂ ਨੇ ਬਚਨ ਕੀਤਾ ਕਿ ਫਰੀਦ ਵਾਂਗ ਸਾਡੇ ਅੰਦਰ ਵੀ ਸਤਿਗੁਰੂ ਦੀ ਲਗਨ ਹੋਣੀ ਚਾਹੀਦੀ ਹੈ। ਉਸਨੇ ਅਜਿਹੀ ਦਸ਼ਾ ਵਿਚ ਹੀ ਸ਼ਬਦ ਉਚਾਰਿਆ ਸੀ ਸੀ ਕਿ :-

"ਭਿਜਉ ਸਿਜਉ ਕੰਬਲੀ ਅਲਹੁ ਵਰਸਾਉ ਮੇਹੁ।
ਜਾਇ ਮਿਲਉ ਤਿਨ ਸਜਣਾ ਤੁਟਉ ਨਾਹੀ ਨੇਹੁ।"

ਇਸ ਤਰਾਂ ਸਾਰੀ ਰਾਤ ਸ਼ਬਦ ਕੀਰਤਨ ਤੇ ਕਥਾ ਵਾਰਤਾ ਦਾ ਪ੍ਰੋਗ੍ਰਾਮ ਚਲਦਾ ਰਿਹਾ। ਦੂਸਰੇ ਦਿਨ ਪ੍ਰਸ਼ਾਦ ਪਾਣੀ ਛਕ ਕੇ ਉਥੋਂ ਆਏ।

ਸੰਤ ਜੀ ਕੇਵਲ ਮਨੁੱਖਾਂ ਨਾਲ ਹੀ ਪਿਆਰ ਨਹੀਂ ਸਨ ਕਰਦੇ ਸਗੋਂ ਗੁਰਬਾਣੀ ਦੀ ਇਸ ਪੰਗਤੀ ਅਨੁਸਾਰ :-

"ਮਨੁ ਸੰਤੋਖ ਸਰਬ ਜੀਅ ਦਇਆ"

ਆਪ ਕੁਦਰਤ ਦੇ ਸਾਰੇ ਜੀਵ-ਜੰਤੂਆਂ ਪਸ਼ੂ- ਪੰਛੀਆਂ ਨਾਲ ਪਿਆਰ ਕਰਿਆ ਕਰਦੇ ਸਨ। ਸੰਤ ਕਦੇ ਕਦੇ ਮੌਜ ਵਿਚ ਆਕੇ ਪਸ਼ੂ ਪੰਛੀਆਂ ਤੇ ਹੋਰ ਕੁਦਰਤ ਦੇ ਕ੍ਰਿਸ਼ਮੇ ਵੇਖਕੇ ਆਖਿਆ ਕਰਦੇ, "ਸਾਰਿਆਂ ਵਿਚ ਹੀ ਮੇਰੇ ਮਾਲਕ ਦੀ ਜੋਤ ਵਿਆਪ ਰਹੀ ਹੈ।" ਏਸੇ ਅਵਸਥਾ ਵਿਚ ਹੀ ਹਰ ਮਨੁੱਖ, ਪਸ਼ੂ, ਪੰਛੀ, ਜੀਵ- ਜੰਤੂ ਨਾਲ ਬਹੁਤ ਪਿਆਰ ਕਰਦੇ।

"ਹਸਤ ਕੀਟ ਕੇ ਬੀਚ ਸਮਾਨਾ।"

ਇਕ ਦਿਨ ਸੰਤ ਬਲਵੰਤ ਸਿੰਘ ਜੀ ਆੜ੍ਹਤੀ ਮੰਡੀ ਵਾਲੇ ਦੀ ਦੁਕਾਨ ਉਤੇ ਕੀਰਤਨ ਸੀ। ਦੀਵਾਨ ਬੜੇ ਜ਼ੋਰਾਂ ਵਿਚ ਲਗਾ ਹੋਇਆ ਸੀ। ਥੋੜੀ ਦੂਰ ਤੇ ਇਕ ਘੋੜਾ ਬੜੇ ਵਡੇ ਕੜਾਹੇ ਨਾਲ ਬੰਨ੍ਹਿਆ ਹੋਇਆ ਸੀ, ਕਿ ਅਚਾਨਕ ਹੀ ਘੋੜਾ ਕੜਾਹੇ ਸਮੇਤ ਦੌੜ ਪਿਆ, ਦੌੜਦਿਆਂ ਵੇਖ ਸਾਰੀ ਸੰਗਤ ਦੀਵਾਨ ਵਿਚੋਂ ਉਠਕੇ ਏਧਰ ਓਧਰ ਖਿਲਰ ਗਈ। ਸਾਧ-ਸੰਗਤ ਨੂੰ ਦੀਵਾਨ ਦਾ ਰਸ



Namdhari Elibrary NamdhariElibrary@gmail.com

ਤਾਂ ਭੁੱਲ ਗਿਆ ਤੇ ਸਾਰੇ ਹੈਰਾਨ ਪਰੇਸ਼ਾਨ ਹੋ ਰਹੇ ਸਨ, ਪਰ ਸੰਤ ਜੀ ਆਪਣੇ ਆਸਣ ਤੇ ਅਡੋਲ ਬੈਠੇ ਰਹੇ । ਘੋੜਾ ਵੀ ਸੰਤਾਂ ਕੋਲ ਆ ਕੇ ਰੁਕ ਗਿਆ । ਸਾਰੀ ਸੰਗਤ ਇਹ ਕੌਤਕ ਵੇਖਕੇ ਹੈਰਾਨ ਹੋ ਗਈ । ਸੰਤ ਜੀ ਦੇ ਪ੍ਰਭਾਵ ਨਾਲ ਪਸ਼ੂ-ਪੰਛੀ ਭੀ ਮਸਤ ਹੋ ਜਾਂਦੇ ਸਨ, ਅਤੇ ਆਪਣੇ ਪਸ਼ੂ ਬ੍ਰਿਤੀ ਭੀ ਤਿਆਗ ਦਿੰਦੇ ਸਨ ।

ਇਕ ਦਿਨ ਕਿਸੇ ਧਨੀ ਸਿੱਖ ਦੇ ਘਰ ਲੰਗਰ ਸੀ । ਸੰਤ ਚਵਿੰਡੇ ਵਾਲੇ ਭੀ ਥਾਲੀ ਲੈ ਕੇ ਪੰਗਤ ਵਿਚ ਬੈਠ ਗਏ । ਸਿੱਖਾਂ ਨੇ ਕੜਾਹ ਪ੍ਰਸਾਦਿ ਵਰਤਾਇਆ ਪਰ ਸੰਤਾਂ ਨੂੰ ਇਹ ਪ੍ਰਸ਼ਾਦਿ ਸੁਆਦ ਨਾ ਲਗਾ । ਵਰਤਾਵਿਆਂ ਨੇ ਫਿਰ ਦੂਸਰੀ ਵਾਰੀ ਵੀ ਕੜਾਹ ਪ੍ਰਸ਼ਾਦਿ ਹੀ ਲਿਆਂਦਾ । ਸੰਤਾਂ ਨੇ ਪ੍ਰਸ਼ਾਦਿ ਪਹਿਲਾਂ ਹੀ ਘਟ ਛਕਿਆ ਸੀ ਦੂਸਰੀ ਵਾਰੀ ਵੀ ਕੜਾਹ ਪ੍ਰਸ਼ਾਦਿ ਵਰਤਦਾ ਵੇਖਕੇ ਸੰਤ ਪੰਗਤ ਵਿਚੋਂ ਉਠ ਬੈਠੇ । ਸੂਬਾ ਗੰਡਾ ਸਿੰਘ ਜੀ ਦੇ ਘਰ ਆ ਗਏ ਅਤੇ ਬਚਨ ਕੀਤਾ, "ਅਜ ਅਸੀਂ ਭੁਖੇ ਹੀ ਤੁਰ ਆਏ ਹਾਂ । ਘੜੀ ਮੁੜੀ ਕੜਾਹ ਪੂਰੀ ਹੀ ਪੁਛਦੇ ਸਨ । ਪ੍ਰਸ਼ਾਦੇ ਲਈ ਸਾਨੂੰ ਕਿਸੇ ਨੇ ਪੁਛਿਆ ਹੀ ਨਹੀਂ ਤੇ ਕੜਾਹ ਖਾਣ ਦਾ ਮੈਨੂੰ ਕੋਈ ਸੁਆਦ ਹੀ ਨਹੀਂ ਸੀ ਆਇਆ ।" ਸੂਬਾ ਜੀ ਦੀ ਸੁਪਤਨੀ ਕੇਸਰ ਕੌਰ ਨੇ ਅਰਜ਼ ਕੀਤੀ,"ਬਾਬਾ ਜੀ ਮੈਂ ਹੁਣੇ ਹੀ ਪ੍ਰਸਾਦਾ ਪਕਾਉਂਦੀ ਹਾਂ ।" ਸੰਤਾਂ ਬਚਨ ਕੀਤਾ, "ਲੋੜ ਹੋਈ ਤਾਂ ਸ਼ਾਮ ਨੂੰ ਅੱਧਾ ਪ੍ਰਸ਼ਾਦਾ ਛਕਾਂਗੇ ।" ਸੰਤਾਂ ਦੇ ਬਚਨਾਂ ਤੋਂ ਪਤਾ ਲਗਦਾ ਹੈ ਕਿ ਸੰਤਾਂ ਨੂੰ ਅਮੀਰ ਘਰ ਦੇ ਪਦਾਰਥਾਂ ਨਾਲੋਂ ਭਾਈ ਲਾਲੋ ਜੈਸੇ ਕਿਰਤੀ ਸੇਵਕ ਦਾ ਰੁੱਖਾ ਮਿੱਸਾ ਪ੍ਰਸ਼ਾਦਾ ਚੰਗਾ ਲਗਦਾ ਸੀ ।

ਸੰਤ ਜੀ ਇਕ ਪੂਰਨ ਤਿਆਗੀ ਮਹਾਤਮਾ ਸਨ, ਇਕ ਕਰਮੰਡਲ ਸਵਾ ਗਜ ਪਰਨਾ, ਇਕ ਚਾਦਰ ਦੋ ਕਛਹਿਰੇ ਤੇ ਪਊਇਆਂ ਦੀ ਜੋੜੀ ਤੋਂ ਬਿਨਾਂ ਹੋਰ ਕੁਝ ਪਾਸ ਨਾ ਰਖਦੇ । ਜੇਕਰ ਕੋਈ ਸ਼ਰਧਾਵਾਨ ਇਹਨਾਂ ਚੀਜ਼ਾਂ ਵਿਚੋਂ ਇਕ ਚੀਜ਼ ਲਿਆਕੇ ਭੇਟ ਕਰਦਾ ਤਾਂ, ਲੋੜ ਅਨੁਸਾਰ, ਪਹਿਲੇ ਬਸਤ੍ਰ ਨਾਲ ਨਾਪ ਕੇ ਰਖ ਲੈਂਦੇ ਤੇ ਪੁਰਾਣੇ ਬਸਤ੍ਰ ਨੂੰ ਪਾੜਕੇ ਸੁਟ ਦਿੰਦੇ । ਇਕ ਦਿਨ ਸੰਤਾਂ ਸਿੰਘ ਨੇ ਕਾਲੀ ਟਾਲ੍ਹੀ ਦੀ ਵਧੀਆ ਪਊਇਆ ਦੀ ਜੋੜੀ ਬਣਾਈ ਤੇ ਲਿਆਕੇ ਸੰਤਾਂ ਨੂੰ ਭੇਟਾ ਕੀਤੀ । ਸੰਤਾਂ ਨੇ ਉਸ ਨਵੀਂ ਜੋੜੀ ਨਾਲ ਪੁਰਾਣੀ ਜੋੜੀ ਨੂੰ ਮਾਪਿਆ ਤਾਂ ਕੁਝ ਫਰਕ ਨਿਕਲਿਆ । ਸੰਤਾਂ ਨੇ ਨਵੀਂ ਜੋੜੀ ਪ੍ਰਵਾਨ ਨਾ ਕੀਤੀ । ਸੂਬਾ ਗੰਡਾ ਸਿੰਘ ਵੀ ਉਸ ਵੇਲੇ ਸੰਤਾਂ ਕੋਲ ਬੈਠੇ ਸਨ । ਚੁਪਕੇ ਜਿਹੇ ਸੰਤਾਂ ਦੇ ਪਊਇਆਂ ਨੂੰ ਨਾਪ ਲਿਆ ਤੇ ਘਰ ਆ ਕੇ ਉਸੇ ਤਰ੍ਹਾਂ ਪਊਏ ਬਣਾ ਕੇ ਦੂਜੇ ਦਿਨ ਲੈ ਆਏ ।

ਸੰਤਾਂ ਫਿਰ ਉਹਨਾਂ ਵਾਲੇ ਪਊਇਆਂ ਨੂੰ ਆਪਣੀ ਪਹਿਲੀ ਜੋੜੀ ਨਾਲ ਨਾਪ ਕੇ ਵੇਖਿਆ । ਉਹ ਸੰਤਾਂ ਦੀ ਜੋੜੀ ਨਾਲ ਪੂਰੀ ਸੀ । ਸੰਤ ਜੀ ਨੇ ਪੁਰਾਣੀ



Namdhari Elibrary NamdhariElibrary@gmail.com

ਜੋੜੀ ਬਾਬਤ ਸੂਬਾ ਜੀ ਨੂੰ ਆਖਿਆ, "ਜੇਕਰ ਪਊਏ ਪਾਣੇ ਹਨ ਤਾਂ ਲੈ ਜਾ।" ਸੂਬਾ ਜੀ ਅਰਜ਼ ਕੀਤੀ, "ਜੀ ਜ਼ਰੂਰ ਪਾਇਆ ਕਰਾਂਗਾ।" ਬਾਦ ਵਿਚ ਕਦੇ ਕਦੇ ਉਹ ਪਊਏ ਪੈਰ ਧੋਕੇ ਪਾ ਲੈਂਦੇ। ਜਦੋਂ ਵੀ ਘਰ ਵਿਚ ਕੋਈ ਬੀਮਾਰ ਹੋ ਜਾਂਦਾ, ਸੂਬਾ ਜੀ ਭਾਵਨਾ ਸਹਿਤ ਉਹਨਾਂ ਪਊਇਆਂ ਨੂੰ ਧੋਕੇ ਉਸਦਾ ਜਲ ਬੀਮਾਰ ਨੂੰ ਪਿਆ ਦਿੰਦੇ ਜਿਸ ਨਾਲ ਬੀਮਾਰ ਠੀਕ ਹੋ ਜਾਂਦਾ। ਉਹ ਪਊਏ ਸੂਬਾ ਜੀ ਦੇ ਘਰ ਹੀ ਸਨ ਜੋ ਗੁਜਰਾਂਵਾਲੇ ਹੀ ਰਹਿ ਗਏ। ਉਪਰੋਕਤ ਦਸੇ ਬਸਤ੍ਰਾਂ ਤੋਂ ਸਿਵਾ ਸੰਤ ਜੀ ਸਾਰਾ ਕੁੜਤਾ ਨਹੀਂ ਸਨ ਪਾਇਆ ਕਰਦੇ। ਸਿਆਲ ਵਿਚ ਕਦੇ ਕਦੇ ੧੦-੧੫ ਦਿਨ ਕੁੜਤਾ ਪਹਿਨ ਲੈਂਦੇ।

"ਗੁਰੂ ਮੇਰੇ ਸੰਗਿ ਸਦਾ ਹੈ ਨਾਲੇ" ਦੇ ਮਹਾਂਵਾਕ ਅਨੁਸਾਰ ਕਦੇ-ਕਦੇ ਸੰਤ ਜੀ ਸਮਾਧੀ ਵਿਚ ਬੈਠੇ ਬੈਠੇ ਇਕਦਮ ਖੜੇ ਹੋ ਜਾਇਆ ਕਰਦੇ। ਜਦੋਂ ਇਸ ਬਾਬਤ ਇਕ ਵਾਰ ਸੂਬਾ ਜੀ ਨੇ ਪੁਛਿਆ ਤਾਂ ਸੰਤਾਂ ਦੱਸਿਆ ਕਿ "ਸਤਿਗੁਰੂ ਰਾਮ ਸਿੰਘ ਜੀ ਜਦ ਅਰਦਾਸ ਕਰਦੇ ਹਨ ਤਾਂ ਉਸ ਵਕਤ ਉਠਦਾ ਹਾਂ ਤੇ ਹੱਥ ਜੋੜਕੇ ਅਰਦਾਸੇ ਵਿਚ ਸ਼ਾਮਿਲ ਹੋ ਜਾਂਦਾ ਹਾਂ।" ਜਿਥੇ ਅੰਤਰ ਬ੍ਰਿਤੀ ਕਰਕੇ ਸਦੀਵ ਕਾਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਆਪਣੇ ਅੰਗ ਸੰਗ ਸਮਝਦੇ ਸਨ ਉਥੇ ਸੰਤਾਂ ਨੂੰ ਪੂਰਨ ਵਿਸ਼ਵਾਸ ਸੀ ਕਿ ਸੱਚੇ ਪਾਤਸ਼ਾਹ ਜੀ ਦੇਹ ਕਰਕੇ ਛੇਤੀ ਹੀ ਦਰਸ਼ਨ ਦੇਣਗੇ। ਸਗੋਂ ਕਈ ਵਾਰੀ ਸੰਤ ਬਚਨ ਕਰਦੇ ਕਿ ਜਿਹੜਾ ਆਖੇ ਸਤਿਗੁਰੂ ਰਾਮ ਸਿੰਘ ਜੀ ਨੇ ਨਹੀਂ ਆਉਣਾ, ਉਸਦਾ ਸੌ ਵਾਰੀ ਫਿਟੇ ਮੂੰਹ?

ਸੰਤ ਕੇਸਰ ਸਿੰਘ ਜੀ ਕਦੇ-ਕਦੇ ਸਾਧ ਸੰਗਤ ਵਿਚ ਫੁਰਮਾਂਦੇ, ਜੋ ਭਜਨ ਕਰੇਗਾ ਉਹ ਵੀ ਪਛਤਾਵੇਗਾ, ਜੋ ਨਾ ਕਰੇਗਾ ਉਹ ਵੀ ਪਛਤਾਵੇਗਾ? ਸਾਧ ਸੰਗਤ ਨੇ ਇਕ ਵਾਰੀ ਬੇਨਤੀ ਕੀਤੀ, "ਬਾਬਾ ਜੀ ਜੋ ਭਜਨ ਕਰੇਗਾ, ਉਹ ਕਿਉਂ ਪਛਤਾਵੇਗਾ?" ਸੰਤਾਂ ਨੇ ਬਚਨ ਕੀਤਾ, "ਉਹ ਇਹ ਸੋਚਕੇ ਕਿ ਮੈਂ ਭਜਨ ਥੋੜਾ ਕੀਤਾ ਹੈ। ਹੋਰ ਜ਼ਿਆਦਾ ਕਿਉਂ ਨਾ ਕਰ ਸਕਿਆ।"

ਇਕ ਦਿਨ ਲਹਿਣਾ ਸਿੰਘ ਨੇ ਉਹਨਾਂ ਤੋਂ ਪੁਛਿਆ, "ਬਾਬਾ ਜੀ ਆਪ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੁੰਦੇ ਹਨ?" ਸੰਤਾਂ ਬਚਨ ਕੀਤਾ, ਸਿਖ ਅਗੇ ਸਚ ਤੇ ਗੁਰੂ ਅਗੇ ਚੁਪ, ਸਾਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਦੇ ਦਰਸ਼ਨਾਂ ਦਾ ਝੌਲਾ ਕਈ ਵਾਰੀ ਪੈਂਦਾ ਹੈ।" ਇਕ ਦਿਨ ਸੰਤ ਜੀ ਪ੍ਰੇਮ ਤੇ ਮਸਤੀ ਵਿਚ ਅਕਾਲ ਪੁਰਖ ਸ੍ਰੀ ਸਤਿਗੁਰੂ ਜੀ ਦੇ ਬਚਨ ਕਰ ਰਹੇ ਸਨ ਕਿ ਐਉਂ ਪ੍ਰਤੀਤ ਹੋਇਆ ਜਿਵੇਂ ਚਾਰੇ ਪਾਸਿਆਂ ਤੋਂ ਹੀ ਸੁਗੰਧਤਾ ਆ ਰਹੀ ਹੋਵੇ ਮਾਨੋਂ ਸੰਤਾਂ ਦੇ ਅੰਮ੍ਰਿਤ ਬਚਨਾਂ ਦੀ ਮਹਿਕ ਸਾਰੇ ਵਾਯੂ ਮੰਡਲ ਵਿਚ ਹੀ ਫੈਲ ਗਈ ਹੋਵੇ। ਇਸ ਕ੍ਰਿਸ਼ਮੇ ਨਾਲ ਸਾਰੇ ਦਰਸ਼ਕ ਹੀ ਪ੍ਰਭਾਵਿਤ ਹੋ ਰਹੇ ਸਨ।



Namdhari Elibrary NamdhariElibrary@gmail.com

# ਗੁਰਮੁਖਿ ਆਵੈ ਜਾਇ ਨਿਸੰਗ

ਸੰਮਤ ੧੯੯੧ ਬਿਕ੍ਰਮੀ ਦਾ ਹੋਲਾ ਅੰਮ੍ਰਿਤਸਰ ਵਿਚ ਸੀ। ਗੁਜਰਾਂਵਾਲੇ ਦੀ ਸੰਗਤ ਨੂੰ ਬੜਾ ਚਾਉ ਸੀ, ਕਿ ਅਸੀਂ ਭੀ ਗੁਜਰਾਂਵਾਲੇ ਹੋਲਾ ਕਰੀਏ ਅਤੇ ਇਸ ਕਾਰਜ ਦੀ ਸਫਲਤਾ ਵਾਸਤੇ ਸੰਤਾਂ ਨੂੰ ਨਾਲ ਲੈਣਾ ਬਹੁਤ ਜ਼ਰੂਰੀ ਸੀ। ਸਾਰੀ ਸਾਧ ਸੰਗਤ ਨੇ ਇਕੱਤ੍ਰ ਹੋ ਕੇ ਸੰਤਾਂ ਨੂੰ ਅਰਜ ਕੀਤੀ, "ਸਾਡੇ ਨਾਲ ਹੋਲੇ ਤੇ ਅੰਮ੍ਰਿਤਸਰ ਜਾਣ ਦੀ ਕ੍ਰਿਪਾ ਕਰੋ।" ਸੰਤਾਂ ਨੇ ਸੰਗਤ ਦੀ ਅਰਜ਼ ਪ੍ਰਵਾਨ ਕਰ ਲਈ ਤੇ ਸੂਬਾ ਗੰਡਾ ਸਿੰਘ ਨੂੰ ਹੁਕਮ ਹੋਇਆ, ਕਿ ਉਹ ਵੀ ਸੰਤਾਂ ਦੇ ਨਾਲ ਅੰਮ੍ਰਿਤਸਰ ਜਾਣ। ਸੰਤ ਜੀ ਤੇ ਸੂਬਾ ਜੀ ਰੇਲ ਦੇ ਰਸਤੇ ਅੰਮ੍ਰਿਤਸਰ ਪਹੁੰਚ ਗਏ ਅਤੇ ਰਾਮ ਤਲਾਈ (ਜਿਥੇ ਹੋਲੇ ਦੇ ਦੀਵਾਨ ਦਾ ਪ੍ਰੋਗ੍ਰਾਮ ਸੀ) ਉਥੇ ਜਾਕੇ ਡੇਰਾ ਲਾਇਆ। ਪਿਛੋਂ ਗੁਜਰਾਂਵਾਲੇ ਦੀ ਹੋਰ ਸੰਗਤ ਵੀ ਪਹੁੰਚ ਗਈ। ਸੰਤ ਜੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੇ ਚਰਨਾਂ ਤੇ ਨਮਸਕਾਰ ਕਰਕੇ ਹਮੇਸ਼ਾਂ ਦੀ ਤਰਾਂ ਪਿਛੇ ਹੋ ਕੇ ਬੈਠ ਗਏ ਅਤੇ ਇਸ ਤਰਾਂ ਹੀ ਰੋਜ਼ ਹੀ ਸੰਗਤ ਦੇ ਪਿਛੇ ਜਾਕੇ ਬੈਠਦੇ। ਭੋਗ ਵਾਲੇ ਦਿਨ ਅਗਲੇ ਸਾਲ ਦੇ ਹੋਲੇ ਲਈ ਹੋਰ ਸੰਗਤਾਂ ਵਲੋਂ ਵੀ ਅਰਜ਼ਾਂ ਹੋਈਆਂ ਅਤੇ ਗੁਜਰਾਂਵਾਲੇ ਦੀ ਸੰਗਤ ਨੇ ਵੀ ਸੰਤ ਕੇਸਰ ਸਿੰਘ ਨੂੰ ਨਾਲ ਲੈ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਚਰਨਾਂ ਵਿਚ ਹੋਲਾ ਲੈਣ ਦੀ ਅਰਜ਼ ਕੀਤੀ। ਸੱਚੇ ਪਾਤਸ਼ਾਹ ਜੀ ਨੇ ਬਾਕੀ ਅਰਜ਼ਾਂ ਵਾਲਿਆਂ ਨੂੰ ਸੰਬੋਧਨ ਕਰਕੇ ਬਚਨ ਕੀਤਾ, "ਭਾਈ! ਹੁਣ ਗੁਜਰਾਂਵਾਲੇ ਦੇ ਸੰਤ ਜੀ ਆ ਗਏ ਹਨ, ਹੁਣ ਕੋਈ ਹੋਰ ਚਾਰਾ ਨਹੀਂ ਚਲ ਸਕਦਾ।" ਆਖਰਕਾਰ ਸੰਤਾਂ ਦੇ ਸਹਿਯੋਗ ਨਾਲ ਗੁਜਰਾਂਵਾਲੇ ਵਾਲੇ ਵਾਸਤੇ ਹੋਲੇ ਦੀ ਅਰਜ਼ ਪ੍ਰਵਾਨ ਹੋ ਗਈ।

ਹੋਲੇ ਦੀ ਤਿਆਰੀ ਗੁਜਰਾਂਵਾਲੇ ਦੀ ਸਾਧ ਸੰਗਤ ਬੜੇ ਉਤਸ਼ਾਹ ਨਾਲ ਕਰ ਰਹੀ ਸੀ। ਹਰ ਨਾਮਧਾਰੀ ਪ੍ਰਵਾਰ ਨੇ ਆਪਣੀ ਵਿਤ ਅਨੁਸਾਰ ਮਾਇਆ ਦੀ ਸੇਵਾ ਕੀਤੀ। ਪਰ ਇਹ ਕਿਸੇ ਨੂੰ ਪਤਾ ਹੀ ਨਹੀਂ ਸੀ ਕਿ ਹੋਲੇ ਨੂੰ ਪ੍ਰਵਾਨ ਕਰਵਾਉਣ ਤੇ ਸੇਵਕਾਂ ਤੋਂ ਪਿਆਰ ਨਾਲ ਸੇਵਾ ਲੈਣ ਵਾਲੇ ਸੰਤ ਜੀ ਹੋਲੇ ਤੋਂ ਪਹਿਲ ਦੇਹ ਤਿਆਗ ਜਾਣਗੇ। ਹੋਲੇ ਤੋਂ ਕੁਝ ਸਮਾਂ ਪਹਿਲੇ ਹੀ ਸੰਤਾਂ ਨੇ ਸਰੀਰ ਦਾ ਚੋਲਾ ਤਿਆਗਣ ਦੀ ਤਿਆਰੀ ਕਰ ਲਈ। ਭਾਵੇਂ ਗੁਰਮੁਖ ਕਾਲ ਦੇ ਅਧੀਨ ਨਹੀਂ ਹੁੰਦੇ ਅਤੇ ਆਪਣੀ ਇੱਛਾ ਅਨੁਸਾਰ ਜਦੋਂ ਚਿਤ ਕਰੇ ਆ ਜਾਂਦੇ ਤੇ ਜਦੋਂ ਇੱਛਾ ਹੋਵੇ ਜਾ ਸਕਦੇ ਹਨ, ਫਿਰ ਵੀ ਜਿਸ ਉਤਸ਼ਾਹ ਨਾਲ ਗੁਰਮੁਖ (ਸੰਤ ਮਹਾਤਮਾਂ)



Namdhari Elibrary NamdhariElibrary@gmail.com

ਅਕਾਲ ਪੁਰਖ ਦੇ ਹੁਕਮ ਦੀ ਪਾਲਨਾ ਕਰ ਸਕਦੇ ਹਨ, ਦੂਸਰਾ ਮਨੁਖ ਨਹੀਂ ਕਰ ਸਕਦਾ।

ਇਕ ਦਿਨ ਸੰਤਾਂ ਦਾ ਲੰਗਰ ਸੂਬਾ ਗੰਡਾ ਸਿੰਘ ਜੀ ਦੇ ਘਰ ਸੀ, ਸੰਤ ਦਾ ਸਰੀਰ ਬਿਲਕੁਲ ਠੀਕ ਸੀ। ਸਭ ਸੰਗਤਾਂ ਨਾਲ ਸੰਤਾਂ ਨੇ ਪ੍ਰੇਮ ਨਾਲ ਲੰਗਰ ਪਾਣੀ ਛਕਿਆ ਤੇ ਫਿਰ ਹਮੇਸ਼ਾ ਵਾਂਗ ਜੰਗਲ ਦਿਸ਼ਾ ਵਲ ਬਾਹਰ ਚਲੇ ਗਏ ਅਤੇ ਵਾਪਸੀ ਤੇ ਨਾਮਧਾਰੀ ਧਰਮਸ਼ਾਲਾ ਆਣਕੇ ਰੁਕ ਗਏ। ਜਿਵੇਂ ਜੰਗਲ ਜਾ ਕੇ ਹਮੇਸ਼ਾਂ ਹੀ ਸੰਤ ਇਸ਼ਨਾਨ ਕਰਦੇ ਸਨ, ਤਿਵੇਂ ਉਸ ਦਿਨ ਰਾਮ ਪਿਆਰੇ (ਸੇਵਕ) ਨੇ ਸੰਤਾਂ ਦਾ ਇਸ਼ਨਾਨ ਕਰਵਾਇਆ। ਏਧਰ ਸੂਬਾ ਜੀ ਦੀ ਧਰਮ ਪਤਨੀ ਕੇਸਰ ਕੌਰ ਘਰ ਬੈਠੀ ਆਖ ਰਹੀ ਸੀ, "ਪਤਾ ਨਹੀਂ ਕੀ ਗੱਲ ਹੋਈ ਹੈ, ਸੰਤ ਜੀ ਵਾਪਿਸ ਘਰ ਨਹੀਂ ਪਰਤੇ ?" ਕੁਝ ਚਿਰ ਉਡੀਕ ਕੇ ਆਪਣੀ ਸੱਸ (ਮਾਤਾ ਗੁਜਰੀ) ਨੂੰ ਨਾਲ ਲੈ ਕੇ ਕੇਸਰ ਕੌਰ ਨਾਮਧਾਰੀ ਧਰਮਸ਼ਾਲਾ ਪਹੁੰਚੀ ਜਾਕੇ ਵੇਖਿਆ ਕਿ ਸੰਤਾਂ ਦਾ ਸਰੀਰ ਇਕਦਮ ਕਮਜ਼ੋਰ ਹੋ ਗਿਆ ਸੀ, ਝਟ-ਪਟ ਅਨਾਰਾਂ ਦਾ ਪਾਣੀ ਕਢਕੇ ਸੰਤਾਂ ਨੂੰ ਛਕਾਇਆ। ਇਤਨੇ ਚਿਰ ਨੂੰ ਸੰਤ ਮੰਗਲ ਸਿੰਘ ਜੀ 'ਅਰਸ਼ੀ ਫਰਿਸ਼ਤਾ' ਵੀ ਧਰਮਸ਼ਾਲਾ ਆ ਗਏ, ਅਤੇ ਸੰਤਾਂ ਦੇ ਸਰੀਰ ਦੀ ਇਹ ਦਸ਼ਾ ਵੇਖਕੇ ਸੰਤਾਂ ਅਗੇ ਅਰਜ਼ ਕੀਤੀ ਕਿ, "ਬਾਬਾ ਜੀ ਹੋਲਾ ਆਪ ਜੀ ਨੇ ਏਥੇ ਲਿਆਂਦਾ ਹੈ, ਕ੍ਰਿਪ ਕਰਕੇ ਇਸ ਨੂੰ ਨੇਪਰੇ ਵੀ ਤੁਸਾਂ ਹੀ ਚਾੜ੍ਹਨਾ ਹੈ। ਇਸ ਤਰਾਂ ਨਾ ਕਰੋ ?" ਸੰਤਾਂ ਨੇ ਬਚਨ ਕੀਤਾ, "ਇਸ ਤੋਂ ਪਹਿਲਾਂ ਦੋ ਵਾਰੀ ਮੈਂ ਸਤਿਗੁਰੂ ਰਾਮ ਸਿੰਘ ਜੀ ਵਲੋਂ ਭੇਜਿਆ ਹੁਕਮ ਮੋੜਿਆ ਹੈ। ਹੁਣ ਤੀਸਰੀ ਵਾਰੀ ਆਇਆ ਹੁਕਮ ਮੋੜਨਾ ਮੇਰੇ ਵਾਸਤੇ ਅਸੰਭਵ ਹੈ ? ਇਸ ਵਾਸਤੇ ਮੈਂ ਇਹ ਸ਼ਰੀਰ ਨਹੀਂ ਰਖ ਸਕਦਾ। ਪਰ ਸਤਿਗੁਰੂ ਜੀ ਦੀ ਸੇਵਾ ਵਿਚ ਅਰਜ਼ ਜ਼ਰੂਰ ਕਰਾਂਗਾ, ਕਿ ਹੋਲੇ ਵਿਚ ਨਾ ਜਲ ਮੁਕੇ ਤੇ ਨਾ ਅੰਨ। ਹੋਲਾ ਹਰ ਤਰ੍ਹਾਂ ਕਰਕੇ ਨਿਰਵਿਘਨ ਹੋਵੇ। ਸੱਚੇ ਪਾਤਸ਼ਾਹ ਇਹ ਅਰਜ਼ ਜ਼ਰੂਰ ਮੰਨ ਲੈਣਗੇ ਤੇ ਹੋਲਾ ਨਿਰਵਿਘਨ ਹੋਵੇਗਾ। ਤੁਸਾਂ ਕੋਈ ਫਿਕਰ ਨਹੀਂ ਕਰਨਾ।"

ਫਿਰ ਕੀ ਸੀ, ਸੰਤਾਂ ਦੇ ਸ਼ਰੀਰ ਤਿਆਗਨ ਦੀ ਖਬਰ ਸਾਰੀ ਸੰਗਤ ਵਿਚ ਫੈਲ ਗਈ। ਸਾਰੀ ਸੰਗਤ ਧਰਮਸ਼ਾਲਾ ਇਕਤ੍ਰ ਹੋ ਗਈ ਤੇ ਵਿਚਾਰ ਕੀਤੀ ਕਿ ਸੰਤਾਂ ਦੇ ਸ਼ਰੀਰ ਦੀ ਥਿਰਤਾ ਵਾਸਤੇ ਇਕ ਵਰਨੀ ਕੀਤੀ ਜਾਵੇ। ਅਜੇ ਸਾਧ-ਸੰਗਤ ਅਜਿਹੇ ਅਰਦਾਸੇ ਤੇ ਵਰਨੀ ਕਰਨ ਦੀ ਸਲਾਹ ਕਰ ਹੀ ਰਹੀ ਸੀ, ਕਿ ਸੰਤਾਂ ਦਾ ਸ਼ਰੀਰ ਸ਼ਾਂਤ ਹੋ ਗਿਆ। ਸਾਰੀ ਸੰਗਤ ਵਿਚ ਵੈਰਾਗ ਛਾ ਗਿਆ।

ਸਿਆਣਿਆਂ ਦੀ ਕਹਾਵਤ ਹੈ ਕਿ "ਮਰਦ ਦੀ ਮਾਇਆ ਤੇ ਬਿਰਖ ਦੀ ਛਾਇਆ" ਉਸ ਦੇ ਨਾਲ ਹੀ ਚਲੀ ਜਾਂਦੀ ਹੈ। ਸੰਤਾਂ ਦੇ ਸਰੀਰ ਤਿਆਗਣ


Namdhari Elibrary NamdhariElibrary@gmail.com

ਉਪਰੰਤ ਭਾਵੇਂ ਸਥਾਨਿਕ ਸੰਗਤ ਸਮੇਂ ਸਮੇਂ ਇਕਤ੍ਰ ਹੁੰਦੀ ਰਹਿੰਦੀ ਤੇ ਦੀਵਾਨ ਵੀ ਲਗਦੇ, ਪਰ ਸੰਤਾਂ ਵਰਗਾ ਰਸ ਫਿਰ ਨਾ ਬਣਿਆ।

ਇਸ ਤਰ੍ਹਾਂ ਸ੍ਰੀ ਮਾਨ ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲੇ ਜੋ ਨਾਮ-ਧਾਰੀ ਪੰਥ ਦੇ ਅਨਮੁਲ ਹੀਰੇ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਆਸ਼ਕ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਨਿੰਨ ਭਗਤ, ਗੁਜਰਾਂਵਾਲੇ ਦੀ ਸਾਧ ਸੰਗਤ ਦੇ ਸਹਾਰਾ ਰੂਪ, ਸੂਬਾ ਗੰਡਾ ਸਿੰਘ ਜੀ ਤੇ ਸਾਰੇ ਪ੍ਰਵਾਰ ਨਾਲ ਵਿਸ਼ੇਸ਼ ਤੌਰ ਤੇ ਕ੍ਰਿਪਾ ਦ੍ਰਿਸ਼ਟੀ ਰਖਣ ਵਾਲੇ ਮਹਾਂ ਪੁਰਸ਼ ਮਹਾਤਮਾ ਸਨ, ਨਾਮਧਾਰੀ ਪੰਥ ਦੇ ਇਤਿਹਾਸ ਵਿਚ ਆਪਣੇ ਅਟੱਲ ਤੇ ਅਮਰ ਕਾਰਨਾਮੇ ਤੇ ਬਚਨ ਛਡਕੇ ਸਤਿਗੁਰੂ ਜੀ ਦੇ ਹੁਕਮ ਦੀ ਪਾਲਨਾ ਕਰਦੇ ਹੋਏ ਆਪਣੇ ਪੰਜ ਭੌਤਿਕ ਸਰੀਰ ਤਿਆਗ ਕੇ ਗੁਰੂ ਜਯੋਤੀ ਵਿਚ ਲੀਨ ਹੋ ਗਏ।

Namdhari Elibrary NamdhariElibrary@gmail.com

## ਜਗਮਗਤ ਤੇਜ ਪੂਰਨ ਪ੍ਰਤਾਪ

ਅਟਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕਰਨ ਦਾ ਜਿਨਾ ਨੂੰ ਸੁਭਾਗ ਪ੍ਰਾਪਤ ਹੋਇਆ ਹੈ, ਉਹਨਾਂ ਨੂੰ ਪਤਾ ਹੈ, ਕਿ ਸੱਚੇ ਪਾਤਸ਼ਾਹ ਜੀ ਦਾ ਹੱਸੂ-ਹੱਸੂ ਕਰਦਾ ਚਿਹਰਾ, ਮਧੁਰ ਬਚਨ ਤੇ ਪ੍ਰਭਾਵਸ਼ਾਲੀ ਚੁੰਬਕਮਈ ਸ਼ਖਸੀਅਤ ਸਿਰਫ ਨਾਮਧਾਰੀਆਂ ਨੂੰ ਹੀ ਨਹੀਂ ਸਗੋਂ ਗੈਰ ਨਾਮਧਾਰੀ ਵੀ ਇਸ ਅਲੋਕਿਕ ਤੇ ਅਧਿਆਤਮਕ ਸ਼ਖਸੀਅਤ ਦੇ ਦਰਸ਼ਨ ਕਰਕੇ ਇਕ ਅਨੋਖੀ ਤੇ ਮਿੱਠੀ-ਮਿੱਠੀ ਸ਼ਾਂਤੀ ਦਾ ਅਨੁਭਵ ਕਰਦੇ ਠੀਕ ਉਸ ਤਰ੍ਹਾਂ ਹੀ ਜਿਵੇਂ ਤਪਦੇ ਰੇਗਿਸਤਾਨ ਵਿਚ ਕਿਸੇ ਪਿਆਸੇ ਨੂੰ ਪਾਣੀ ਦੀ ਬੂੰਦ ਤੇ ਪੇੜ ਦੀ ਠੰਡੀ ਛਾਂ ਮਿਲ ਗਈ ਹੋਵੇ। ਪ੍ਰਿਆ ਹੈ, ਪਵਿੱਤਰ ਹੈ, ਪੁਨੀਤ ਹੈ, ਪ੍ਰਮਾਥ ਹੈ।

ਤੇ ਇਸ ਤਰ੍ਹਾਂ ਦੇ ਮਧੁਰ ਬੈਨਾਂ ਤੇ ਕੰਵਨ-ਨੈਣਾਂ ਵਾਲੇ ਪਵਿੱਤਰ ਪੁਨੀਤ ਪ੍ਰੀਤਮ ਬਾਰੇ ਸੰਤ ਕੇਸਰ ਸਿੰਘ ਜੀ ਚਵਿੰਡਾ ਚੁਪ ਨਾ ਰਹਿ ਸਕੇ। ਇਕ ਦਿਨ ਸੰਤ ਤੇਜਾ ਸਿੰਘ ਜੀ ਹੈਦਰਾਬਾਦ ਵਾਲਿਆਂ ਦੇ ਘਰ ਗੁਜਰਾਂਵਾਲੇ ਦੀਵਾਨ ਸਜ ਰਿਹਾ ਸੀ। ਸਾਧ- ਸੰਗਤ ਕੀਰਤਨ ਦਾ ਰਸਾਸ੍ਵਾਦਨ ਕਰ ਰਹੀ ਸੀ। ਅਕਾਲ ਪੁਰਖ ਪ੍ਰੀਤਮ ਦੀ ਮਹਿਮਾ ਦਾ ਗੁਣ-ਗਾਨ ਹੋ ਰਿਹਾ ਸੀ। ਪਿਆਰੇ ਦੀ ਯਾਦ ਵਿਚ ਸਭ ਮਸਤ ਬੈਠੇ ਸਨ ਕਿ ਅਚਾਨਕ ਸੰਤ ਜੀ ਆਪਣੇ ਸਤਿਗੁਰੂ ਜੀ ਦੇ ਪਿਆਰ ਹੁਲਾਰੇ ਵਿਚ ਆਕੇ, ਮਸਤਾਨੀ ਅਵਸਥਾ ਵਿਚ ਉਠ ਆਪਣਾ ਕੁੜਤਾ ਪਾੜ ਸੁਟਿਆ, ਫਿਰ ਇਕਦਮ ਸ: ਲਾਲ ਸਿੰਘ ਹੋਰਾਂ ਕੋਲੋਂ, ਤਬਲਾ ਖੋਹਕੇ ਆਪਣੇ ਸਿਰ ਤੇ ਰੱਖ ਲਿਆ। ਸਾਰੀ ਸੰਗਤ ਦੀ ਟਿਕੀ-ਟਿਕੀ ਸੰਤਾਂ ਵਲ ਲਗ ਗਈ। ਢੋਲਕੀ, ਛੈਣਿਆਂ ਦੀ ਆਵਾਜ਼ ਇਕ ਦਮ ਬੰਦ ਹੋ ਗਈ। ਚਾਰੇ ਪਾਸੇ ਇਕ ਅਜੀਬ ਜਿਹੀ ਚੁਪ-ਚਾਪ, ਸੱਨਾਟਾ। ਹਰ ਕੋਈ ਬੇਕਰਾਰ ਹੋ ਉਠਿਆ, ਕਿ ਸੰਤ ਜੀ ਪਤਾ ਨਹੀਂ ਹੁਣ ਕੀ ਫੁਰਮਾਨ ਵਾਲੇ ਹਨ। ਸੰਤਾਂ ਨੇ ਸਾਧ-ਸੰਗਤ ਦੀ ਉਤਸੁਕਤਾ ਖਤਮ ਕਰਦਿਆਂ ਹੋਇਆਂ ਗਲੇ ਵਿਚ ਪੱਲਾ ਪਾਕੇ ਆਖਿਆ, "ਜੇਕਰ ਅਸੀਂ ਝੂਠ ਬੋਲੀਏ, ਤੇ ਸਾਡਾ ਸੌ ਵਾਰੀ ਫਿੱਟੇ ਮੂੰਹ, ਸਾਨੂੰ ਸਤਿਗੁਰੂ ਰਾਮ ਸਿੰਘ ਜੀ ਦਰਸ਼ਨ ਦੇ ਰਹੇ ਹਨ ਤੇ ਫੁਰਮਾ ਰਹੇ ਹਨ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦੇਹ ਸ਼ਬਦ ਦੀ ਦੇਹ ਹੈ, ਜਿਸਨੂੰ ਨਾ ਤੇ ਅੱਗ ਸਾੜ ਸਕਦੀ ਹੈ ਤੇ ਨਾ ਪਾਣੀ ਡੋਬ ਸਕਦਾ ਹੈ। ਇਹ ਆਮ ਆਦਮੀਆਂ ਵਾਂਗੂ ਖਾਂਦਾ ਪੀਂਦਾ ਹੈ, ਦੁਨਿਆਵੀ ਕਾਰ ਵਿਹਾਰ ਵੀ ਸਭ ਆਮ ਤਰ੍ਹਾਂ ਹੀ ਕਰਦਾ ਹੈ, ਸਾਧ


Namdhari Elibrary NamdhariElibrary@gmail.com

ਸੰਗਤ ਜੀ ਵੇਖਣਾ ਕਿਧਰੇ ਭੁੱਲ ਨਾ ਜਾਣਾ, ਇਹਨਾਂ ਵਿਚ ਸਤਿਗੁਰੂ ਵਾਲੀ ਕਾਰ ਪੂਰੀ ਤਰ੍ਹਾਂ ਹੈ, ਇਹ ਪੂਰਨ ਸਤਿਗੁਰੂ ਜੀ ਹਨ :

"ਪੂਰਨ ਪ੍ਰਤਾਪੀ, ਜੰਤ੍ਰ ਮੰਤ੍ਰ ਤੇ ਅਤਾਪੀ ਨਾਥ,
ਕੀਰਤ ਤਿਹਾਰੀ ਕੋ ਨਾ ਪਾਰ ਪਾਈਅਤ ਹੈ ।"

ਇਕ ਵਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਰਾਵਲਪਿੰਡੀ ਦੌਰੇ ਤੇ ਜਾ ਰਹੇ ਸਨ । ਸਾਰੀ ਸਾਧ-ਸੰਗਤ ਨੂੰ ਪਤਾ ਲਗਾ ਕਿ ਸਤਿਗੁਰੂ ਜੀ ਨੌ ਵਜੇ ਦੀ ਗੱਡੀ ਬੰਬਈ ਐਕਸਪ੍ਰੈਸ ਤੇ ਆ ਰਹੇ ਹਨ । ਸਾਰੀ ਸੰਗਤ ਆਪਣੀ ਸ਼ਰਧਾ ਅਨੁਸਾਰ ਦੁੱਧ-ਫਲ ਤੇ ਜਲ ਲੈ ਕੇ ਸਟੇਸ਼ਨ ਤੇ ਜਾ ਪਹੁੰਚੇ । ਗੱਡੀ ਨੇ ਸਿਰਫ ਦੋ ਮਿੰਟ ਹੀ ਰੁਕਣਾ ਸੀ । ਸਾਰੀ ਸਾਧ ਸੰਗਤ ਨੇ ਸਟੇਸ਼ਨ ਮਾਸਟਰ ਅਗੇ ਬੇਨਤੀ ਕਰਕੇ ਗੱਡੀ ਲੇਟ ਕਰਵਾਈ ਤਾਂਕਿ ਉਹਨਾਂ ਨੂੰ ਆਪਣੇ ਪਿਆਰੇ ਦੇ ਦਰਸ਼ਨ ਹੋ ਸਕਣ । ਸੱਚੇ ਪਾਤਸ਼ਾਹ ਜੀ ਨੇ ਜਲ-ਪਾਣ ਕਰਨ ਤੋਂ ਉਪਰੰਤ ਪੁਛਿਆ, "ਸਾਡੇ ਸੰਤ ਤਾਂ ਰਾਜੀ ਖੁਸ਼ੀ ਹਨ ਨਾ ? ਸੂਬਾ ਜੀ ਨੇ ਸਤਿਕਾਰ ਸਹਿਤ ਉਤਰ ਦਿਤਾ, "ਜੀ ਸੰਤ ਜੀ ਬਿਲਕੁਲ ਠੀਕ-ਠਾਕ ਹਨ ।" ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਸੂਬਾ ਜੀ ਨੂੰ ਫੁਰਮਾਇਆ, "ਭਾਈ ਸੰਤ ਜੀ ਬਿਰਧ ਹੋ ਚੁਕੇ ਹਨ ਉਹਨਾਂ ਦੀ ਸੇਵਾ ਚੰਗੀ ਤਰ੍ਹਾਂ ਕਰਿਆ ਕਰੋ ।" ਸੂਬਾ ਜੀ ਹੱਥ ਜੋੜ ਕੇ ਉਤਰ ਦਿਤਾ, "ਜੀ ਸਤਿ ਬਚਨ ਸੱਚੇ ਪਾਤਸਾਹ ।" ਐਨੇ ਬਚਨ ਕਰਨ ਤੋਂ ਪਿਛੋਂ ਗਾਰਡ ਦੇ ਹਰੀ ਝੰਡੀ ਵਿਖਾਣ ਤੇ, ਗੱਡੀ ਛੱਕ-ਛੱਕ ਕਰਦੀ ਪਿਆਰੇ ਪ੍ਰੀਤਮ ਸਤਿਗੁਰੂ ਨੂੰ ਲੈ ਅੱਖੀਆਂ ਤੋਂ ਓਹਲ ਹੋ ਗਈ । ਸਾਰੀ ਸਾਧ-ਸੰਗਤ ਉਸ ਦਿਨ ਸ਼ਾਮ ਦੇ ਦੀਵਾਨ ਤੇ ਦੇਰ ਨਾਲ ਪਹੁੰਚੀ । ਸੂਬਾ ਜੀ ਵੀ ਥੋੜਾ ਜਿਹਾ ਦੇਰ ਨਾਲ ਹੀ ਪਹੁੰਚੇ ਤੇ ਜਾਕੇ ਸੰਤਾਂ ਦੇ ਚਰਨਾਂ ਤੇ ਨਮਸਕਾਰ ਕਰਕੇ ਅਰਜ਼ ਕੀਤੀ, "ਸੱਚੇ ਪਾਤਸ਼ਾਹ, ਸਤਿਗੁਰੂ ਪ੍ਰਤਾਪ ਸਿੰਘ ਜੀ ਪੁੱਛਦੇ ਸਨ ਕਿ ਸਾਡੇ ਸੰਤ ਰਾਜੀ ਖੁਸ਼ੀ ਹਨ ? ਇਕਦਮ ਸੰਤਾਂ ਨੇ ਉਤਰ ਦਿਤਾ, "ਸੱਚੇ ਪਾਤਸ਼ਾਹ ਜੀ ਨੂੰ ਪੁੱਛਣ ਦੀ ਕੀ ਲੋੜ ਸੀ ? ਕਾਸੋਂਕੇ ਸਟੇਸ਼ਨ ਤੇ ਜਦੋਂ ਗੱਡੀ ਚਲੀ ਤੇ ਸਤਿਗੁਰੂ ਜੀ ਨੇ ਮੇਰੇ ਨਾਲ ਬਚਨ ਬਿਲਾਸ ਕਰਨੇ ਸ਼ੁਰੂ ਕੀਤੇ", ਸੂਬਾ ਜੀ ਨੇ ਉਤਰ ਦਿਤਾ, "ਬਾਬਾ ਜੀ ਤੁਸੀਂ ਵੀ ਇਹ ਗੱਲ ਮੇਰੇ ਕੋਲੋਂ ਕਿਹੜੀ ਛੁਪਾ ਕੇ ਰਖੀ ਹੈ ।"

ਇਕ ਵਾਰੀ ਸਾਉਣ ਸਿੰਘ ਘਜਰਾਖ ਵਾਲੇ ਨੇ ਸੂਬਾ ਜੀ ਨੂੰ ਕਿਹਾ, "ਮੈਂ ਸੱਚੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ ਅਗੇ ਕਈ ਵਾਰੀ ਲੰਗਰ ਲਈ ਅਰਜ਼ ਕੀਤੀ ਹੈ, ਪਰ ਪ੍ਰਵਾਨ ਨਹੀਂ ਹੁੰਦੀ, ਤੁਸੀਂ ਮੇਰੇ ਨਾਲ ਚਲੋ । ਸੱਚੇ ਪਾਤਸ਼ਾਹ ਜੀ ਦੀ ਆਪ ਤੇ ਅਪਾਰ ਕਿਰਪਾ ਹੈ । ਕਿਸੇ ਦਾ ਭਲਾ ਤੇ ਕਿਸੇ ਦੇ ਕੰਮ ਆ ਸਕਣਾ, ਵਿਚਾਰ ਕੇ ਸੂਬਾ ਜੀ ਇਕਦਮ ਉਨ੍ਹਾਂ ਨਾਲ ਜਾਣ ਲਈ ਤਿਆਰ ਹੋ ਗਏ ।


Namdhari Elibrary NamdhariElibrary@gmail.com

ਸੱਚੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ ਉਹਨਾਂ ਦਿਨਾਂ ਵਿਚ ਲਾਹੌਰ ਸਨ। ਸੂਬਾ ਜੀ ੯.੩੦ ਵਜੇ ਵਾਲੀ ਗੱਡੀ, ਜਿਹੜੀ ਲਾਹੌਰ ਨੂੰ ਜਾਂਦੀ ਸੀ ਵਿਚ ਸਵਾਰ ਹੋ ਕੇ ਬਾਬਾ ਧਿਆਨ ਸਿੰਘ ਜੀ ਦੇ ਘਰ ਪਹੁੰਚੇ। ਘਰ ਤੋਂ ਪਤਾ ਲਗਾ ਕਿ ਸੱਚੇ ਪਾਤਸ਼ਾਹ ਜੀ ਦਾ ਡੇਰਾ ਜੇਲ ਰੋਡ ਵਾਲੀ ਕੋਠੀ ਜਿੱਥੇ ਘੋੜਿਆਂ ਦਾ ਅਸਤਬਲ ਸੀ, ਹੈ। ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਸੂਬਾ ਜੀ ਤੇ ਸਾਉਣ ਸਿੰਘ ਜੀ ਹਾਜ਼ਰ ਹੋ ਗਏ। ਸਤਿਗੁਰੂ ਜੀ ਦੇ ਪਵਿੱਤਰ ਚਰਨ-ਕੰਵਲਾਂ ਤੇ ਨਮਸਕਾਰ ਕੀਤੀ। ਸੱਚੇ ਪਾਤਸ਼ਾਹ ਜੀ ਨੇ ਬਚਨ ਕੀਤਾ, 'ਆਓ ਮਿਸਤ੍ਰੀ ਜੀ, ਕਿਸ ਤਰਾਂ ਆਏ ਹੋ ?'' ਸੂਬਾ ਜੀ ਨੇ ਬੇਨਤੀ ਕੀਤੀ, ਸੱਚੇ ਪਾਤਸ਼ਾਹ ਜੀ ਸਾਉਣ ਸਿੰਘ ਮੈਨੂੰ ਨਾਲ ਲੈ ਕੇ ਆਇਆ ਹੈ, ਕ੍ਰਿਪਾ ਕਰੋ ਜੀ। ਤੇ ਗੁਜਰਾਂਵਾਲੇ ਸਾਉਣ ਸਿੰਘ ਦੇ ਘਰ ਚਰਨ ਪਾਓ। ਲੰਗਰ ਛੱਕਣ ਦੀ ਵੀ ਕ੍ਰਿਪਾ ਕਰੋ ਜੀ। '' ਸਤਿਗੁਰੂ ਜੀ ਫਰਮਾਇਆ, ''ਅਸੀਂ ਐਤਵਾਰ ਗੁਜਰਾਂਵਾਲੇ ਆਵਾਂਗੇ ਤੇ ਸਾਡੇ ਲਈ ਸੋਧ ਦਾ ਲੰਗਰ ਤਿਆਰ ਕਰਕੇ ਰਖਣਾ।'' ਇੰਤਜ਼ਾਰ ਦੀਆਂ ਲੰਮੀਆਂ ਘੜੀਆਂ ਖਤਮ ਹੋ ਗਈਆਂ ਐਤਵਾਰ ਸੁਭਾਗ ਦਾ ਵੇਲਾ ਆ ਹੀ ਗਿਆ। ਸੱਚੇ ਪਾਤਸ਼ਾਹ ਦੇ ਲਈ ਸੁੰਦਰ ਵਿਛੌਣਾ ਵਿਛਾ ਦਿਤਾ ਗਿਆ। ਸੱਚੇ ਪਾਤਸ਼ਾਹ ਜੀ ਨੇ ਆਪਣੇ ਬਚਨ ਅਨੁ-ਸਾਰ ਠੀਕ ਨੌਂ ਵਜੇ ਆਣ ਦਰਸ਼ਨ ਦਿਤੇ। ਆਉਂਦਿਆਂ ਸਾਰ ਹੀ ਫੁਰਮਾਇਆ, ''ਮਿਸਤ੍ਰੀ ਜੀ (ਸਤਿਗੁਰੂ ਜੀ ਸੂਬਾ ਜੀ ਨੂੰ ਪਿਆਰ ਨਾਲ ਮਿਸਤ੍ਰੀ ਜੀ ਕਹਿਕੇ ਬੁਲਾਇਆ ਕਰਦੇ ਸਨ) ਇੰਦਰ ਸਿੰਘ ਹੋਰਾਂ ਨੂੰ ਨਾਲ ਲੈ ਕੇ ਸੰਤਾਂ ਨੂੰ ਇਥੇ ਲੈ ਆਵੋ।'' ਹੁਕਮ ਦੀ ਪਾਲਨਾ ਕਰਦੇ ਹੋਏ ਸੂਬਾ ਜੀ ਤੇ ਇੰਦਰ ਸਿੰਘ ਜੀ ਦੋਵੇਂ ਸੰਤਾਂ ਕੋਲ ਟਮ-ਟਮ ਤੇ ਪਹੁੰਚੇ। ਸੰਤ ਜੀ ਇਸ਼ਨਾਨ ਕਰਕੇ ਕਛਹਿਰਾ ਸੁਤ ਰਹੇ ਸਨ। ਜਾਕੇ ਸੰਤਾਂ ਦੇ ਚਰਨਾਂ ਤੇ ਨਮਸਕਾਰ ਕਰਕੇ ਅਰਜ਼ ਕੀਤੀ, ''ਬਾਬਾ ਜੀ ਆਪ ਜੀ ਨੂੰ ਸਤਿਗੁਰੂ ਸੱਚੇ ਪਾਤਸ਼ਾਹ ਜੀ ਯਾਦ ਕਰ ਰਹੇ ਹਨ।''

ਆਪ ਜੀ ਸਾਉਣ ਸਿੰਘ ਹੋਰਾਂ ਦੇ ਘਰ ਦਰਸ਼ਨ ਦੇਣ ਦੀ ਕਿਰਪਾ ਕਰੋ। ਸੰਤਾਂ ਨੇ ਕਿਹਾ, ''ਸਤਿ ਬਚਨ।'' ਇਹ ਕਹਿਕੇ ਸੂਬਾ ਜੀ ਤੇ ਸਭ ਜਣੇ ਟਮ-ਟਮ ਤੇ ਬੇਠਕੇ ਸੰਤ ਸਾਉਣ ਸਿੰਘ ਹੋਰਾਂ ਦੇ ਘਰ ਪਹੁੰਚੇ।

ਪ੍ਰੀਤਮ ਜੀ ਅਗੇ ਹੀ ਇੰਤਜ਼ਾਰ ਕਰ ਰਹੇ ਸਨ। ਸੰਤ ਜੀ ਸੱਚੇ ਪਾਤਸ਼ਾਹ ਜੀ ਦੇ ਚਰਨ-ਕੰਵਲਾਂ ਵਿਚ ਜਿਉਂ ਹੀ ਸੀਸ ਨਿਵਾਉਣ ਲਈ ਝੁਕੇ ਅਗੋਂ ਸੱਚੇ ਪਾਤਸ਼ਾਹ ਜੀ ਨੇ ਆਪਣੇ ਦੋਹਾਂ ਹੱਥਾਂ ਵਿਚ ਸੰਤਾਂ ਦਾ ਮਸਤਕ ਲੈ ਕੇ ਕਿਹਾ, ''ਬਾਬਾ ਜੀ ਤੁਸੀਂ ਸਾਡੇ ਕੋਲ ਮੰਜੇ ਤੇ ਬੈਠੋ,'' ਸੰਤ ਸਤਿ ਬਚਨ ਕਹਿਕੇ ਮੰਜੇ ਤੇ ਬਹਿ ਗਏ। ਫਿਰ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਫੁਰਮਾਇਆ, ''ਬਾਬਾ ਜੀ ਸਮਾਂ ਬੜਾ ਭਿਆਨਕ ਜਾ ਰਿਹਾ ਹੈ, ਸਾਡੇ ਸਿਰ ਤੇ ਹੱਥ ਰਖੋ। ਸੰਤ ਚਵਿੰਡੇ ਵਾਲਿਆਂ ਨੇ ਸਤਿ ਬਚਨ ਕਹਿਕੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਸੀਸ ਤੇ



Namdhari Elibrary NamdhariElibrary@gmail.com

ਆਪਣਾ ਸੱਜਾ ਹੱਥ ਰਖ ਦਿਤਾ। ਪੰਜ ਛੇ ਮਿੰਟ ਸੰਤ ਜੀ ਸੱਚੇ ਪਾਤਸ਼ਾਹ ਜੀ ਕੋਲੋਂ ਬਹਿਕੇ ਥੱਲੇ ਉਤਰ ਆਏ ਤੇ ਸਿਰ ਤੋਂ ਆਪਣਾ ਪਰਨਾ ਲਾਹ ਕੇ ਗਲ ਵਿਚ ਪਲਾ ਪਾ ਕੇ ਸਤਿਗੁਰੂ ਜੀ ਅਗੇ ਅਰਜ਼ ਕੀਤੀ "ਮਹਾਰਾਜ ਐਡੀ ਵਡੀ ਕਾਰ ਕਲਿਜੁਗੀ ਜੀਵਾਂ ਤੋਂ ਨਾ ਲਿਆ ਕਰੋ। ਇਹ ਜੀਅ ਐਡਾ ਭਾਰ ਨਹੀਂ ਚੁਕ ਸਕਦੇ ਤੇ ਅਸੀਂ ਇਹ ਮੰਗ ਮੰਗਦੇ ਹਾਂ ਕਿ ਆਪਣੀ ਬਖਸ਼ਿਸ਼ ਦਾ ਦਰਵਾਜ਼ਾ ਇਹਨਾਂ ਜੀਆਂ ਲਈ ਸਦਾ ਖੁਲ੍ਹਾ ਰਖਣਾ।" ਉਸ ਦਿਨ ਤੋਂ ਲੈ ਕੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਸੰਤਾਂ ਦੇ ਬਚਨਾਂ ਦੀ ਪਾਲਨਾ ਕੀਤੀ। ਜਦੋਂ ਕਦੇ ਕੋਈ ਵੀ ਵਡੇ ਤੋਂ ਵਡਾ ਕਸੂਰ ਕਰਕੇ ਸਾਧ-ਸੰਗਤ ਵਿਚ ਆਕੇ ਕੋਈ ਬਖਸ਼ਾਂਦਾ ਤਾਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਸੂਬਾ ਜੀ ਵਲ ਵੇਖਕੇ ਫੁਰਮਾਂਦੇ, "ਸਾਨੂੰ ਸੰਤ ਚਵਿੰਡੇ ਵਾਲਿਆਂ ਦੇ ਬਚਨ ਯਾਦ ਆ ਜਾਂਦੇ ਹਨ, ਤੁਸੀਂ ਸਾਰੇ ਹੀ ਨਜ਼ਾਇਜ਼ ਫ਼ਾਇਦਾ ਉਠਾ ਲੈਂਦੇ ਹੋ।" ਇਹ ਬਚਨ ਕਰਕੇ ਸਾਰਿਆਂ ਨੂੰ ਬਖਸ਼ਕੇ ਅਪਾਰ ਖੁਸ਼ੀਆਂ ਦੇ ਪਾਤਰ ਬਣਾ ਦਿੰਦੇ।


Namdhari Elibrary NamdhariElibrary@gmail.com

# ਸੰਗੀਤ ਦੇ ਭਿੰਨ-ਭਿੰਨ ਸਾਜ਼ਾਂ ਦਾ ਨਿਰਮਾਣ

ਸੂਬਾ ਜੀ ਨੇ ਦੁਨਿਆਵੀ ਤੌਰ ਤੇ ਤਾਂ ਇੰਨਜੀਅਰਿੰਗ ਦਾ ਇਮਤਿਹਾਨ ਨਹੀਂ ਸੀ ਪਾਸ ਕੀਤਾ ਹੋਇਆ, ਪਰ ਇਹ ਐਨੇ ਯੋਗ ਤੇ ਪ੍ਰਤਿਭਾਸ਼ਾਲੀ ਸਨ, ਕਿ ਚੰਗੇ-ਚੰਗੇ ਇੰਨਜੀਅਨਰ ਵੀ ਇਹਨਾਂ ਦਾ ਮੁਕਾਬਲਾ ਨਹੀਂ ਸਨ ਕਰ ਸਕਦੇ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੂਬਾ ਜੀ ਦੀ ਪ੍ਰਤਿਭਾ ਤੋਂ ਪ੍ਰਭਾਵਿਤ ਹੋਕੇ ਗੰਡਾ ਸਿੰਘ ਜੀ ਨੂੰ ਮਿਸਤ੍ਰੀ ਜੀ ਕਹਿਕੇ ਬੁਲਾਇਆ ਕਰਦੇ ਸਨ। ਸਭ ਤੋਂ ਪਹਿਲਾਂ ਇਨ੍ਹਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਵਾਸਤੇ ਇਕ ਦਿਲਰੁਬਾ ਬਣਾ-ਇਆ। ਸਤਿਗੁਰੂ ਜੀ ਪਿੰਡ ਮਸਾਇਕੇ ਵਾਲੀ ਵਿਖੇ ਇਹਨਾਂ ਦੇ ਸਭ ਤੋਂ ਛੋਟੇ ਭਰਾ ਨੂੰ ਹੁਕਮ ਕੀਤਾ, "ਹਜ਼ੂਰ ਸਿੰਘ, ਸਾਡੇ ਪਹਿਲੇ ਸਾਜ਼ ਦੀਆਂ ਕਿੱਲੀਆਂ ਢਿੱਲੀਆਂ ਹੋ ਗਈਆ ਹਨ, ਕੋਈ ਚੰਗਾ ਜਿਹਾ ਸਾਜ਼ ਬਣਾਓ।" ਹਜ਼ੂਰ ਸਿੰਘ ਨੇ ਇਹ ਸੁਨੇਹਾ ਸੂਬਾ ਜੀ ਨੂੰ ਦੇ ਦਿਤਾ। ਹੁਕਮ ਅਨੁਸਾਰ ਬੜੀ ਮਿਹਨਤ ਨਾਲ ਇਕ ਅਤਿ ਸੁੰਦਰ ਤੇ ਵਧੀਆ ਸਾਜ ਤਿਆਰ ਕੀਤਾ। ਕਾਫ਼ੀ ਚਿਰ ਵਰਤਣ ਪਿਛੋਂ ਦਿਲਰੁਬਾ ਕਈ ਥਾਵਾਂ ਤੋਂ ਟੁੱਟ ਗਿਆ। ਫਿਰ ਜਦੋਂ ਸੱਚੇ ਪਾਤਸ਼ਾਹ ਜੀ ਨੇ ਸਰੀਰ ਤਿਆਗ ਦਿਤਾ, ਸੂਬਾ ਜੀ ਨੇ ਆਪਣੀ ਬਿਧ ਅਵਸਥਾ ਵਿਚ ਉਸ ਦੀ ਮੁਰੰਮਤ ਕੀਤੀ ਤੇ ਹੁਣ ਵੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਪਵਿਤ੍ਰ ਹਸਤ-ਕੰਵਲਾਂ ਨਾਲ ਉਸ ਦੀਆਂ ਤਾਰਾਂ ਛੇੜਕੇ ਹਿਰਦੇ ਦੀਆਂ ਧੜਕਣਾਂ ਨੂੰ ਤੀਵਰ ਕਰ ਦਿੰਦੇ ਹਨ।

ਇਕ ਵਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੁਕਮ ਕੀਤਾ, "ਕਾਕਿਆਂ ਵਾਸਤੇ (ਵਰਤਮਾਨ ਸਤਿਗੁਰੂ ਜਗਜੀਤ ਸਿੰਘ) ਇਕ ਹਾਰਮੋਨੀਅਮ ਬਣਾ ਦਿਓ, ਸੂਬਾ ਜੀ ਨੇ ਇਕ ਐਸਾ ਹਾਰਮੋਨੀਅਮ ਬਣਾਇਆ ਜਿਸ ਨਾਲ ਉਨੇ ਹੀ ਪੜਦਿਆਂ ਤੇ ਸਤ ਸੁਰਾਂ ਹੋਰ ਚੜ੍ਹ ਸਕਦੀਆਂ ਸਨ। ਸਤਿਗੁਰੂ ਜੀ ਨੇ ਹਾਰ-ਮੋਨੀਅਮ ਬਹੁਤ ਹੀ ਪਸੰਦ ਕੀਦਾ, ਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਉਸ ਦੀ ਵਰਤੋਂ ਬੜੀ ਦੇਰ ਤਕ ਕੀਤੀ। ਇਸਤੋਂ ਪਿਛੋਂ ਇਕ ਹੋਰ ਤਾਂਬੇ ਦਾ ਸਾਜ਼ ਬਣਾਇਆ, ਜਿਹੜਾ ਹਲਾਂ ਵੀ ਸਤਿਗੁਰੂ ਜੀ ਦੇ ਪਾਸ ਹੈ।

ਕੁਝ ਸਮੇਂ ਬਾਅਦ ਫਿਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੁਕਮ ਕੀਤਾ, "ਕਾਕੇ ਰਾਗ ਵਿਦਿਆ ਸਿਖਦੇ ਹਨ, ਇਹਨਾਂ ਨੂੰ ਲੈਅ ਤਾਲ ਦਾ ਠੀਕ-ਠੀਕ


Namdhari Elibrary NamdhariElibrary@gmail.com

ਅਭਿਆਸ ਹੋ ਸਕੇ, ਅਜਿਹਾ ਇਕ ਯੰਤਰ ਤਿਆਰ ਕਰ ਦਿਓ।" ਹੁਕਮ ਅਨੁਸਾਰ ਸੂਬਾ ਜੀ ਨੇ ਇਕ ਐਸੀ ਮਸ਼ੀਨ ਤਿਆਰ ਕੀਤੀ, ਜਿਸ ਨਾਲ ਐਨ ਗੇਣਵੇਂ ਸਮੇਂ ਵਿਚ ਬਹੁਤ ਸਾਰੇ ਤਾਲ, ਵਖ-ਵਖ ਡਾਇਲਾਂ ਅਨੁਸਾਰ, ਵਜ ਸਕਦੇ ਸਨ। ਮਸ਼ੀਨ ਇਕ ਘੰਟੇ ਤਕ ਚਲ ਸਕਦੀ ਸੀ। ਜਿਸ ਤਾਲ ਅਨੁਸਾਰ ਜਿਸ ਡਾਇਲ ਦੀ ਲੋੜ ਪੈਂਦੀ, ਉਸਨੂੰ ਉਸ ਮਸ਼ੀਨ ਤੇ ਫਿਟ ਕਰ ਦਿਤਾ ਜਾਂਦਾ। ਇਸ ਦੀ ਖੂਬੀ ਇਹ ਸੀ ਕਿ ਤਾਲ ਦੀਆਂ ਮਾਤਰਾ ਨਿਸ਼ਚਿਤ ਸਮੇਂ ਅਨੁਸਾਰ ਹੀ ਪੂਰੀਆਂ ਹੋ ਜਾਂਦੀਆਂ। ਗਤੀ ਵੱਧ ਘੱਟ ਨਹੀਂ ਸੀ ਹੁੰਦੀ। ਪੂਜਯ ਸਤਿਗੁਰੂ ਜਗਜੀਤ ਸਿੰਘ ਜੀ ਤੇ ਮਹਾਰਾਜ ਬੀਰ ਸਿੰਘ ਜੀ ਨੇ ਇਸ ਮਸ਼ੀਨ ਤੇ ਗਾਇਨ ਦਾ ਬਝਵੀਂ ਲੈ ਤਾਲ ਅਨੁਸਾਰ ਕਾਫ਼ੀ ਸਮਾਂ ਅਭਿਆਸ ਕੀਤਾ।

ਇਕ ਵਾਰੀ ਸ੍ਰੀ ਭੈਣੀ ਸਾਹਿਬ ਵਿਖੇ ਗੁਰਮਤਿ ਸੰਗੀਤ ਸੰਮੇਲਨ ਹੋਣਾ ਨਿਸ਼ਚਿਤ ਹੋਇਆ। ਸਤਿਗੁਰੂ ਜੀ ਨੇ ਆਪ ਜੀ ਨੂੰ ਹੁਕਮ ਕੀਤਾ, "ਸੱਚੇ ਪਾਤ-ਸ਼ਾਹ ਜੀ, ਮੈਨੂੰ ਤੇ ਸੰਗੀਤ ਬਾਰੇ ਕੋਈ ਗਿਆਨ ਨਹੀਂ।" ਸਤਿਗੁਰੂ ਜੀ ਨੇ ਬਚਨ ਕੀਤਾ, "ਮਿਸਤ੍ਰੀ ਜੀ, ਤੁਸੀਂ ਚਲਣਾ ਤਾਂ ਸਹੀ, ਉਥੇ ਜਾਕੇ ਸਭ ਕੁਝ ਤੁਹਾਨੂੰ ਸਮਝ ਆਉਣ ਲਗ ਪਵੇਗਾ।" ਜਿਉਂ ਹੀ ਸੰਗੀਤ ਸੰਮੇਲਨ ਦਾ ਆਰੰਭ ਹੋਇਆ, ਸੱਚੇ ਪਾਤਸ਼ਾਹ ਜੀ ਦੀ ਅਪਾਰ ਬਖਸ਼ਸ਼ਾਂ ਸਦਕਾ ਸੂਬਾ ਜੀ ਨੂੰ ਸੰਗੀਤ ਬਾਰੇ ਸੋਝੀ ਹੋ ਗਈ ਅਤੇ ਸੁਰ, ਲੈ, ਤਾਲ, ਆਲਾਪ ਆਦਿ ਸਮਝ ਆਣ ਲਗ ਪਿਆ।

"ਪਿੰਗਲ ਪਰਬਤ ਪਾਰਿ ਪਰੇ, ਖਲ ਚਤੁਰ ਬਕੀਤਾ
ਅੰਧੁਲੇ ਤ੍ਰਿਭਵਣ ਸੁਝਿਆ, ਗੁਰ ਭੇਟਿ ਪੁਨੀਤਾ ॥"



Namdhari Elibrary NamdhariElibrary@gmail.com

# ਚਲਦੇ ਵੇਲਣੇ ਵਿਚੋਂ ਬਾਂਹ ਖਿਚਕੇ ਕੱਢਣੀ

ਸੂਬਾ ਗੰਡਾ ਸਿੰਘ ਜੀ ਦਸਾਂ ਨਹੁੰਆ ਦੀ ਕਿਰਤ ਤੇ ਵਿਸ਼ਵਾਸ ਰਖਦੇ ਸਨ, ਤੇ ਇਸ ਲਈ ਆਪਣੇ ਹੱਥਾਂ ਨਾਲ ਕੰਮ ਕਾਰ ਕਰਨ ਤੋਂ ਕਦੇ ਵੀ ਸੰਕੋਚ ਨਾ ਕਰਦੇ। ਇਕ ਦਿਨ ਸੂਬਾ ਜੀ ਤਾਰ ਵੇਲਨ ਵਾਣੀ ਮਸ਼ੀਨ ਤੇ ਕੰਮ ਕਰ ਰਹੇ ਸਨ ਕਿ ਅਚਾਨਕ ਵੇਲਨੇ ਵਿਚ ਤਾਰ ਦਾ ਸਿਰਾ ਦੇਣ ਲਗਿਆਂ ਉਹਨਾਂ ਦੀ ਸੱਜੀ ਬਾਂਹ ਦੋ ਗਰਾਰੀਆਂ ਵਿਚ ਫਸ ਗਈ। ਉਸੇ ਵੇਲੇ ਅੱਖ ਦੇ ਪਲਕਾਰੇ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪ੍ਰਤੱਖ ਰੂਪ ਵਿਚ ਆਪਣਾ ਹੱਥ ਮਾਰਕੇ ਗਰਾਰੀਆਂ ਵਿਚ ਫਸੀ ਹੋਈ ਬਾਂਹ ਨੂੰ ਬਾਹਿਰ ਖਿਚ ਲਿਆ। ਆਪਣੇ ਸੇਵਕ ਦੀ ਔਖੀ ਘੜੀ ਸਮੇਂ ਪਲਾਂ ਵਿਚ ਸਹਾਇਤਾ ਕੀਤੀ। ਸਾਰੇ ਗੁਜਰਾਂਵਾਲੇ ਵਿਚ ਇਹ ਖਬਰ ਫੈਲ ਗਈ ਕਿ ਸੂਬਾ ਜੀ ਦੀ ਸੱਜੀ ਬਾਂਹ ਵੱਢੀ ਗਈ ਹੈ। ਬਾਂਹ ਦੀਆਂ ਸਾਰੀਆਂ ਨਾੜਾਂ ਤੇ ਮਾਸ ਬਾਹਰ ਲਟਕ ਰਿਹਾ ਸੀ। ਵਿਵਹਾਰਿਕ ਤੌਰ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੂਬਾ ਜੀ ਦੀ ਖਬਰ ਲੈਣ ਲਈ ਗੁਜਰਾਂਵਾਲੇ ਆਏ। ਆਉਂਦਿਆਂ ਸਾਰ ਹੀ ਪੁਛਿਆ, "ਮਿਸਤ੍ਰੀ ਜੀ, ਹੁਣ ਕੀ ਹਾਲ ਹੈ?" ਸੂਬਾ ਜੀ ਨੇ ਉੱਤਰ ਦਿਤਾ, "ਆਪ ਜੀ ਨੇ ਹੀ ਤੇ ਗਰਾਰੀ ਵਿਚੋਂ ਖਿਚਕੇ ਮੇਰੀ ਬਾਂਹ ਬਾਹਰ ਕੱਢੀ ਸੀ।" ਅਗੋਂ ਸਤਿਗੁਰੂ ਜੀ ਨੇ ਕਿਹਾ, "ਚੁਪ, ਜਿਸਨੂੰ ਲੋੜ ਸੀ, ਉਸਨੇ ਆਪ ਹੀ ਬਚਾਅ ਲਈ ਹੈ।"

"ਜਿਉ ਜਨਨੀ ਸੁਤੁ ਜਣਿ ਪਾਲਤੀ
ਰਾਖੈ ਨਦਰਿ ਮਝਾਰਿ ॥
ਅੰਤਰਿ ਬਾਹਰਿ ਮੁਖਿ ਦੇ ਗਿਰਾਸੁ
ਖਿਨ ਖਿਨ ਪੁਚਾਰਿ ॥
ਤਿਉ ਸਤਿਗੁਰੁ ਗੁਰਸਿਖ ਰਾਖਤਾ
ਹਰਿ ਪ੍ਰੀਤਿ ਪਿਆਰ ॥"

ਤੇ ਉਸ ਪਿਆਰ ਨਾਲ ਬਚਾਈ ਹੋਈ ਬਾਂਹ ਨੇ ਨਾਮਧਾਰੀ ਪੰਥ ਦੀ ਸਦਾ ਹੀ ਸੇਵਾ ਕੀਤੀ ਤੇ ਗੁਰੂ ਘਰ ਦੇ ਕਿੰਨੇ ਹੀ ਕੰਮਾਂ ਨੂੰ ਸਿਰੇ ਚੜ੍ਹਾਇਆ।



Namdhari Elibrary NamdhariElibrary@gmail.com

# ਵੱਡੇ ਹਵਨ ਕੁੰਡ ਦਾ ਨਿਰਮਾਣ

ਆਧੁਨਿਕ ਯੁਗ ਦੇ ਅਗਿਆਨੀ ਲੋਕ ਮਖੌਲ ਕਰਦੇ ਹਨ ਕਿ ਹਵਨ ਕਰਕੇ ਵਡਮੁਲੀਆਂ ਵਸਤੂਆਂ ਨੂੰ ਸਾੜ ਫੂਕ ਕੇ ਸੁਆਹ ਕਰ ਦਿਤਾ ਜਾਂਦਾ ਹੈ। ਹਵਨ ਵਿਚ ਕਿੰਨੀ ਕੁ ਤਾਕਤ ਹੈ, ਉਸਦਾ ਗਿਆਨ ਹੀ ਨਹੀਂ ਹੁੰਦਾ ਉਹਨਾਂ ਕੋਲ। ਜੇਕਰ ਉਨ੍ਹਾਂ ਨੇ ਕਦੇ ਪੁਰਾਤਨ ਗ੍ਰੰਥਾਂ ਦਾ ਅਧਿਐਨ ਕੀਤਾ ਹੁੰਦਾ ਤਾਂ ਹਵਨ ਦੇ ਬਹੁਤ ਸਾਰੇ ਗੁਣਾਂ ਦਾ ਉਹਨਾਂ ਨੂੰ ਗਿਆਨ ਹੋ ਜਾਂਦਾ। ਇਸ ਅਜੋਕੇ ਪਦਾਰਥਵਾਦੀ ਯੁਗ ਵਿਚ, ਪੁਰਾਤਨ ਇਤਿਹਾਸ ਦੇ ਪੰਨੇ ਫਰੋਲਣ ਤੋਂ ਇਹ ਸਪਸ਼ਟ ਹੁੰਦਾ ਹੈ, ਕਿ ਹਰ ਯੁਗ ਵਿਚ ਇਸਦੀ ਆਪਣੀ ਹੀ ਇਕ ਵਿਸ਼ੇਸ਼ ਮਹੱਤਤਾ ਰਹੀ ਹੈ। ਸਤਿਜੁਗ ਵਿਚ ਰਾਜੇ ਬਲੀ ਨੇ ਇਕ ਮਹਾਨ ਯਗ ਕੀਤਾ, ਤ੍ਰੇਤੇ ਵਿਚ ਸ੍ਰੀ ਰਾਮ ਚੰਦਰ ਜੀ ਦੀ ਛਤ੍ਰ ਛਾਂ ਹਠ ਵਸ਼ਿਸ਼ਟ ਜੀ ਤੇ ਵਿਸ਼ਵਾ ਮਿੱਤਰ ਜੀ ਨੇ ਅਨੇਕਾਂ ਯਗ ਕੀਤੇ। ਦੁਆਪਰ ਵਿਚ ਸ੍ਰੀ ਕ੍ਰਿਸ਼ਨ ਜੀ ਨ ਅਨੇਕਾਂ ਹਵਨ ਯਗ ਕਰਵਾਏ, ਤੇ ਕਲਿਜੁਗ 'ਚਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੁਰਾਹੇ ਪਈ ਲੋਕਾਈ ਨੂੰ ਯਗ ਹਵਨ ਕਰਕੇ ਸਿੱਧੇ ਰਸਤੇ ਤੇ ਚਲਣ ਦਾ ਰਾਹ ਦਸਿਆ। ਚੀਫ ਖਾਲਸਾ ਦੀਵਾਨ ਦੇ ਉਪਦੇਸ਼ਕ ਭਾਈ ਹਰਨਾਮ ਸਿੰਘ ਨੇ ਬੜੇ ਸੁੰਦਰ ਸ਼ਬਦਾਂ ਵਿਚ ਲਿਖਿਆ ਹੈ ਕਿ:

"ਯਗ ਹੋਮ ਹੋਵਨਾ ਕੋਈ ਹਿੰਦ ਮੇਂ ਮੂਲ ਪਾਤਾ,
ਝੂਲਤੇ ਨਿਸ਼ਾਨ ਨਾਹੀਂ ਆਜ ਹਿੰਦਵਾਨ ਕੇ।
ਕਹਿਤ ਹਰਨਾਮ ਸਿੰਘ ਏਸ ਮੇਂ ਨਾ ਝੂਠ ਜਾਨੋ,
ਜੋ ਨ ਤੀਰ ਛੂਟਤੇ ਗੋਬਿੰਦ ਜੁਆਨ ਕੇ।"

ਸੱਚੇ ਪਾਤਸ਼ਾਹ ਹਵਨ ਦੀ ਮਹੱਤਤਾ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਇਸ ਲਈ ਨੈਣਾਂ ਦੇਵੀ ਦੇ ਪ੍ਰਗਟ ਕਰਨ ਸਮੇਂ ਹਵਨ ਅਰੰਭਿਆ ਤਾਂ ਪੰਡਿਤ ਕੇਸੋ ਦਾਸ ਜੀ ਨੂੰ ਹਵਨ ਦੀ ਵਿਸ਼ੇਸ਼ਤਾ ਤੇ ਮਹੱਤਤਾ ਨੂੰ ਦਰਸਾਇਆ ਹੈ। ਹਵਨ ਸੰਬੰਧੀ ਗੁਰੂ ਜੀ ਦੇ ਖਿਆਲਾਂ ਨੂੰ ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਇਉਂ ਉਲੀਕਿਆ ਹੈ:

"ਯਹ ਤੋ ਧਰਮ ਹਮਾਰਾ ਸਾਰ।
ਕਰਤ ਰਹੇ ਨ੍ਰਿਪ ਮੁਨਿ ਅਵਤਾਰ।



Namdhari Elibrary NamdhariElibrary@gmail.com

ਸੋ ਤੋ ਹਮ ਭੀ ਕਰਨਾ ਚੇ ਹੈ ।
ਜਾ ਤੇ ਸਭ ਸ੍ਰਿਸ਼ਟੀ ਸੁਖ ਪੈ ਹੈ ।
ਇਕ ਤੋ ਹੈ ਦੂਰ ਭਿਖ ਅਤਿ ਭਾਰੀ ।
ਹੈ ਪੜ ਰਹਿਉ ਨ ਬਰਸਤ ਬਾਰੀ ।
ਦੂਸਰ ਭਾਰਤ ਵਰਸ਼ ਮਝਾਰੇ ।
ਮਹਾਂ ਮਰੀ ਪੜ ਰਹੀ ਅਪਾਰੇ ।
ਤ੍ਰਿਤੀਏ ਜੋ ਨਰ ਨਾਰੀ ਆਰਯ ।
ਹੋਇ ਰਹੇ ਨਿਜ ਧਰਮੋਂ ਖਾਰਜ ।
ਪਾਪ ਕੁਕਰਮਨ ਮੈ ਅਤਿ ਲਾਗੇ ।
ਇਸੀ ਹੇਤ ਬਨ ਰਹੇ ਅਭਾਗੇ ।
ਜਗ ਹੋਮ ਲੋ ਸੁਕ੍ਰਿਤ ਜੋ ਹੈ ।
ਹਾਕਮ ਤੁਰਕ ਕਰਨ ਨਹੀਂ ਦੇ ਹੈ ।

ਪਰ

ਹਮ ਜਬ ਹਵਨ ਜਗ ਕਰਵੈ ਹੈਂ ।
ਖੁਸ਼ ਹੋ ਘਨ ਜਲ ਬਹੁ ਬਰਸੈ ਹੈਂ ।
ਦੁਰਭਿਖ ਨਸੇ ਅੰਨ ਬਹੁ ਕੈਹੇ ।
ਸੁਕ੍ਰਿਤ ਸਭ ਕਰਨੇ ਲਗ ਜੈ ਹੈਂ ।
ਨਸੈ ਅਵਿਦਿਆ ਵਿਦਿਆ ਐ ਹੈ ।
ਸੂਰ ਬੀਰਤਾ ਦ੍ਰਿੜ ਪ੍ਰਗਟੇ ਹੈਂ ।
ਵਰਨ ਆਸ਼ਰਮੀ ਜਨ ਹੈ ਜੇਤੇ ।
ਕਾਇਰਤਾ ਕਰ ਪੂਰਨ ਤੇਤੇ ।
ਉਨੇ ਹਵਨ ਕੀ ਪਵਨ ਲਗੇ ਜਬ ।
ਸ਼ੇਰ ਬਧਿਆੜਨ ਸੇ ਹਵੈ ਹੈ ਸਭ ।
ਸੂਰਬੀਰਤਾ ਉਨ ਮੈ ਜਗ ਹੈਂ ।
ਧਰਮ ਪੁਰਾਤਨ ਕਰਨੇ ਲਗ ਹੈਂ ।
ਬਾਲਕ ਭਾਗਵਾਨ ਪ੍ਰਗਟੇ ਹੈਂ ।
ਰੋਗ ਸੀਤਲਤਾ ਆ ਦਿਨਸ ਹੈ ।
ਉਤਮ ਗੁਣ ਸਤਿ ਆਦਿਕ ਜੋ ਹੈ ।
ਬਾਵਨ ਕਹੇ ਵੇਦ ਰਿਗ ਮੇ ਹੈ ।
ਸੋ ਅਵਸ਼ ਜਗ ਮੇ ਪ੍ਰਗਟੇ ਹੈ ।
ਹੋਮ ਯਗ ਬਿਸਵਤ ਜਬ ਥੇ ਹੈਂ ।"



Namdhari Elibrary NamdhariElibrary@gmail.com

ਸ੍ਰੀ ਗੁਰੂ ਜੀ ਨੇ ਪਹਿਲਾਂ ਹੀ ਉਚਾਰਨ ਕੀਤਾ ਹੋਇਆ ਹੈ :

"ਤਿਤੁ ਘਿਇ ਹੋਮ ਜਹਾ ਸਦ ਪੂਜਾ ਪਇਐ ਕਾਰਜ ਸੋਹੈ"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਨੂੰ ਦ੍ਰਿੜ ਕਰਵਾਣ ਲਈ ਤੇ ਯਗ ਹਵਨ ਦੀ ਮਰਿਆਦਾ ਨੂੰ ਕਾਇਮ ਰਖਣ ਲਈ ਅਵਤਾਰ ਧਾਰਨ ਕੀਤਾ । ਆਪ ਜੀ ਨੇ ਸਿੱਖਾਂ ਨੂੰ ਵੀ ਇਸ ਮਾਰਗ ਤੇ ਚਲਣ ਦੀ ਪ੍ਰੇਰਣਾ ਦਿਤੀ, ਤੇ ਜਿੰਨਾ ਚਿਰ ਸਿੱਖ ਸਤਿਗੁਰੂ ਜੀ ਦੇ ਦਸੇ ਆਦਰਸ਼ਾਂ ਤੇ ਚਲਦੇ ਰਹੇ, ਉੱਨਾ ਚਿਰ ਉਹ ਉੱਨਤੀ ਦੇ ਪੱਥ ਤੇ ਅਗ੍ਰਸਰ ਹੁੰਦੇ ਰਹੇ ।

"ਹੋਮ ਯਗ ਕਰਵਾਤੇ ਪ੍ਰਸਾਦ ਬਟਵਾਤੇ
ਰੌਣਕ ਰਖਾਤੇ ਗਾਤੇ ਸ਼ਬਦ ਜ਼ਬਾਨੀ ਥੇ ।"

ਸਤਿਗੁਰੂ ਰਾਮ ਸਿੰਘ ਨੇ ਖਾਲਸੇ ਨੂੰ ਪੂਰੀ ਮਰਿਆਦਾ ਅਨੁਸਾਰ ਹਵਨ ਕਰਨ ਦੀ ਵਿਧੀ ਦਸੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਉਨ੍ਹਾਂ ਦੇ ਪੂਰਨਿਆਂ ਤੇ ਚਲਕੇ, ਸਿੱਖਾਂ ਨੂੰ ਹਵਨ ਯਗ ਕਰਨ ਦਾ ਕਈ ਵੇਰ ਸ਼ੁਭ ਅਵਸਰ ਪ੍ਰਦਾਨ ਕੀਤਾ। ਇਕ ਵੇਰ ਸਵਾ ਲੱਖ ਚੰਡੀ ਦੀ ਵਾਰ ਦਾ ਪਾਠ ਹਵਨ ਯਗ ਸਮੇਤ ਕਰਵਾਣਾ ਸੀ । ਇਸ ਨੂੰ ਸੁਚੱਜੇ ਢਗ ਨਾਲ ਕਰਨ ਲਈ ਇਕ ਮਹਾਨ ਕੁੰਡ ਬਨਾਣ ਦੀ ਲੋੜ ਮਹਿਸੂਸ ਕੀਤੀ । ਇਸ ਲਈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਚੇਚੇ ਤਰ ਤੇ ਸੂਬਾ ਗੰਡਾ ਸਿੰਘ ਜੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਆਮੰਤ੍ਰਿਤ ਕੀਤਾ। ਬਚਨ ਕੀਤਾ, "ਮਿਸਤ੍ਰੀ ਜੀ, ਸ੍ਰੀ ਰਾਮ ਚੰਦਰ ਜੀ ਵੇਲੇ ਇਸ ਪਾਵਨ ਧਰਤੀ ਤੇ ਹਵਨ ਯਗ ਹੋਇਆ ਕਰਦੇ ਸਨ, ਸਾਡਾ ਵੀ ਜੀ ਕਰਦਾ ਹੈ, ਕਿ ਇਥੇ ਇਕ ਮਹਾਨ ਹਵਨ ਕਰਕੇ ਇਸ ਭੂਮੀ ਨੂੰ ਹੋਰ ਪਾਵਨ ਕਰੀਏ, ਇਸ ਲਈ ਇਕ ਵਿਸ਼ੇਸ਼, ਵਧੀਆ ਜਿਹਾ ਹਵਨ ਕੁੰਡ ਤਿਆਰ ਕਰ ਦਿਉ ।" ਮਿਥੇ ਪ੍ਰੋਗਰਾਮ ਅਨੁਸਾਰ ਦੋ ਮਹੀਨੇ ਪਹਿਲਾਂ ਹੀ ਸੂਬਾ ਜੀ ਸ੍ਰੀ ਭੈਣੀ ਸਾਹਿਬ ਪਹੁੰਚ ਗਏ ਤੇ ਦਿਨ ਰਾਤ ਹਵਨ ਕੁੰਡ ਬਨਾਣ ਵਿਚ ਜੁੱਟ ਗਏ । ਘਰ ਬਾਹਿਰ ਸਭ ਕੁਝ ਭੂਲ ਗਿਆ ਤੇ ਸੇਵਾ ਕਰਦਿਆਂ-ਕਰਦਿਆਂ ਸੇਵਾ ਰੂਪ ਹੋ ਗਏ ।

"ਸਾ ਸੇਵਾ ਕੀਤੀ ਸਫਲ ਹੈ
ਜਿਤੁ ਸਤਿਗੁਰ ਕਾ ਮਨ ਮੰਨੇ ।
ਜਾ ਸਤਿਗੁਰ ਕਾ ਮਨੁ ਮੰਨਿਆ,
ਤਾ ਪਾਪ ਕਸੰਮਲ ਭੰਨੇ ॥
ਉਪਦੇਸ਼ ਜਿ ਦਿਤਾ ਸਤਿਗੁਰੂ,
ਸੋ ਸੁਣਿਆ ਸਿੱਖੀ ਕੰਨੇ ॥
ਜਿਨ ਸਤਿਗੁਰ ਕਾ ਭਾਣਾ ਮੰਨਿਆ,
ਤਿਨ ਚੜੀ ਚਵਗਣਿ ਵੰਨੇ.॥



Namdhari Elibrary NamdhariElibrary@gmail.com

ਸਤਿਗੁਰੂ ਜੀ ਦੀ ਕਿਰਪਾ ਨਾਲ ਸੂਬਾ ਜੀ ਨੇ ਇਕ ਐਸਾ ਹਵਨ ਕੁੰਡ ਬਣਾਇਆ, ਜਿਸ ਦੇ ਕੁਝ ਅਵਿਸ਼ੇਸ਼ ਹੁਣ ਵੀ ਸ੍ਰੀ ਰਾਮ- ਸਰ ਦੇ ਕੋਲ ਨਜ਼ਰ ਆਉਂਦੇ ਹਨ। ਹਵਨ ਕੁੰਡ ਤਿਆਰ ਕੀਤਾ,ਤੇ ਨਾਲ ਹੀ ਪਾਣੀ ਤੇ ਘਿਉ ਦੀਆਂ ਟੈਂਕੀਆਂ ਫਿਟ ਕਰ ਦਿਤੀਆਂ। ਉਨਾਂ ਟੈਂਕੀਆਂ ਵਿਚ ਪੰਜ ਪੀਪੇ ਘਿਉ ਤੇ ਪੰਜ ਪੀਪੇ ਪਾਣੀ ਭਰਨ ਦਾ ਪ੍ਰਬੰਧ ਸੀ। ਜਿਸ ਤੋਂ ਆਪਣੇ ਆਪ ਹੀ ਪਾਣੀ ਤੇ ਘਿਉ ਦਾ ਛੱਟਾ ਹਵਨ ਕੁੰਡ ਦੀ ਅਗਨੀ ਪ੍ਰਜਵਲਤ ਰਖਣ ਵਾਸਤੇ ਪੈਂਦਾ। ਮਸਤਾਨੇ ਅਕਾਲ ਪੁਰਖ ਨਾਲ ਇਕ ਮਿਕ ਹੋਕੇ ਹਵਨ ਕੁੰਡ ਦੀਆਂ ਲਪਟਾਂ ਵਲ ਅਕਸਰ ਦੌੜਦੇ ਹਨ। ਉਹਨਾਂ ਨੂੰ ਅੱਗ ਦੀਆਂ ਲਪਟਾਂ ਤੋਂ ਦੂਰ ਰੱਖਣ ਲਈ ਹਵਨ ਕੁੰਡ ਦੇ ਆਲੇ-ਦੁਆਲੇ ਇਕ ਜਗਲਾ ਤਿਆਰ ਕੀਤਾ ਗਿਆ। ਉਸਦੇ ਆਲੇ-ਦੁਆਲੇ ਚੰਡੀ ਦੀ ਵਾਰ ਦਾ ਪਾਠ ਕਰਨ ਵਾਲੀ ਸੰਗਤ ਦੇ ਬੈਠਣ ਦਾ ਪ੍ਰਬੰਧ ਸੀ। ਪਾਠੀਆਂ ਦੇ ਅਗੇ ਘੇਰੇ ਦੇ ਚਾਰ ਚੁਫੇਰੇ ਪਾਣੀ ਵਾਸਤੇ ਇਕ ਹੋਰ ਨਾਲੀ ਤਿਆਰ ਕੀਤੀ ਗਈ।

ਸਤਿਗੁਰੂ ਜੀ ਹਰ ਰੋਜ਼ ਚੰਡੀ ਦੀ ਵਾਰ ਦਾ ਪਾਠ, ਹਵਨ ਕੁੰਡ ਦੇ ਬੜੇ ਕੋਲ ਬੈਠਕੇ ਕਰਦੇ, ਤੇ ਇਕ ਦਿਨ ਸਤਿਗੁਰੂ ਜੀ ਨੇ ਸੂਬਾ ਜੀ ਨੂੰ ਪੁਛਿਆ, "ਮਿਸਤ੍ਰੀ ਜੀ ਪਾਣੀ ਦਾ ਛੱਟਾ ਕਿਸ ਤਰ੍ਹਾਂ ਪੈਂਦਾ ਹੈ?" ਸੂਬਾ ਜੀ ਨੇ ਉਤੱਰ ਦਿਤਾ," ਗਰੀਬ ਨਿਵਾਜ, ਜਿਸ ਵੇਲੇ ਅੱਗ ਦਾ ਦਬਾਅ ਪੈਂਦਾ ਹੈ, ਪਾਣੀ ਪਿਛਾਂਹ ਧੱਕਿਆ ਜਾਂਦਾ ਹੈ, ਜਿਸ ਵੇਲੇ ਪਾਣੀ ਦਾ ਦਬਾਅ ਪੈਂਦਾਹੈ, ਇਕਦਮ ਪਾਣੀ ਦਾ ਛੱਟਾ ਪੈਂਦਾ ਹੈ।" ਤੇ ਇੰਝ ਇਸ ਮਹਾਨ ਹਵਨ ਕੁੰਡ ਦੇ ਵਿਚ ਅਨਗਿਣਤ ਘਿਉ ਦੇ ਪੀਪੇ ਲਪਟਾਂ ਦੇ ਰੂਪ ਵਿਚ ਪਰਵਰਤਿਤ ਹੁੰਦੇ ਤੇ ਸਾਰਾ ਵਾਤਾਵਰਣ ਪਾਵਨ ਤੇ ਸੁਗੰਧਮਈ ਬਣਾ ਦਿੰਦੇ। ਸੰਮਤ ੨੦੩੯ ਅਸੂ ਦੇ ਮਹੀਨੇ ਵਿਚ ਇਕ ਵਾਰੀ ਫਿਰ ਉਸੇ ਇਤਿਹਾਸ ਨੂੰ ਦੋਹਾਰਇਆ ਗਿਆ। ਸਤਿਗੁਰੂ ਜਗਜੀਤ ਸਿੰਘ ਜੀ ਉਸੇ ਪੁਰਾਣੇ ਹਵਨ ਕੁੰਡ ਤੇ ਦੇਸੀ ਘਿਉ ਦੀਆਂ ਲਪਟਾਂ ਰਾਹੀਂ, ਸਵਾ-ਲੱਖ ਚੰਡੀ ਦੀ ਵਾਰ ਦੇ ਪਾਠ ਕਰਵਾਕੇ, ਸ੍ਰੀ ਭੈਣੀ ਸਾਹਿਬ ਦੀ ਪਵਿਤ੍ਰ-ਭੂਮੀ ਨੂੰ ਸੁਗੰਧਮਈ ਬਣਾਇਆ।



Namdhari Elibrary NamdhariElibrary@gmail.com

## ਗੁਜਰਾਂਵਾਲੇ ਦੀ ਮਾਈ ਮਸਤਾਨੀ ਤੇ ਵਿਸ਼ੇਸ਼ ਬਖਸ਼ਸ਼

ਗੁਜਰਾਂਵਾਲੇ ਵਿਚ ਇਕ ਮਾਈ ਮਸਤਾਨੀ ਬੜੀ ਉਚ ਅਵਸਥਾ ਦੀ ਮਾਲਿਕ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਣਾਂ ਦੀ ਅਨਿੰਨ ਸੇਵਿਕਾ ਸੀ। ਜਦੋਂ ਸ੍ਰੀ ਸਤਿਗੁਰੂ ਜੀ ਗੁਜਰਾਂਵਾਲੇ ਧਰਮਸ਼ਾਲਾ ਵਿਚ ਦਰਸ਼ਨ ਦੇ ਰਹੇ ਹੁੰਦੇ, ਉਹ ਮਾਈ ਬੜੇ ਆਰਾਮ ਨਾਲ ਸਤਿਗੁਰੂ ਜੀ ਦੇ ਆਸਣ ਦੇ ਸਾਹਮਣੇ ਚੌਕੜਾ ਮਾਰ ਕੇ ਬਹਿ ਜਾਂਦੀ, ਤੇ ਕਹਿਣਾ ਸ਼ੁਰੂ ਕਰ ਦਿੰਦੀ, "ਵੇ ਮੇਰਿਆ ਖਸਮਾਂ ਮੈਨੂੰ ਗੁਰੂ ਗੋਬਿੰਦ ਸਿੰਘ ਵਾਲੇ ਰੂਪ ਦਾ ਦਰਸ਼ਨ ਕਿਉਂ ਨਹੀਂ ਦਿੰਦਾ ? ਮੇਰਾ ਦਿਲ ਉਸ ਰੂਪ ਦੇ ਦਰਸ਼ਨ ਕਰਨ ਨੂੰ ਉਤਾਵਲਾ ਹੋ ਰਿਹਾ ਹੈ.........

"ਮਾਈ ਕਹਾ ਕਰਉ ਇਹੁ ਮਨੁ ਨ ਧੀਰੈ ॥
ਪ੍ਰਿਅ ਪ੍ਰੀਤਮ ਬੈਰਾਗ ਹਿਰੈ ॥
ਹਰਿ ਬਿਨੁ ਰਹਿ ਨ ਸਕਉ ਇਕ ਰਾਤੀ
ਜਿਉ ਬਿਨੁ ਅਮਲੈ ਅਮਲੀ ਮਰਿ ਜਾਈ ਹੈ
ਤਿਉ ਹਰਿ ਬਿਨੁ ਹਮ ਮਰਿ ਜਾਤੀ।

ਇਕ ਵੇਰ ਕੋਲ ਖਲੋਤੇ ਸੇਵਕ ਜਥੇਦਾਰ ਇੰਦਰ ਸਿੰਘ ਨੇ ਉਸ ਮਾਈ ਨੂੰ ਖਿਚਕੇ ਪਰਾਂ ਕਰਨ ਦੀ ਕੋਸ਼ਿਸ਼ ਕੀਤੀ, ਇਹ ਵੇਖ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੁਕਮ ਕੀਤਾ, ਇਸ ਨੂੰ ਕਰਨ ਦਿਉ ਜੋ ਕਰਦੀ ਹੈ, ਕਹਿਣ ਦਿਓ ਜੋ ਕਹਿੰਦੀ ਹੈ, ਇਥੇ ਹੀ ਬੈਠੀ ਰਹਿਣ ਦਿਓ, ਪਰੇ ਨਾ ਹਟਾਓ।"

ਇਕ ਦਿਨ ਗੁਜਰਾਂਵਾਲੇ ਧਰਮਸ਼ਾਲਾ ਵਿਖੇ ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਿਰਫ ਦੋ ਕੁ ਸਲੋਕ ਹੀ ਸਰਵਨ ਕੀਤੇ ਹੋਣਗੇ ਕਿ ਇਕਦਮ ਦੀਵਾਨ ਵਿਚੋਂ ਉਠਕੇ ਤੁਰ ਪਏ। ਅਗੇ-ਅਗੇ ਸਤਿਗੁਰੂ ਜੀ ਪਿਛੇ-ਪਿਛੇ ਭਾਈ ਵਜ਼ੀਰ ਸਿੰਘ ਜੀ ਤੇ ਉਹਨਾਂ ਦੇ ਨਾਲ ਸੂਬਾ ਜੀ ਵੀ। ਤੁਰਦੇ-ਤੁਰਦੇ ਆਪ ਜੀ ਪੁਰਾਣੀ ਮੰਡੀ ਪਹੁੰਚੇ ਗਏ। ਉਥੇ ਗਲੀ ਦੇ ਅੰਦਰ ਇਕ ਉਚਾ ਜਿਹਾ ਥੜਾ ਬਣਿਆ ਹੋਇਆ ਸੀ, ਉਸ ਉਤੇ ਝਟ-ਪਟ ਚੜ੍ਹ ਗਏ, ਸੂਬਾ ਜੀ ਨੇ ਵੀ ਸਤਿਗੁਰੂ ਜੀ ਦਾ ਅਨੁਸਰਨ ਕੀਤਾ। ਅੰਦਰ ਜਾ ਕੇ ਵੇਖਿਆ ਉਹੀ ਮਾਈ ਮਸਤਾਨੀ ਦਰਸ਼ਨਾਂ ਨੂੰ ਤੜਫ ਰਹੀ ਸੀ। ਸਤਿਗੁਰੂ ਜੀ ਨਿਤਨੇਮ ਕਾਰਨ ਬੋਲਣਾ ਨਹੀਂ ਸੀ। ਪਰ ਉਹ ਮਾਈ ਪਿਆਰੇ ਪ੍ਰੀਤਮ ਨੂੰ ਆਪਣੇ ਸਾਹਮਣੇ ਵੇਖ, ਕਿਵੇਂ ਚੁਪ ਰਹਿ ਸਕਦੀ ਸੀ। ਵੈਰਾਗਮਈ ਹੋਕੇ ਬੋਲਣ



Namdhari Elibrary NamdhariElibrary@gmail.com

ਲਗ ਪਈ, "ਵੇ ਆ ਗਿਆ ਏ ਮੇਰਿਆ ਖਸਮਾਂ, ਆ ਗਿਐ ਵੇਂ, ਮੈਂ ਤੇਨੂੰ ਕਦੋਂ ਦੀ ਉਡੀਕਦੀ ਸਾਂ, ਤੂੰ ਮੈਨੂੰ ਕਿਉਂ ਨਹੀਂ ਦਰਸ਼ਨ ਦਿਤੇ ?"

"ਮੈਂ ਮਨ ਤਨ ਪ੍ਰੇਮ ਪਿਰੰਮ ਕਾ
ਅਠੇ ਪਹਰ ਲਗੰਨਿ
ਜਨ ਨਾਨਕ ਕਿਰਪਾ ਧਾਰ ਪ੍ਰਭ
ਸਤਿਗੁਰ ਸੁਖਿ ਵਸੰਨਿ ॥"

ਤੇ ਇਸ ਤੋਂ ਪਿਛੋਂ ਉਹ ਮਾਈ ਕਦੇ ਦੂਸਰੇ ਕਮਰੇ ਅੰਦਰ ਵੜਦੀ ਤੇ ਕਦੇ ਬਾਹਿਰ ਤੇ ਨਾਲ ਬੋਲੀ ਜਾਂਦੀ, ਮੇਰੇ ਕੋਲ ਹੈ ਹੀ ਨਹੀਂ, ਮੈਂ ਤੇਨੂੰ ਮੱਥਾ ਕੀ ਟੇਕਾਂ ? ਸਤਿਗੁਰੂ ਜੀ ਕੋਈ ਦਸ ਮਿੰਟਾਂ ਦੇ ਕਰੀਬ ਉਥੇ ਰਹੇ, ਤੇ ਉਸੇ ਤਰ੍ਹਾਂ ਹੀ ਨਿਤਨੇਮ ਕਰਦੇ- ਕਰਦੇ ਫਿਰ ਆਸਾ ਦੀ ਵਾਰ ਵਿਚ ਵਾਪਿਸ ਆਕੇ ਸੰਗਤਾਂ ਨੂੰ ਦਰਸ਼ਨਾਂ ਦੀ ਦਾਤ ਬਖਸ਼ਨ ਲਗ ਪਏ ।

ਇਕ ਵਾਰੀ ਲਾਇਲਪੁਰ ਦੇ ਪਿੰਡ ਟੋਟੀਆਂ ਵਿਚ ਬੜਾ ਭਾਰੀ ਮੇਲਾ ਸੀ । ਸੂਬਾ ਜੀ ਵੀ ਉਸ ਮੇਲੇ ਤੇ ਸਤਿਗੁਰੂ ਜੀ ਨਾਲ ਪਹੁੰਚੇ ਹੋਏ ਸਨ । ਸੰਗਤਾਂ ਹੁੰਮ-ਹੁੰਮਾ ਕੇ ਉਥੇ ਪਹੁੰਚੀਆਂ ਹੋਈਆਂ ਸਨ । ਮਾਈ ਮਸਤਾਨੀ ਵੀ ਆਪਣੇ ਸਤਿਗੁਰੂ ਜੀ ਤੇ ਸਾਧ-ਸੰਗਤ ਦਾ ਦਰਸ਼ਨ ਕਰਨ ਲਈ ਪਹੁੰਚੀ ਹੋਈ ਸੀ । ਮੇਲੇ ਦਾ ਭੋਗ ਪੈ ਗਿਆ । ਵਾਪਸੀ ਦੀਆਂ ਤਿਆਰੀਆਂ ਸੁਰੂ ਹੋ ਗਈਆਂ । ਜਦੋਂ ਤੁਰਨ ਲਗੇ ਤਾਂ ਮਾਈ ਅਡੋਲ ਹੀ ਨੇੜੇ ਆਣ ਖਲੋਤੀ ਤੇ ਕਹਿਣ ਲਗੀ, "ਲਾਲ ਸਿੰਘਾ (ਇਹ ਉਸ ਵੇਲੇ ਸ੍ਰੀ ਸਤਿਗੁਰੂ ਜੀ ਦਾ ਡਰਾਈਵਰ ਸੀ), ਮੈਨੂੰ ਵੀ ਆਪਨੇ ਨਾਲ ਲੈ ਚਲੋ ।" ਕੋਲੋਂ ਸਤਿਗੁਰੂ ਜੀ ਨੇ ਫੁਰਮਾਇਆ, "ਲਾਲ ਸਿੰਘਾ ਤੂੰ ਚਲ ਮਾਈ ਆਪੇ ਹੀ ਆ ਜਾਵੇਗੀ।" ਆਪ ਜੀ ਕਾਰ ਵਿਚ ਉਥੋਂ ਚਲ ਪਏ। ਜਦੋਂ ਲਾਹੌਰ ਬਾਬੇ ਧਿਆਨ ਸਿੰਘ ਜੀ ਦੇ ਡੇਰੇ ਪਹੁੰਚੇ, ਤਾਂ ਲਾਲ ਸਿੰਘ ਦੀ ਹੈਰਾਨੀ ਦੀ ਹੱਦ ਨਾ ਰਹੀ, ਕਿਉਂਕਿ ਮਾਈ ਮਸਤਾਨੀ ਇਹਨਾਂ ਤੋਂ ਵੀ ਪਹਿਲਾਂ ਉਥੇ ਪਹੁੰਚੀ ਹੋਈ ਸੀ । ਸੂਬਾ ਜੀ ਤੇ ਹੋਰ ਸਾਰਿਆਂ ਨੇ ਹੈਰਾਨੀ ਦਾ ਪ੍ਰਗਟਾਵਾ ਕਰ-ਦਿਆਂ ਕਿਹਾ, "ਹੈ ! ਇਹ ਕਿਵੇਂ ਐਨੀ ਜਲਦੀ ਸਾਡੇ ਸਾਰਿਆਂ ਤੋਂ ਪਹਿਲਾਂ ਪਹੁੰਚ ਗਈ ਹੈ ?" ਸੂਬਾ ਜੀ ਨੂੰ ਇਝ ਅਨੁਭਵ ਹੋਇਆ ਕਿ ਇਹ ਮਾਈ ਮਸ-ਤਾਨੀ ਐਨੀ ਉਚੀ ਅਵਸਥਤਾ ਦੀ ਮਾਲਿਕ ਸੀ, ਕਿ ਬਿਨਾਂ ਖੰਭਾਂ ਤੋਂ ਉਡਕੇ ਆਪਣੇ ਪ੍ਰੀਤਮ ਸਤਿਗੁਰੂ ਜੀ ਕੋਲ ਪਹੁੰਚ ਗਈ ।

ਇਕ ਵਾਰੀ ਸੂਬਾ ਜੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਪਹੁੰਚਨ ਲਈ ਸੁਨੇਹਾ ਭੇਜਿਆ । ਜਦੋਂ ਸੁਨੇਹਾ ਮਿਲਿਆ, ਉਸ ਵੇਲੇ ਇਹ ਮਾਈ ਮਸਤਾਨੀ ਗੁਜਰਾਂਵਾਲੇ ਸੂਬਾ ਜੀ ਦੇ ਕੋਲ ਬੈਠੀ ਸੀ । ਸਤਿਗੁਰੂ ਦੇ ਚਰਨਾਂ ਦੀ



Namdhari Elibrary NamdhariElibrary@gmail.com

ਛੂਹ ਪ੍ਰਾਪਤ ਕਰਨ ਦੀ ਤੜਪ ਇਕਦਮ ਉਸਦੇ ਦਿਲ ਅੰਦਰ ਵੀ ਉਤਪਨ ਹੋ ਗਈ, ਤੇ ਇਕਦਮ ਤਰਲੇ ਕਰਨ ਲਗ ਪਈ, "ਵੇ ਗੰਡਾ ਸਿੰਘ, ਵੇ ਹਜ਼ੂਰ ਸਿੰਘਾ, ਮੈਨੂੰ ਵੀ ਆਪਣੇ ਨਾਲ ਭੈਣੀ ਸਾਹਿਬ ਲੈ ਚਲੋ?"

"ਮੇਰੇ ਮਨਿ ਐਸੀ ਬਨਿ ਆਈ
ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ
ਜੈਸੇ ਜਲ ਬਿਨੁ ਮੀਨੁ ਮਰਿ ਜਾਈ।"

ਸੂਬਾ ਜੀ ਨੇ ਉਸਨੂੰ ਆਪਣੇ ਨਾਲ ਲਿਜਾਣ ਲਈ ਹਾਂ ਤੇ ਕਰ ਦਿਤੀ ਪਰ ਅੰਦਰੋਂ ਸੋਚੀਂ ਪੈ ਗਏ ਕਿ ਕਿਧਰੇ ਰਸਤੇ ਵਿਚ ਮਾਈ ਤੰਗ ਨਾ ਕਰੇ। ਸੂਬਾ ਜੀ ਤੇ ਉਨਾਂ ਦੇ ਸਭ ਤੋਂ ਛੋਟੇ ਭਰਾ ਸ: ਹਜ਼ੂਰ ਸਿੰਘ ਸਟੇਸ਼ਨ ਵਲ ਨੂੰ ਤੁਰ ਪਏ। ਇਹ ਦੋਵੇਂ ਭਰਾ ਅਗੇ-ਅਗੇ ਮਾਈ ਮਸਤਾਨੀ ਪਿਛੇ-ਪਿਛੇ ਤੁਰਦੀ ਗਈ। ਜਦੋਂ ਥੋੜੀ ਦੂਰ ਹੀ ਪਹੁੰਚੇ ਤਾਂ ਪਿਛਾਂਹ ਪਰਤਕੇ ਵੇਖਿਆ। ਮਾਈ ਮਸਤਾਨੀ ਨਜ਼ਰ ਨਾ ਆਈ। ਇਧਰ-ਉਧਰ ਲੱਭਣ ਦੀ ਕੋਸ਼ਿਸ਼ ਕੀਤੀ ਪਰ ਮਾਈ ਕਿਧਰੇ ਵੀ ਨਾ ਮਿਲੀ। ਘਰ ਤੋਂ ਚਲਕੇ ਗੁਜਰਾਂਵਾਲੇ ਦਾ ਰਸਤਾ ਕੋਈ ਡੇਢ ਕੁ ਮੀਲ ਸੀ। ਸਟੇਸ਼ਨ ਤੇ ਪਹੁੰਚਕੇ, ਸੂਬਾ ਜੀ ਨੇ ਟਿਕਟਾਂ ਤਾਂ ਦੋ ਹੀ ਲਈਆਂ ਪਰ ਅੰਦਰੋ-ਅੰਦਰ ਮਾਈ ਮਸਤਾਨੀ ਦੀ ਉਡੀਕ ਬਣੀ ਹੀ ਰਹੀ। ਸੂਬਾ ਜੀ ਨੇ ਆਪਣੇ ਛੋਟੇ ਭਰਾ ਦੀ ਡਿਊਟੀ ਲਾਈ ਕਿ ਉਹ ਉਤਨੀ ਦੇਰ ਸਟੇਸ਼ਨ ਦੇ ਬਾਹਿਰ ਖਲੋਕੇ ਮਾਈ ਦੀ ਉਡੀਕ ਕਰੇ, ਜਿੰਨਾ ਚਿਰ ਗੱਡੀ ਦੇ ਚਲਣ ਦਾ ਸਮਾਂ ਨਹੀਂ ਹੋ ਜਾਂਦਾ। ਗੱਡੀ ਦੇ ਚਲਣ ਦਾ ਸਮਾਂ ਹੋ ਗਿਆ ਪਰ ਮਸਤਾਨੀ ਨਹੀਂ ਪਹੁੰਚੀ। ਅਖੀਰ ਦੋਵੇਂ ਭਰਾ ਰੇਲ ਤੇ ਸਵਾਰ ਹੋਕੇ ਲੁਧਿਆਣੇ ਰਾਤੀਂ ੯ ਵਜਕੇ ੩੦ ਮਿਨਟ ਤੇ ਪਹੁੰਚੇ। ਰਾਤ ਲੁਧਿਆਣੇ ਸਟੇਸ਼ਨ ਤੇ ਹੀ ਗੁਜ਼ਾਰੀ ਕਿਉਂਕਿ ਉਸ ਵੇਲੇ ਸ੍ਰੀ ਭੈਣੀ ਸਾਹਿਬ ਜਾਣ ਲਈ ਕੋਈ ਸਵਾਰੀ ਨਹੀਂ ਸੀ ਮਿਲਦੀ। ਸਵੇਰੇ ਚਾਰ ਵਜੇ ਡਾਕ ਲੈਣ ਲਈ ਇਕ ਟਾਂਗਾ ਸ਼ਟੇਸ਼ਨ ਤੇ ਆਉਂਦਾ ਸੀ। ਉਸਨੇ ਜ਼ੋਰ-ਜ਼ੋਰ ਦੀਆਂ ਆਵਾਜ਼ਾਂ ਲਗਾਉਣੀਆਂ ਸ਼ੁਰੂ ਕਰ ਦਿਤੀਆਂ, "ਆਵੋ ਕਿਸੇ ਸਵਾਰੀ ਨੇ ਜਾਣਾ ਹੈ ਲਾਟੋ, ਕਟਾਣੀ ਵਾਲੀਆਂ ਸਵਾਰੀਆਂ ਆ ਜਾਵੋ।" ਜਿਉਂ ਹੀ ਦੋਵੇਂ ਭਰਾ ਟਾਂਗੇ ਤੇ ਸਵਾਰ ਹੋਣ ਲਗੇ ਤਾਂ ਉਨ੍ਹਾਂ ਵੇਖਿਆ ਕਿ ਮਾਈ ਮਸਤਾਨੀ ਉਨ੍ਹਾਂ ਦੇ ਕੋਲ ਖਲੋਤੀ ਹੈ। ਸੂਬਾ ਜੀ ਦੀਆਂ ਅੱਖਾਂ ਨੂੰ ਜਿਵੇਂ ਭਰੋਸਾ ਹੀ ਨਾ ਹੋ ਰਿਹਾ ਹੋਵੇ। ਉਨ੍ਹਾਂ ਮਾਈ ਨੂੰ ਕੁਝ ਨਾ ਪੁਛਿਆ ਕਿਉਂਕਿ ਇਨ੍ਹਾਂ ਨੂੰ ਯਾਦ ਸੀ ਕਿ ਇਹ ਮਾਈ ਤਾਂ ਅਗੇ ਜਦੋਂ ਸਤਿਗੁਰੂ ਜੀ ਇਸਨੂੰ ਛੱਡ ਆਏ ਸਨ, ਕਾਰ ਤੋਂ ਪਹਿਲਾਂ ਹੀ ਲਾਹੌਰ ਪਹੁੰਚੀ ਹੋਈ ਸੀ।

ਟਾਂਗੇ ਵਾਲੇ ਨੇ ਚਾਰ-ਚਾਰ ਆਨੇ ਲਏ, ਤੇ ਤਿੰਨੇ ਜਣੇ ਟਾਂਗੇ ਤੇ ਸਵਾਰ ਹੋ ਗਏ। ਰਸਤੇ ਵਿਚ ਕੁਹਾੜੇ ਲੋਅ ਲਗ ਪਈ ਤੇ ਸੂਬਾ ਜੀ ਨੇ ਇਸ਼ਨਾਨ ਕੀਤਾ,


Namdhari Elibrary NamdhariElibrary@gmail.com

ਤੇ ਮਾਈ ਮਸਤਾਨੀ ਨੇ ਪੰਜ ਇਸ਼ਨਾਨਾ। ਫਿਰ ਟਾਂਗੇ ਤੇ ਸੁਆਰ ਹੋ ਗਏ। ਜਿਉਂ ਹੀ ਟਾਂਗਾ ਕੁਹਾੜੇ ਤੋਂ ਤੁਰਿਆ ਤਾਂ ਮਾਈ ਨੇ ਆਪਣੀ ਝੋਲੀ ਵਿਚੋਂ ਕੇਲੇ ਕਢਕੇ ਵੰਡਣੇ ਸ਼ੁਰੂ ਕਰ ਦਿਤੇ। ਇਕ ਕੇਲਾ ਸੂਬਾ ਗੰਡਾ ਸਿੰਘ ਜੀ ਨੂੰ ਦਿੰਦੀ ਹੋਈ ਕਹਿਣ ਲਗੀ, "ਲੈ ਵੇ ਗੰਡਾ ਸਿੰਘਾ, ਖਾ ਲੈ, ਲੈ ਵੇ ਹਜ਼ੂਰ ਸਿੰਘਾ, ਤੂੰ ਵੀ ਲੈ ਲੈ।" ਇਕ ਕੇਲਾ ਟਾਂਗੇ ਵਾਲੇ ਨੂੰ ਦਿਤਾ ਤੇ ਇਕ ਆਪ ਵੀ ਉਸ ਖਾਧਾ। ਅੰਦਰੋਂ-ਅੰਦਰ ਦੋਵੇਂ ਭਰਾ ਹੈਰਾਨ ਹੋ ਰਹੇ ਸਨ, ਕਿ ਮਾਈ ਨੇ ਇਕਦਮ ਕੇਲੇ ਕਿਥੋਂ ਪੈਦਾ ਕਰ ਲਏ ਹਨ। ਹੀਰੀ ਉਤਰਕੇ ਸੂਬਾ ਜੀ ਹੋਰੀਂ ਅਗੇ-ਅਗੇ ਤੇ ਮਾਈ ਮਸਤਾਨੀ ਪਿਛੇ-ਪਿਛੇ ਤੁਰ ਪਈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਰਾਮਸਰ ਦੇ ਕੋਲ ਦੀਵਾਨ ਵਿਚ ਸੁਸ਼ੋਭਿਤ ਹੋ ਰਹੇ ਸਨ, ਤੇ ਸਾਰੀ ਸਾਧ-ਸੰਗਤ ਆਨੰਦ ਵਿਭੋਰ ਹੋਕੇ ਕੀਰਤਨ ਦਾ ਰਸ ਮਾਣ ਰਹੀ ਸੀ। ਪਹਿਲਾਂ ਸੂਬਾ ਜੀ, ਦੋਵਾਂ ਭਰਾਵਾਂ ਨੇ ਸਤਿਗੁਰੂ ਜੀ ਦੇ ਚਰਨਾਂ ਨਮਸਕਾਰ ਕੀਤੀ, ਪਿਛੋਂ ਮਾਈ ਮਸਤਾਨੀ ਨੇ ਵੀ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ, ਪਰ ਖਾਲੀ ਨਹੀਂ, ਸਗੋਂ ਅਨਾਰਾਂ ਨਾਲ ਭਰੀ ਹੋਈ ਝੋਲੀ ਨੂੰ ਆਸਣ ਸਾਹਮਣੇ ਉਡੇਲ ਦਿਤਾ। ਅਨਾਰਾਂ ਦਾ ਢੇਰ ਲਗ ਗਿਆ। ਸੂਬਾ ਜੀ ਨੂੰ ਚੇਤੇ ਆਇਆ, ਜਿਥੋਂ ਮਾਈ ਨੇ ਕੇਲੇ ਪੈਦਾ ਕਰ ਲਏ ਸਨ, ਉਸੇ ਗੈਬੀ ਤਾਕਤ ਰਾਹੀਂ ਹੁਣ ਅਨਾਰਾਂ ਦਾ ਢੇਰ ਵੀ ਲਗਾ ਦਿਤਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੁਕਮ ਕੀਤਾ, "ਬਹਾਦੁਰ ਸਿੰਘ ਜੀ, ਇਹ ਪ੍ਰਸ਼ਾਦ ਰਖਣਾ ਨਹੀਂ, ਕਿਉਂਕਿ ਇਹ ਪ੍ਰਸ਼ਾਦ ਰੱਖਣ ਵਾਲਾ ਨਹੀਂ, ਇਸਨੂੰ ਧੋਕੇ ਸਾਰੀ ਸਾਧ-ਸੰਗਤ ਵਿਚ ਵਰਤਾ ਦਿਓ। ਸੂਬਾ ਗੰਡਾ ਸਿੰਘ ਜੀ ਕਦੇ ਮਾਈ ਮਸਤਾਨੀ ਵਲ ਤੇ ਕਦੇ ਸ੍ਰੀ ਸਤਿਗੁਰੂ ਜੀ ਵਲ ਵੇਖ ਰਹੇ ਸਨ।



Namdhari Elibrary NamdhariElibrary@gmail.com

## ਦਰਸ਼ਨਾਂ ਦੀ ਦਾਤ

ਇਕ ਵਾਰੀ ਲਾਇਲਪੁਰ ਦੇ ਇਕ ਪਿੰਡ ਟੋਟੀਆਂ ਵਿਚ ਮੇਲਾ ਸੀ। ਮੇਲੇ ਦੇ ਭੋਗ ਤੋਂ ਉਪਰੰਤ ਆਪ ਜੀ ਨੇ ਲਾਹੌਰ ਵਲ ਨੂੰ ਜਾਣਾ ਸੀ। ਰਸਤੇ ਵਿਚ ਚੀਚੋਂਕੇਮਲੀਆਂ ਤੋਂ ਇਕ ਛੋਟੀ ਜਿਹੀ ਪਗਡੰਡੀ ਦੋ ਕੁ ਮੀਲ ਪਿੰਡ ਦੇ ਅੰਦਰ ਜਾਂਦੀ ਸੀ। ਉਸ ਪਗਡੰਡੀ ਤੋਂ ਕੋਈ ਪੌਣਾ ਕੁ ਮੀਲ ਕਾਰ ਅਗੇ ਲੰਘੀ ਤਾਂ ਸਤਿਗੁਰੂ ਪ੍ਰਤਾਪ ਸਿਘ ਜੀ ਨੇ ਹੁਕਮ ਕੀਤਾ, "ਲਾਲ ਸਿੰਘ, ਗੱਡੀ ਪਿਛਾਂਹ ਨੂੰ ਮੋੜ।" ਹੁਕਮ ਅਨੁਸਾਰ ਕਾਰ ਪਿਛਾਂਹ ਮੋੜੀ ਗਈ, ਤੇ ਦੋ ਮੀਲ ਦਾ ਕੱਚਾ ਪਗਡੰਡੀ ਵਾਲਾ ਰਸਤਾ ਕਾਰ ਤੇ ਹੀ ਤੈਅ ਕੀਤਾ। ਪਿੰਡ ਦੇ ਅੰਦਰ ਇਕ ਮਕਾਨ ਦੇ ਦਰਾਂ ਦੇ ਕੋਲ ਕਾਰ ਖੜੀ ਕਰ ਦਿਤੀ। ਸਤਿਗੁਰੂ ਜੀ ਅਗੇ-ਅਗੇ, ਪਿਛੇ-ਪਿਛੇ ਭਾਈ ਵਜ਼ੀਰ ਸਿਘ, ਤੇ ਉਨ੍ਹਾਂ ਦੇ ਪਿਛੇ ਸੂਬਾ ਗੜਾ ਸਿਘ ਜੀ ਅਤੇ ਲਾਂਗਰੀ ਵੀ ਤੁਰਦੇ ਗਏ। ਜਿਉਂ ਹੀ ਗਲੀ ਦਾ ਮੋੜ ਪਰਤਿਆ ਤਾਂ ਸਾਹਮਣੇ ਇਕ ਮਾਈ ਬੈਠੀ ਦਿੱਸੀ। ਉਸਨੇ ਝਟ ਉਛਲ ਕੇ ਛਾਲ ਮਾਰੀ ਤੇ ਅਤਿਅੰਤ ਪ੍ਰਸਨ ਚਿਤ ਹੋਕੇ ਕਹਿਣਾ ਸ਼ੁਰੂ ਕਰ ਦਿਤਾ, "ਵੇ ਮਾਰਿਆ ਸਤਿਗੁਰਾ, ਮੈਂ ਸਵੇਰ ਦਾ ਤੇਰੇ ਜੋਗਾ ਮਕਈ ਦਾ ਪ੍ਰਸ਼ਾਦਾ ਤੇ ਸਰਸੋਂ ਦਾ ਸਾਗ ਰਿੰਨ੍ਹ ਕੇ ਬੈਠੀ ਹਾਂ।" ਸਤਿਗੁਰੂ ਜੀ ਨੇ ਉਤਰ ਦਿਤਾ, "ਅਸੀਂ ਤਾਂ ਅਗੇ ਲਘ ਗਏ ਸਾਂ, ਪਰ ਤੇਰਾ ਸਾਗ ਤੇ ਪ੍ਰਸ਼ਾਦਾ ਸਾਨੂੰ ਵਾਪਿਸ ਇਥੇ ਲੈ ਆਇਆ ਹੈ।" ਮਾਈ ਨੇ ਆਪਣੇ ਪਿਆਰੇ ਸਤਿਗੁਰੂ ਜੀ ਲਈ ਪਲੰਗ ਵਿਛਾ ਦਿਤਾ। ਸਤਿਗੁਰੂ ਜੀ ਬਿਰਾਜਮਾਨ ਹੋ ਗਏ।

"ਮੋਰ ਅੰਤਰਿ ਵਦਨ ਪ੍ਰੇਮ ਕੀ, ਗੁਰ ਦੇਖਤ ਮਨੁ ਸਾਧਾਰਿਆ।
ਗੁਰ ਕਾ ਦਰਸਨ ਦੇਖ ਨਿਹਾਲ॥

ਮਾਈ ਅੰਦਰ ਗਈ ਤੇ ਅੰਦਰੋਂ ਖਿੰਨੂੰ ਦੀ ਸ਼ਕਲ ਵਰਗਾ ਕਪੜਾ ਲੈ ਆਈ। ਇਕ ਲੀਰ ਖੋਹਲੀ, ਦੂਸਰੀ ਖੋਹਲੀ, ਤੀਸਰੀ ਤੇ ਫਿਰ ਕਈ ਤੈਹਾਂ ਖੋਹਲਕੇ ਇਕ ਚਾਂਦੀ ਦਾ ਰੁਪਇਆ ਕਢਕੇ ਸਤਿਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕ ਦਿਤਾ। ਸਤਿਗੁਰੂ ਜੀ ਨੇ ਭਾਈ ਵਜ਼ੀਰ ਸਿਘ ਨੂੰ ਕਿਹਾ, "ਇਹ ਰੁਪਿਆ ਸਿੱਧਾ ਸ੍ਰੀ ਭੈਣੀ ਸਾਹਿਬ ਲੰਗਰ ਵਿਚ ਜਾਣਾ ਚਾਹੀਦਾ ਹੈ, ਖਿਆਲ ਰਖਣਾ ਕਿਧਰੇ ਹੋਰ ਨਾ ਖਰਚ ਹੋ ਜਾਵੇ। ਤੇ ਫਿਰ ਲਾਂਗਰੀ ਕਿਰਪਾ ਸਿੰਘ ਨੂੰ ਹੁਕਮ ਕੀਤਾ, "ਪ੍ਰਸ਼ਾਦਾ ਤੇ ਭਾਜਾ ਬੰਨ੍ਹ ਲਵੋ, ਨਹਿਰ ਤੇ ਇਸਨਾਨ ਕਰਕੇ ਛਕਾਂਗੇ। ਪਿਆਰ ਤੇ ਭਾਵ ਭਗਤੀ ਨਾਲ ਬਣਾਏ ਭੋਜਨ ਨੂੰ ਸ੍ਰੀ ਸਤਿਗੁਰੂ ਜੀ ਨੇ ਬੜੇ ਪਿਆਰ ਨਾਲ ਛਕਿਆ। ਫਿਰ ਲਾਹੌਰ ਵਲ ਨੂੰ ਤੁਰ ਪਏ।


Namdhari Elibrary NamdhariElibrary@gmail.com

## ਬੀਬੀ ਈਸ਼ਰ ਕੌਰ ਤੇ ਬਖਸ਼ਸ਼

ਆਧੁਨਿਕ ਪਦਾਰਥਵਾਦੀ ਯੁਗ ਵਿਚ ਮਨੁੱਖ ਅਧਿਆਤਮਕ ਤੇ ਰੂਹਾਨੀਅਤ ਦਾ ਸਿੱਧਾ ਰਸਤਾ ਭੁਲਕੇ, ਮਾਇਆ ਦੀਆਂ ਟੇਢੀਆਂ ਮੇਢੀਆਂ ਪਗਡੰਡੀਆਂ ਵਿਚ ਹੀ ਉਲਝ ਗਿਆ ਹੈ। ਕਦੇ ਉਹ ਕਿਸੇ ਦੇ ਆਸਰੇ ਲਈ ਭਟਕਦਾ ਹੈ, ਤੇ ਕਿਧਰੇ ਓਟ ਨਾ ਮਿਲਣ ਤੇ ਬਿਹਬਲ ਤੇ ਨਿਰਆਸ਼ਰਿਤ ਹੋ ਜਾਂਦਾ ਹੈ। ਤੇ ਜਿਹੜੇ ਮਨੁਖ ਸਭ ਕੁਝ ਆਪਣੇ ਸਤਿਗੁਰੂ ਜੀ ਨੂੰ ਅਰਪਿਤ ਕਰ ਦਿੰਦੇ ਹਨ ਅਤੇ ਉਨ੍ਹਾਂ ਦੇ ਚਰਣ-ਕੰਵਲਾਂ ਦੇ ਭੌਰੇ ਬਣਕੇ ਰਹਿ ਜਾਂਦੇ ਹਨ, ਸਤਿਗੁਰੂ ਜੀ ਆਪਣੀ ਕਿਰਪਾ ਦ੍ਰਿਸ਼ਟੀ ਰਾਹੀਂ, ਉਨ੍ਹਾਂ ਦੇ ਦੁਖੜੇ ਨਿਵਾਰਨ ਕਰ ਦਿੰਦੇ ਹਨ। ਸਦੀਆਂ ਤੋਂ ਲਗੇ ਰੋਗ ਕੋਹਾਂ ਦੂਰ ਭਜ ਜਾਂਦੇ ਹਨ। ਕਿਉਂਕਿ :

"ਸਤਿਗੁਰ ਸੱਚਾ ਵੈਦ ਹੈ,
ਹੋਰ ਵੈਦ ਸਭ ਕੂੜ ਕੁੜਾਵੇ

ਲਾਹੌਰ ਬਾਬਾ ਧਿਆਨ ਸਿੰਘ ਪੱਥਰਾਂ ਵਾਲਿਆਂ ਦੇ ਘਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੱਚੇ ਪਾਤਸ਼ਾਹ ਨੇ ਆਣ ਦਰਸ਼ਨ ਦਿਤੇ। ਬਾਬਾ ਧਿਆਨ ਸਿੰਘ ਜੀ ਦੀ ਸਪੁੱਤਰੀ ਬੀਬੀ ਈਸ਼ਰ ਕੌਰ ਜੋ 'ਵੱਡੀ' ਨਾਮ ਤੋਂ ਪ੍ਰਸਿੱਧ ਸੀ, ਗੋਡਿਆਂ ਦੇ ਜੋੜਾਂ ਦੀ ਪੀੜ ਕਾਰਣ ਪਰੇਸ਼ਾਨ ਸੀ। ਉਸ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ, "ਸੱਚੇ ਪਾਤਸ਼ਾਹ ਮੇਰੇ ਤੇ ਕਿਰਪਾ ਕਰੋ ਜੀ, ਮੈਂ ਗੋਡਿਆਂ ਦੀ ਪੀੜ ਕਰਕੇ ਬਹੁਤ ਤੰਗ ਹਾਂ।" ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਭਾਈ ਵਜ਼ੀਰ ਸਿੰਘ ਜੀ ਨੂੰ ਕਿਹਾ, "ਤਿੰਨ ਕਾਲੀਆਂ ਗੋਲੀਆਂ ਈਸ਼ਰੋ ਨੂੰ ਦੇ ਦਿਉ।" ਬੀਬੀ ਨੇ ਬੇਨਤੀ ਕੀਤੀ, "ਇਹ ਕਾਲੀਆਂ ਗੋਲੀਆਂ ਤਾਂ ਬਹੁਤ ਵਾਰੀ ਖਾ ਚੁਕੀ ਹਾਂ ਮੈਨੂੰ ਰੱਤੀ ਭਰ ਵੀ ਅਰਾਮ ਨਹੀਂ ਆਇਆ।" ਅਗੋਂ ਸਤਿਗੁਰੂ ਜੀ ਨੇ ਫੁਰਮਾਇਆ, "ਉਹ ਗੋਲੀਆਂ ਦੇਣ ਵਾਲੇ ਹੱਥ ਹੋਰ ਸਨ, ਇਹ ਹੋਰ ਹਨ।" ਉਸ ਨੇ ਹੁਕਮ ਅਨੁਸਾਰ ਕਾਲੀਆਂ ਗੋਲੀਆਂ ਖਾਧੀਆਂ ਤੇ ਗੋਡਿਆਂ ਦੀ ਪੀੜ ਪਤਾ ਨਹੀਂ, ਜਿਵੇਂ ਕਦੀ ਹੋਈ ਹੀ ਨਾ ਹੋਵੇ।

"ਕਲਿ ਕਲੇਸ ਭੈ ਭ੍ਰਮ ਦੂਖ ਲਾਥਾ,
ਕਹੁ ਨਾਨਕ ਮੇਰਾ ਗੁਰੂ ਸਮਰਾਥਾ।



Namdhari Elibrary NamdhariElibrary@gmail.com

# ਮਾਤਾ ਕੇਸਰ ਕੌਰ

ਮਾਤਾ ਕੇਸਰ ਕੌਰ ਸੁਪਤਨੀ ਸੂਬਾ ਗੰਡਾ ਸਿੰਘ ਜੀ ਦਿੱਲੀ ਇਕ ਐਸੀ ਅਧਿਆਤਮਕ ਸ਼ਖਸੀਅਤ ਸਨ ਜਿੰਨਾਂ ਨੂੰ ਪੂਜਯ ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲੇ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਸੀ। ਬਚਪਨ ਤੋਂ ਹੀ ਸਾਦਗੀ, ਪਾਠ-ਪੂਜਾ ਦਾ ਸ਼ੌਕ ਆਪ ਜੀ ਨੂੰ ਆਪਣੀ ਮਾਤਾ ਤੇ ਪਿਤਾ ਜੀ ਕੋਲੋਂ ਵਿਰਸੇ ਵਿਚ ਮਿਲਿਆ ਹੋਇਆ ਸੀ। ਆਪ ਜੀ ਦਾ ਆਨੰਦ-ਕਾਰਜ ਸੂਬਾ ਗੰਡਾ ਸਿੰਘ ਜੀ ਨਾਲ ਹੋਇਆ। ਸਹੁਰੇ ਘਰ ਦਾ ਪਰਵਾਰ ਸਭ ਕੁਝ ਖਾ ਪੀ ਲੈਂਦੇ ਸੀ ਪਰ ਬੀਬੀ ਕੇਸਰ ਕੌਰ ਨਾਮਧਾਰੀ ਪਰਵਾਰ ਵਿਚੋਂ ਸਨ। ਬੀਬੀ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕਰਨੀ, ਅਰਜੋਈਆਂ ਕਰਨੀਆਂ, ਕਿ ਇਹ ਪਰਿਵਾਰ ਗੁਰੂ ਘਰ ਦਾ ਪ੍ਰੇਮੀ ਬਣ ਜਾਵੇ। ਬੀਬੀ ਜੀ ਦੀ ਅਰਦਾਸਾ ਸਦਕਾ ਹੀ, ਸੂਬਾ ਗੰਡਾ ਸਿੰਘ ਜੀ ਚਵਿੰਡੇ ਵਾਲਿਆਂ ਦੇ ਲੜ ਲਗੇ, ਸੰਤਾਂ ਨੇ ਜਦੋਂ ਭਜਨ ਦਿਤਾ ਤਾਂ ਆਖਿਆ ਗੰਡਾ ਸਿੰਘ ਖਾਂਦਾ ਏਂ ਖਾਂਦਾ ਜਾਵੀਂ, ਪੀਂਦਾ ਹੈ ਤੇ ਪੀਵੀਂ ਜਾਵੀਂ, ਛੁਡਾਣ ਵਾਲਾ ਆਪ ਹੀ ਕਿਰਪਾ ਕਰੇਗਾ। ਕਿਰਪਾ ਹੋਈ ਤੇ ਮਾਤਾ ਕੇਸਰ ਕੌਰ ਜੀ ਦੇ ਸੁਪਨੇ ਸਾਕਾਰ ਹੋ ਗਏ।

ਸੰਤ ਕੇਸਰ ਸਿੰਘ ਜੀ ਨੇ ਸੂਬਾ ਗੰਡਾ ਸਿੰਘ ਜੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਚਰਨੀਂ ਲਾ ਦਿਤਾ। ਜਦੋਂ ਉਹ ਮਿਸਤ੍ਰੀ ਦੇ ਰੂਪ ਵਿਚ ਸੱਚੇ ਪਾਤਸ਼ਾਹ ਜੀ ਦੀ ਸੇਵਾ ਕਰਨ ਜਾਂਦੇ, ਮਾਤਾ ਜੀ ਸਾਰੇ ਪਰਿਵਾਰ ਦੀ ਸਭਾਲ ਆਪ ਕਰਦੇ, ਤੇ ਕਈ-ਕਈ ਮਹੀਨਿਆਂ ਤਕ ਸਾਰੀਆਂ ਜ਼ਿੰਮੇਵਾਰੀਆਂ ਆਪਣੇ ਉਤੇ ਲੈ ਲੈਂਦੇ। ਬਿਨਾਂ ਕਿਸੇ ਵਿਤਕਰੇ ਤੇ ਭੇਦ-ਭਾਵ ਤੋਂ ਘਰ ਆਏ ਅਭਿਆਗਤ ਦੀ ਸੇਵਾ ਕਰਨ ਦਾ ਆਪ ਜੀ ਨੂੰ ਬਹੁਤ ਸ਼ੌਕ ਸੀ। ਆਪਣੇ ਹੱਥ ਨਾਲ ਭੋਜਨ ਤਿਆਰ ਕਰਕੇ ਬੜੇ ਪਿਆਰ ਨਾਲ ਛਕਾਂਦੇ। ਵੱਡੇ ਹਵਨ ਦੇ ਭੋਗ ਪੈਣ ਤੇ ਆਨੰਦ-ਕਾਰਜ ਵਿਚ ਆਪ ਜੀ ਦੇ ਸਪੁੱਤ੍ਰ ਸ: ਗੁਰਮੁਖ ਸਿੰਘ ਜੀ ਦਾ ਆਨੰਦ-ਕਾਰਜ ਵੀ ਮਿਥਿਆ ਗਿਆ। ਸੂਬਾ ਜੀ ਦੋ ਮਹੀਨਿਆਂ ਤੋਂ ਪਹਿਲਾਂ ਹੀ ਸ੍ਰੀ ਭੈਣੀ ਸਾਹਿਬ ਵਿਖੇ ਹਵਨ ਕੁੰਡ ਬਣਾਨ ਵਿਚ ਲਗੇ ਹੋਏ ਸਨ। ਦੀਵਾਨ ਵਿਚ ਜਦੋਂ ਬੀਬੀ ਕੇਸਰ ਕੌਰ ਨੇ ਮੱਥਾ ਟੇਕਿਆ ਤਾਂ ਸਤਿਗੁਰੂ ਜੀ ਨੇ ਮੁਸਕਰਾਂਦਿਆਂ ਹੋਇਆਂ ਬਚਨ ਕੀਤਾ, "ਬੀਬੀ ਮਾਵਾਂ ਵੀ ਕਦੇ ਜੰਝੇ



Namdhari Elibrary NamdhariElibrary@gmail.com

ਆਉਂਦੀਆਂ ਹਨ'' ਉਸ ਵੇਲੇ ਬੀਬੀ ਜੀ ਨੇ ਹੱਥ ਵਿਚ ਸੋਨੇ ਦਾ ਕੜਾ ਪਾਇਆ ਹੋਇਆ ਸੀ। ਕੋਲ ਬੈਠੇ ਸੰਤ ਆਲਾ ਸਿੰਘ ਜੀ ਨੇ ਬੀਬੀ ਜੀ ਦੇ ਹੱਥ ਵਿਚ ਪਏ ਸੋਨੇ ਦੇ ਕੜੇ ਦਾ ਜ਼ਿਕਰ ਕੀਤਾ। ਉਸੇ ਵੇਲੇ ਹੀ ਬੀਬੀ ਕੇਸਰ ਕੌਰ ਜੀ ਨੇ ਆਪਣੇ ਹੱਥ ਵਿਚ ਪਏ ਪੰਜ ਤੋਲੇ ਸੋਨੇ ਦਾ ਕੜਾ ਲਾਹਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਤੇ ਮੱਥਾ ਟੇਕ ਦਿਤਾ। ਸਤਿਗੁਰੂ ਜੀ ਨੇ ਬਚਨ ਕੀਤਾ, "ਬੀਬੀ ਇਹ ਕੜਾ ਲੈ ਜਾਹ" ਅਗੋਂ ਬੀਬੀ ਨੇ ਉਤਰ ਦਿਤਾ, "ਸੱਚੇ ਪਾਤਸ਼ਾਹ ਜੀ ਮੱਥਾ ਟੇਕੀ ਹੋਈ ਵਸਤੂ ਮੈਂ ਕਿਵੇਂ ਵਾਪਸ ਲੈ ਸਕਦੀ ਹਾਂ, ਇਹ ਸਭ ਕੁਛ ਆਪ ਜੀ ਦਾ ਹੀ ਦਿਤਾ ਹੋਇਆ ਹੈ।"

ਬੀਬੀ ਜੀ ਦੇ ਹੱਥਾਂ ਵਿਚ ਰਿੱਧੀਆਂ-ਸਿਧੀਆ ਸਨ। ਉਹ ਥੋੜਾ ਜਿਹਾ ਆਟਾ ਗੁੰਨਦੇ ਤੇ ਅਣਗਿਣਤ ਲੋਕ ਆਪਣੀ ਭੁੱਖ ਤ੍ਰਿਪਤ ਕਰ ਲੈਂਦੇ ਤੇ ਆਟਾ ਫਿਰ ਵੀ ਵਧਿਆ ਪਿਆ ਹੁੰਦਾ। ਕਿਉਂਕਿ ਹਰ ਵੇਲੇ ਰਸਨਾ ਤਾਂ ਆਪਣੇ ਪਿਆਰੇ ਸਤਿਗੁਰੂ ਜੀ ਦਾ ਨਾਮ ਸਿਮਰਨ ਕਰਦੀ ਰਹਿੰਦੀ। ਉਠਦਿਆਂ ਬਹਿੰਦਿਆਂ, ਮੰਜੇ ਤੇ ਲੇਟਿਆਂ ਸਵਾਸ-ਸਵਾਸ ਰਸਨਾ ਨਾਮ ਜਪਦੀ ਰਹਿੰਦੀ।

ਅੰਤਲੇ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਦਰਸ਼ਨ ਦਿਤੇ। ਸਰੀਰ ਬਹੁਤ ਢਿਲਾ, ਉਹਨਾਂ ਦੇ ਬੋਲ ਸਪਸ਼ਟ ਨਹੀਂ ਸਨ, ਪਰ 'ਵਾਹਿਗੁਰੂ' ਸ਼ਬਦ ਦਾ ਉਚਾਰਣ ਬੜਾ ਸਪਸ਼ਟ ਸੀ। ਰਸਨਾ ਤੇ ਨਾਮ ਸਿਮਰਨ ਕਰਦਿਆਂ-ਕਰਦਿਆਂ ੫ ਅਗਸਤ ੧੯੮੪ ਨੂੰ ਸਵੇਰੇ ਦੋ ਵਜੇ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ।



Namdhari Elibrary NamdhariElibrary@gmail.com

# ਸ੍ਰੀ ਜੀਵਨ ਨਗਰ ਵਿਖੇ ਇੰਜਨ

ਸ੍ਰੀ ਜੀਵਨ ਨਗਰ ਦੀ ਧਰਤੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਕਰਨ ਤੋਂ ਪਹਿਲਾਂ ਬਿਲਕੁਲ ਬੰਜਰ ਤੇ ਵੀਰਾਨ ਪਈ ਸੀ, ਸ੍ਰੀ ਸਤਿਗੁਰੂ ਜੀ ਨੇ ਉਸ ਧਰਤੀ ਨੂੰ ਖਰੀਦ ਕੇ, ਖੂਹ ਖੁਦਵਾ, ਪੰਪ ਫਿਟ ਕਰਵਾਕੇ, ਉਸ ਨੂੰ ਲਹਿਲਹਾਂਦੇ ਖੇਤਾਂ ਵਿਚ ਪਰਵਰਤਿਤ ਕਰ ਦਿਤਾ।

"ਸਾ ਧਰਤੀ ਭਈ ਹਰੀਆਵਲੀ,
ਜਿਥੈ ਮੇਰਾ ਸਤਿਗੁਰੂ ਬੈਠਾ ਆਇ।
ਸੇ ਜੰਤ ਭਏ ਹਰੀਆਵਲੇ,
ਜਿਨੀ ਮੇਰਾ ਸਤਿਗੁਰੂ ਦੇਖਿਆ ਜਾਇ ॥

ਜ਼ਮੀਨ ਤੋਂ ਪਾਣੀ ਬਹੁਤ ਡੂੰਘਾ ਸੀ। ਖੂਹ ਪੁਟਣੇ ਕੋਈ ਆਸਾਨ ਕੰਮ ਸੀ, ਤੇ ਦੂਸਰੇ ਪਾਸੇ ਨਹਿਰਾਂ ਦੀ ਘਾਟ ਵੀ ਸੀ। ਸ੍ਰੀ ਸਤਿਗੁਰੂ ਜੀ ਨੇ ਥਾਂ-ਥਾਂ ਤੇ ਇੰਜਣਾਂ ਨਾਲ ਚਲਣ ਵਾਲੇ ਪੰਪ ਫਿਟ ਕਰਾਣ ਦਾ ਪ੍ਰੋਗਰਾਮ ਬਣਾਇਆ। ਇਸ ਕਾਰਜ ਨੂੰ ਸਿਰੇ ਚਾੜ੍ਹਨ ਵਾਸਤੇ ਸੱਚੇ ਪਾਤਸ਼ਾਹ ਜੀ ਨੇ ਸੂਬਾ ਗੰਡਾ ਸਿੰਘ ਜੀ ਨੂੰ ਹੁਕਮ ਕੀਤਾ। ਮਸਤਾਨ ਗੜ੍ਹ ਵਿਚ ਇੰਜਨ ਤੇ ਪੰਪ ਫਿਟ ਕਰਨ ਦੀ ਜ਼ਿੰਮੇਵਾਰੀ ਸੂਬਾ ਜੀ ਨੇ ਸੰਭਾਲੀ। ਟਿੱਬੇ ਵਾਲੇ ਖੂਹ ਤੇ ਪਾਣੀ ਕੋਈ ੯੦ ਕੁ ਫੁੱਟ ਡੂੰਘਾ ਸੀ। ੨੫੦ ਫੁੱਟ ਬੋਰਿੰਗ ਕਰਕੇ, ਦਿੱਲੀ ਤੋਂ ਪੰਪ ਸ਼ਾਫਟ ਆਦਿ ਲਿਆਉਣ ਦਾ ਪ੍ਰਬੰਧ ਕੀਤਾ ਗਿਆ। ਪਰ ਜਦੋਂ ਉਹਨਾਂ ਸ਼ਾਫਟਾਂ ਨੂੰ ਟਰੱਕ ਤੋਂ ਉਤਾਰਿਆ ਗਿਆ, ਉਹ ਡਿਗ ਕੇ ਡਿੰਗੀਆਂ ਹੋ ਗਈਆਂ। ਸਾਧਨਾਂ ਦੀ ਅਣਹੋਂਦ ਕਰਕੇ, ਉਥੇ ਉਹਨਾਂ ਨੂੰ ਸਿੱਧਾ ਕਰਨ ਦਾ ਕੋਈ ਪ੍ਰਬੰਧ ਨਹੀਂ ਸੀ। ਇਸ ਲਈ ਦਿਮਾਗੀ ਘੋੜੇ ਦੌੜਾਏ। ਉਥੇ ਚੜ੍ਹਦੇ ਪਾਸੇ ਇਕ ਵਣ ਦਾ ਪੇੜ ਸੀ, ਉਸ ਦੇ ਵਿਚ ਗਿਰਮਿਟ ਨਾਲ ੧੧/੨ ਇੰਚ ਮੋਰੀ ਕੀਤੀ ਗਈ। ਜਦੋਂ ਸੂਬਾ ਜੀ ਉਹਦੇ ਵਿਚ ਸ਼ਾਫਟਾਂ ਪਾ ਕੇ ਆਪਣੇ ਹੱਥ ਨਾਲ ਸਿਧੀਆਂ ਕਰ ਚੁਕੇ ਸਨ, ਸੱਚੇ ਪਾਤਸ਼ਾਹ ਜੀ ਉਥੇ ਪਹੁੰਚ ਗਏ ਤੇ ਬਚਨ ਕੀਤਾ, "ਮਿਸਤ੍ਰੀ ਜੀ ਜਿਹੜਾ ਤੁਸੀਂ ਵਣ ਵਿਚ ਛੇਕ ਕੀਤਾ ਹੈ, ਮਾੜਾ ਕੰਮ ਕੀਤਾ ਹੈ। ਪਿਛਲੇ ਜਨਮ ਵਿਚ ਅਸੀਂ ਇਸ ਨਾਲ ਘੋੜੇ ਬੰਨਦੇ ਸਾਂ।" ਸੂਬਾ ਜੀ ਨੂੰ ਬਹੁਤ ਅਫਸੋਸ ਹੋਇਆ, ਕਿ ਅਣਜਾਣੇ ਵਿਚ ਉਹਨਾਂ ਕੋਲੋਂ ਭੁੱਲ ਹੋ ਗਈ ਹੈ, ਪਰ ਹੁਣ ਕੁਝ ਨਹੀਂ ਹੋ ਸਕਦਾ ਸੀ। ਸੱਚੇ ਪਾਤਸ਼ਾਹ ਜੀ ਨੇ ਉਸ ਵਣ ਦੇ ਕੋਲ, ਉਸੇ ਹੀ ਜਗਾ ਤੇ ਦੋ ਮੇਲੇ ਕੀਤੇ।



Namdhari Elibrary NamdhariElibrary@gmail.com

## ਭਰੋਸਾ ਕਰਨ ਤੋਂ ਪਹਿਲਾਂ ਪਰਖ

ਸਤਿਗੁਰੂ ਪ੍ਰਤਾਪ ਸਿੰਘ ਜੀ ਕਿਸੇ ਨੂੰ ਵੀ ਆਪਣੇ ਭਰੋਸੇ ਯੋਗ ਬਨਾਣ ਤੋਂ ਪਹਿਲਾਂ ਚੰਗੀ ਤਰ੍ਹਾਂ ਪਰਖਦੇ ਸਨ। ਜਦੋਂ ਉਹ ਪਰਖ ਕਸੌਟੀ ਤੇ ਪੂਰਾ ਉਤਰ ਜਾਂਦਾ, ਫਿਰ ਉਹ ਪੂਰਨ ਵਿਸ਼ਵਾਸ ਦਾ ਪਾਤਰ ਬਣ ਜਾਂਦਾ। ਫਿਰ ਭਾਵੇਂ ਹੋਰ ਕਿੰਨੇ ਉਸ ਬਾਰੇ ਕੁਝ ਵੀ ਆ ਕੇ ਕਿਉਂ ਨਾ ਕਹਿਣ। ਪਰ ਸੱਚੇ ਪਾਤਸ਼ਾਹ ਜੀ ਉਹਨਾਂ ਦੀ ਗੱਲਾਂ ਦੀ ਰਤਾ ਭਰ ਵੀ ਪਰਵਾਹ ਨਾ ਕਰਦੇ। ਇਕ ਵਾਰੀ ਸੂਬਾ ਜੀ ਦੀ ਵੀ ਪਰਖ ਹੋਈ। ਉਹਨਾਂ ਨੂੰ ਇਕ ਇੰਜਨ ਖਰੀਦਣ ਲਈ ਭੇਜਿਆ ਗਿਆ। ਉਸ ਦੀ ਕੀਮਤ ੭੦੦੦ ਰੁਪਏ ਸੀ। ਪਰ ਸੂਬਾ ਜੀ ਨੇ ੬੦੦੦ ਵਿਚ ਹੀ ਸੌਦਾ ਕਰ ਲਿਆ। ਸੱਚੇ ਪਾਤਸ਼ਾਹ ਜੀ ਨੇ ਦੂਸਰੇ ਪਾਸੇ ਕਰਤਾਰ ਸਿੰਘ ਜੀ ਬਿਜਲੀ ਵਾਲਿਆਂ ਨੂੰ ਉਸ ਦਾ ਭਾਅ ਪਤਾ ਕਰਨ ਲਈ ਭੇਜ ਦਿਤਾ। ਉਹਨਾਂ ਨੇ ਬਜ਼ਾਰੋਂ ਰੇਟ ਪਤਾ ਲਗਾ ਕੇ ੭੦੦੦ ਰੁਪਏ ਹੀ ਦਸੇ। ਚੰਗੀ ਤਰ੍ਹਾਂ ਤਸੱਲੀ ਕਰਨ ਉਪਰੰਤ ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ। "ਮਿਸਤ੍ਰੀ ਜੀ ਜਾਓ ਇੰਜਣ ਖਰੀਦ ਲਿਆਵੋ ॥" ਇਸ ਘਟਨਾ ਤੋਂ ਉਪਰੰਤ ਸੂਬਾ ਜੀ ਨੇ ਅਣਗਿਣਤ ਹੀ ਪੰਪ ਖਰੀਦੇ, ਪਰ ਸਤਿਗੁਰੂ ਜੀ ਨੇ ਕਦੇ ਵੀ ਕਿਸੇ ਪ੍ਰਕਾਰ ਦੀ ਪੁੱਛ ਪੜਤਾਲ ਨਾ ਕੀਤੀ।



Namdhari Elibrary NamdhariElibrary@gmail.com

# ਸੇਵਕਾਂ ਨੂੰ ਭੂਮੀ ਦਾਨ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜਦੋਂ ਕਦੇ ਦਿੱਲੀ ਦੀ ਸਾਧ-ਸੰਗਤ ਨੂੰ ਦਰਸ਼ਨ ਦਿੰਦੇ, ਸ: ਸੁੱਚਾ ਸਿੰਘ ਸੇਖੀ, ਦੇ ਗ੍ਰਿਹਿ ਵਿਖੇ ਆਸਾ ਦੀ ਵਾਰ ਤੇ ਸ਼ਾਮ ਦੇ ਦੀਵਾਨ ਦਾ ਪ੍ਰੋਗਰਾਮ ਹੁੰਦਾ। ਇਕ ਦਿਨ ਸ਼ਾਮ ਦੇ ਦੀਵਾਨ ਦਾ ਭੋਗ ਪੈ ਗਿਆ। ਸੰਤ ਗੰਡਾ ਜੀ ਘਰ ਜਾਣ ਲਈ ਜਿਉਂ ਹੀ ਤੁਰਨ ਲਗੇ, ਤਾਂ ਸਤਿਗੁਰੂ ਜੀ ਨੇ ਫੁਰਮਾਇਆ, "ਮਿਸਤ੍ਰੀ ਜੀ ਹਾਲਾਂ ਜਾਇਆ ਜੇ ਨਾ, ਮੇਰੀ ਗੱਲ ਸੁਣ ਕੇ ਜਾਣਾ।" ਸੂਬਾ ਜੀ ਹੁਕਮ ਸੁਣ ਕੇ ਉਥੇ ਹੀ ਰੁਕ ਗਏ। ਘਰ ਦੇ ਸਾਹਮਣੇ ਛੋਟਾ ਜਿਹਾ ਪਾਰਕ ਸੀ, ਜਿਸ ਵਿਚ ਦੀਵਾਨ ਲਗਦਾ ਸੀ। ਉਸ ਪਾਰਕ ਦੇ ਅੰਦਰ ਸ੍ਰੀ ਸਤਿਗੁਰੂ ਜੀ ਕੁਰਸੀ ਤੇ ਬਿਰਾਜਮਾਨ ਹੋ ਗਏ ਤੇ ਮਿਸਤ੍ਰੀ ਗੰਡਾ ਸਿੰਘ ਜੀ ਕੁਰਸੀ ਦੇ ਕੋਲ ਹੇਠਾਂ ਸਫ ਤੇ ਬਹਿ ਗਏ। ਸਤਿਗੁਰੂ ਜੀ ਨੇ ਬਚਨ ਕੀਤਾ, "ਵੇਖੋ ਮਿਸਤ੍ਰੀ ਜੀ, ਸਾਡਾ ਜੀ ਕਰਦਾ ਹੈ, ਅਸੀਂ ਸਰੀਰ ਛਡ ਦਈਏ, ਪਰ ਅਸੀਂ ਚਾਹੁੰਦੇ ਹਾਂ ਕਿ ਸਰੀਰ ਛੱਡਣ ਤੋਂ ਪਹਿਲਾਂ ਸਤਿਗੁਰੂ ਜੀ ਦੇ ਦਰਸ਼ਨ ਅਸੀਂ ਵੀ ਕਰੀਏ ਤੇ ਤੁਹਾਨੂੰ ਵੀ ਕਰਾਈਏ। ਇਸ ਤੋਂ ਉਪਰੰਤ ਫਿਰ ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ, "ਮਿਸਤ੍ਰੀ ਜੀ ਤੁਸੀਂ ਵੀ ਸਾਡੇ ਨਾਲ ਜੀਵਨ ਨਗਰ ਜਾਣ ਲਈ ਤਿਆਰ ਹੋ ਜਾਓ।" ਸੂਬਾ ਜੀ ਨੇ ਉਤਰ ਦਿਤਾ, "ਮੈਂ ਘਰ ਜਾ ਕੇ ਆਪਣਾ ਕੱਛ-ਪਰਨਾ ਲੈ ਆਵਾਂ?" ਸਤਿਗੁਰੂ ਜੀ ਨੇ ਉਤਰ ਦਿਤਾ, "ਸਾਡੇ ਕੋਲ ਕੱਛ ਪਰਨੇ ਬਹੁਤ ਹਨ।" ਹੁਕਮ ਦੀ ਪਾਲਨਾ ਕੀਤੀ ਗਈ ਤੇ ਉਥੋਂ ਰਾਤੀਂ ਦਸ ਵਜੇ ਸੂਬਾ ਜੀ ਸਤਿਗੁਰੂ ਜੀ ਦੇ ਨਾਲ ਸ੍ਰੀ ਜੀਵਨ ਨਗਰ ਵਲ ਨੂੰ ਰਵਾਨਾ ਹੋ ਗਏ। ਪਹੁੰਚਦਿਆਂ ਸਾਰ ਹੀ ਸਤਿਗੁਰੂ ਜੀ ਨੇ ਆਪਣੇ ਸੇਵਕ ਨੂੰ ਹੁਕਮ ਕੀਤਾ, "ਸੱਦੋ ਅਵਤਾਰ ਸਿੰਘ ਪਟਵਾਰੀ ਨੂੰ। ਸੂਬਾ ਜੀ ਦੀ ਉਪਸਥਿਤੀ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦਰਿਆ ਦਿਲੀ ਨਾਲ ਜ਼ਮੀਨਾਂ ਮੁਫਤ ਵੰਡਣੀਆਂ ਸ਼ੁਰੂ ਕਰ ਦਿਤੀਆਂ। ਦਸ ਪੈਲੀਆਂ ਮਾਲੀ ਨੂੰ, ਪੰਜ ਪੈਲੀਆਂ ਸ: ਰਾਜਿੰਦਰ ਸਿੰਘ ਨੂੰ, ਪੰਜ ਪੈਲੀਆਂ ਸ: ਗੁਰਬਖਸ਼ ਸਿੰਘ ਨੂੰ, ੫੦੦ ਕੁ ਪੈਲੀਆਂ ਸਿੱਖਾਂ ਨੂੰ ਮੁਫਤ ਹੀ ਵੰਡ ਦਿਤੀਆਂ। ਇਸ ਤੋਂ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸੂਬਾ ਗੰਡਾ ਸਿੰਘ ਜੀ ਨੂੰ ਹੁਕਮ ਕੀਤਾ, "ਮਿਸਤ੍ਰੀ ਜੀ ਤੁਹਾਡਾ ਕਾਕਿਆਂ (ਸ੍ਰੀ ਸਤਿਗੁਰੂ ਜਗਜੀਤ ਸਿੰਘ) ਨਾਲ ਬੜਾ ਪਿਆਰ ਹੈ, ਜਾਵੋ ਤੁਸੀਂ ਉਹਨਾਂ ਕੋਲੋਂ ਪੁੱਛ ਕੇ


Namdhari Elibrary NamdhariElibrary@gmail.com

ਆਵੇ ਉਹਨਾਂ ਲਈ ਕਿੰਨੀ ਕੁ ਪੈਲੀਆਂ ਰੱਖ ਲਈਏ।" ਸੂਬਾ ਜੀ ਨ ਉਸੇ ਤਰ੍ਹਾਂ ਹੀ ਜਾ ਕੇ ਅਰਜ਼ ਕਰ ਦਿਤੀ। ਅਗੋਂ ਕਾਕਿਆਂ ਨੇ (ਵਰਤਮਾਨ ਸਤਿਗੁਰੂ ਜੀ) ਉਤਰ ਦਿਤਾ, "ਮਿਸਤ੍ਰੀ ਜੀ ਜਿਸ ਤਰ੍ਹਾਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਰਜ਼ਾ ਹੈ, ਸਾਨੂੰ ਉਸੇ ਤਰ੍ਹਾਂ ਹੀ ਪਰਵਾਨ ਹੈ।"



Namdhari Elibrary NamdhariElibrary@gmail.com

## ਗੁਰਬਾਣੀ ਦੀ ਸੰਭਾਲ

੧੯੩੯ ਵਿਚ ਜਦੋਂ ਜਰਮਨੀ ਦੀ ਜੰਗ ਵਿਚ ਸੰਸਾਰ ਦੀਆਂ ਵਡੀਆਂ-ਵਡੀਆਂ ਤਾਕਤਾਂ ਸੰਸਾਰ ਨੂੰ ਨਸ਼ਟ ਭ੍ਰਸ਼ਟ ਕਰਨ ਵਿਚ ਲਗੀਆਂ ਹੋਈਆਂ ਸਨ, ਤੇ ਸਾਰੇ ਪਾਸੇ ਬਰਬਾਦੀ ਦੇ ਬਦਲ ਮੰਡਰਾ ਰਹੇ ਸਨ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੂਬਾ ਗੰਡਾ ਸਿੰਘ ਜੀ ਨੂੰ ਲਾਹੌਰ ਬੁਲਾਇਆ। ਸਤਿਗੁਰੂ ਜੀ ਨੇ ਹੁਕਮ ਕੀਤਾ, "ਤੈਨੂੰ ਦਿਸਦਾ ਨਹੀਂ, ਚਾਰੋਂ ਪਾਸੇ ਖਤਰਾ ਹੀ ਖਤਰਾ ਹੈ, ਤੂ ਆਪਣਾ ਬਾਲ ਬੱਚਾ ਲੈਕੇ ਸ੍ਰੀ ਭੈਣੀ ਸਾਹਿਬ ਪਹੁੰਚ ਜਾ।" ਸਤਿਗੁਰੂ ਜੀ ਦੇ ਹੁਕਮ ਦੀ ਪਾਲਨਾ ਕੀਤੀ ਗਈ, ਤੇ ਸੂਬਾ ਜੀ ਆਪਣੇ ਬਾਲ ਬੱਚੇ ਨੂੰ ਲੈਕੇ ਸ੍ਰੀ ਭੈਣੀ ਸਾਹਿਬ ਪਹੁਚ ਗਏ। ਉਥੇ ਪਹੁੰਚ ਕੇ ਸੂਬਾ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਜ਼ ਕੀਤੀ, "ਸੱਚੇ ਪਾਤਸ਼ਾਹ ਜੀ, ਅਸੀਂ ਲੰਗਰ ਵਿਚੋਂ ਪ੍ਰਸ਼ਾਦਾ ਨਹੀਂ ਛੱਕਣਾ। ਇਸ ਦੇ ਵਾਸਤੇ ਅਸਾਂ ਆਪਣੇ ਰਾਸ਼ਨ ਆਦਿ ਦਾ ਪ੍ਰਬੰਧ ਕਰ ਲਿਆ ਹੈ।" ੧੦-੧੨ ਦਿਨਾਂ ਪਿਛੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਜੀ ਨੂੰ ਹੁਕਮ ਦਿਤਾ, "ਤੁਸੀਂ ਆਪਣੇ ਬਾਲ-ਬੱਚੇ ਸਮੇਤ ਸਕੇਤ 'ਮੰਡੀ' ਪਹੁੰਚ ਜਾਵੋਂ, ਕਿਉਂਕਿ ਉਹ ਜੰਗ ਦੇ ਖਤਰਿਆਂ ਤੋਂ ਦੂਰ ਹੈ। ਸਭ ਤੋਂ ਜ਼ਰੂਰੀ ਗੱਲ ਇਹ ਹੈ, ਕਿ ਸਤਿਗੁਰੂ ਰਾਮ ਸਿੰਘ ਜੀ ਵਾਲਾ ਗ੍ਰੰਥ ਸਾਹਿਬ ਤੇ ਹੋਰ ਬੀੜਾਂ ਸੰਭਾਲ ਕੇ ਰਖੀਆਂ ਜਾਣ, ਮੰਡੀ ਇਹਨਾਂ ਖਤਰਿਆਂ ਤੋਂ ਪਰੇ ਹੈ।" ਮੰਡੀ ਜਾਣ ਵਾਸਤੇ ਸੱਚੇ ਪਾਤਸ਼ਾਹ ਜੀ ਨੇ ਆਪਣਾ ਟਰੱਕ ਨਾਲ ਦਿਤਾ ਅਤੇ ਬੜੇ ਸਤਿਕਾਰ ਸਹਿਤ ਸੂਬਾ ਜੀ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਸੰਭਾਲ ਕੇ ਲੈ ਗਏ। ਇਕ ਮਾਲੀ, ਇਕ ਸੁੰਦਰ ਨੂੰ ਬਚਾ ਫੁਲਵਾੜੀਕੇ ਰਖਣ ਲਈ, ਇੰਜ ਹੀ ਜਤਨਸ਼ੀਲ ਰਹਿੰਦਾ ਹੈ।

"ਗੁਰਬਾਣੀ ਇਸ ਜਗ ਮਹਿ ਚਾਨਣ
ਕਰਮਿ ਵਸੈ ਮਨ ਆਏ।"



Namdhari Elibrary NamdhariElibrary@gmail.com

# ਮਾਇਆ ਚਰਨਾਂ ਦੀ ਦਾਸੀ

ਕਲਿਜੁਗੀ ਜੀਵ ਮਾਇਆ ਦੇ ਪਿਛੇ ਹਰ ਵੇਲੇ ਦੌੜ ਲਗਾਂਦੇ ਰਹਿੰਦੇ ਹਨ, ਹੋਰ ਥੋੜੀ ਜਿਹੀ ਹੋਰ ਮਿਲ ਜਾਵੇ, ਇਸੇ ਹੀ ਰੱਟ ਵਿਚ ਸਮਾਂ ਖਰਚ ਕਰਦੇ ਹਨ ਪਰ ਤ੍ਰਿਪਤੀ ਕਦੇ ਵੀ ਨਹੀਂ ਹੁੰਦੀ। ਇਹ ਬਲਵੰਤ ਮਾਇਆ, ਸਾਧਾਂ, ਸਤਿਗੁਰਾਂ ਦੇ ਚਰਨਾਂ ਦੀ ਦਾਸੀ ਬਣਕੇ ਰਹਿੰਦੀ ਹੈ। ਉਥੇ ਕਦੇ ਵੀ ਇਸਦਾ ਮੋਹ ਅਨੁਭਵ ਨਹੀਂ ਹੁੰਦਾ, ਸਗੋਂ ਲੋੜ ਪੈਣ ਤੇ ਜਿੰਨੀ ਇਸਦੀ ਵਰਤੋਂ ਹੋ ਜਾਂਦੀ ਹੈ, ਇਹ ਆਪਣੇ ਆਪ ਹੀ ਉਸ ਤੋਂ ਦੌਗੁਣੀ-ਚੌਗੁਣੀ ਹੁੰਦੀ ਰਹਿੰਦੀ ਹੈ।

ਇਕ ਵਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੂਬਾ ਗੰਡਾ ਸਿੰਘ ਜੀ ਨੂੰ ਦਿੱਲੀ ਤੋਂ ਸ੍ਰੀ ਭੈਣੀ ਸਾਹਿਬ ਬੁਲਾ ਭੇਜਿਆ ਤੇ ਫੁਰਮਾਇਆ, "ਸਾਡਾ ਵਿਚਾਰ ਮੰਡੀ ਜਾਣ ਦਾ ਹੈ, ਤੁਸੀਂ ਵੀ ਸਾਡੇ ਨਾਲ ਚਲੋਂ, ਉਥੇ ਅੱਠ-ਦਸ ਦਿਨ ਇਕੱਠੇ ਰਵਾਂਗੇ।" ਹੁਕਮ ਅਨੁਸਾਰ ਜਾਣ ਦਾ ਪ੍ਰੋਗ੍ਰਾਮ ਬਣ ਗਿਆ। ਭਾਈ ਵਜ਼ੀਰ ਸਿੰਘ ਜੀ ਨੇ ਸੂਬਾ ਜੀ ਨੂੰ ਕਿਹਾ, "ਮਿਸਤ੍ਰੀ ਜੀ, ਸਤਿਗੁਰੂ ਜੀ ਕੋਲੋਂ ਪੁਛ ਲਵੋ ਕਿ ਕਿੰਨੇ ਕੁ ਪੈਸੇ ਨਾਲ ਲੈ ਕੇ ਚਲੀਏ।" ਸਤਿਗੁਰੂ ਜੀ ਨੇ ਫੁਰਮਾਇਆ, "ਲੰਗਰ ਦੇ ਪੈਸੇ ਲੰਗਰ ਵਿਚ ਪਾ ਦਿਉ ਤੇ ਬਾਕੀ ਦੇ ਨਾਲ ਲੈ ਚਲੋ।"

ਹੁਕਮ ਅਨੁਸਾਰ ਲੰਗਰ ਦੀ ਮਾਇਆ ਲੰਗਰ ਵਿਚ ਪਾ ਦਿਤੀ ਗਈ ਤੇ ੫੦੦ ਕੁ ਰੁਪਏ ਆਪਣੇ ਨਾਲ ਲਿਜਾਣ ਦਾ ਪ੍ਰੋਗ੍ਰਾਮ ਬਣ ਗਿਆ ਤੇ ਪੈਸੇ ਧੇਲੇ ਦੀ ਜ਼ਿੰਮੇਵਾਰੀ ਸੂਬਾ ਜੀ ਨੂੰ ਦਿਤੀ ਗਈ। ਪਠਾਨਕੋਟ ਪਹੁੰਚ ਕੇ ਪਹਿਲਾਂ ਰਸਤੇ ਵਿਚ ਪੈਟਰੋਲ, ਫਰੂਟ ਆਦਿ ਤੇ ਸੋ ਕੁ ਰੁਪਏ ਖਰਚ ਹੋ ਗਏ। ਮੰਡੀ ਦੀ ਸਾਧ-ਸੰਗਤ ਨੇ ੯੦੦ ਰੁਪਏ ਮੱਥਾ ਟੇਕਿਆ, ਉਸ ਤੋਂ ਅਗਲੇ ਦਿਨ ੧੦੦ ਕੁ ਰੁਪਏ ਮੱਥਾ ਟੇਕਿਆ। ਪਿੰਡ ਤੋਂ ਤੁਰਨ ਲਗਿਆਂ, ਹੋਰ ਖਰਚ ਕਰਕੇ ਆਪ ਜੀ ਕੋਲ ੬੦੦ ਰੁਪਏ ਰਹਿ ਗਏ। ਸਕੇਤ ਦੀ ਸੰਗਤ ਨੇ ੨੫੦ ਰੁਪਏ ਮੱਥਾ ਟੇਕਿਆ ਤੇ ਇੰਝ ਆਪ ਜੀ ਕੋਲ ੮੫੦ ਰੁਪਏ ਹੋ ਗਏ। ਇਸ ਤੋਂ ਉਪਰੰਤ ਕੁਲੂ ਵਿਖੇ ਸ: ਬਚਨ ਸਿੰਘ ਜੀ ਐਸ.ਡੀ.ਓ: ਨੇ ਆਪਣੇ ਗ੍ਰਹਿ ਵਿਖੇ ਚਰਨ ਪੁਆਏ ਤੇ ੫੦ ਰੁਪਏ ਮੱਥਾ ਟੇਕਿਆ। ਇੰਝ ਕੁਲ ੯੦੦ ਰੁਪਏ ਹੋ ਗਏ। ਇਸ ਤੋਂ ਪਿਛੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮਨਾਲੀ ਨੂੰ ਹੋਰ ਸੁੰਦਰਤਾ ਬਖਸ਼ਣ ਵਾਸਤੇ, ਉਥੇ ਜਾਣ ਦਾ ਪ੍ਰੋਗ੍ਰਾਮ ਬਣਾਇਆਂ ਤੇ ਫਿਰ ਕੁਦਰਤ ਸੁੰਦਰੀ ਨੂੰ ਦਰਸ਼ਨ ਦੇ ਕੇ, ਮੰਡੀ



Namdhari Elibrary NamdhariElibrary@gmail.com

ਵਾਪਿਸ ਆ ਗਏ। ਇਥੇ ਫਿਰ ੨੦੦ ਰੁਪਏ ਮੱਥਾ ਟਿਕਿਆ। ਜਦੋਂ ਪੈਸੇ ਗਿਣੇ ਤਾਂ ੧੫੦੦ ਰੁਪਏ ਨਿਕਲੇ। ਫਿਰ ਪੈਟਰੋਲ ਆਦਿ ਤੇ ਖਰਚ ਕਰਕੇ ੧੪੦੦ ਰੁਪਏ ਰਹਿ ਗਏ। ਫਿਰ ਸ੍ਰੀ ਭੈਣੀ ਸਾਹਿਬ ਪਹੁੰਚ ਗਏ। ਸੂਬਾ ਜੀ ਨੇ ਸ੍ਰੀ ਸਤਿ-ਗੁਰੂ ਜੀ ਕੋਲੋਂ ਦਿੱਲੀ ਜਾਣ ਵਾਸਤੇ ਛੁੱਟੀ ਮੰਗੀ। ਸਤਿਗੁਰੂ ਜੀ ਨੇ ਕਿਹਾ, "ਅਸਾਂ ਵੀ ਦਿੱਲੀ ਜਾਣਾ ਹੈ, ਤੁਸੀਂ ਸਾਡੇ ਨਾਲ ਹੀ ਚਲੇ ਚਲਣਾ।" ਤੁਰਨ ਲਗਿਆਂ ਫਿਰ ਭਾਈ ਵਜ਼ੀਰ ਸਿੰਘ ਜੀ ਨੇ ਹਮੇਸ਼ਾਂ ਵਾਂਗ ਪੁਛਿਆ, "ਸਤਿਗੁਰੂ ਜੀ ਕੋਲੋਂ ਪੁਛ ਲਵੋ, ਮਿਸਤ੍ਰੀ ਜੀ, ਕਿੰਨੇ ਕੁ ਰੁਪਏ ਨਾਲ ਲੈ ਚਲੀਏ।" ਸਤਿ-ਗੁਰੂਜੀ ਨੇ ਹੁਕਮ ਕੀਤਾ, "੬੦੦ ਰੁਪਏ ਨਾਲ ਲੈ ਲਵੋ, ਤੇ ਬਾਕੀ ਦੀ ਮਾਇਆ ਲੰਗਰ ਵਿਚ ਪਾ ਦਿਓ।" ਭਾਈ ਵਜ਼ੀਰ ਸਿੰਘ ਨੇ ੨੯੦੦ ਰੁਪਏ ਗਿਣਕੇ ਲੰਗਰ ਵਿਚ ਪਾ ਦਿਤੇ। ਇਹ ਮਾਇਆ ਦੇ ਭੰਡਾਰੇ ਸਤਿਗੁਰੂ ਜੀ ਦੀ ਅਪਾਰ ਬਖਸ਼ਸ਼ ਸਦਕਾ ਹਮੇਸ਼ਾਂ ਹੀ ਭਰੇ ਰਹਿੰਦੇ ਹਨ। ਜੇਕਰ ਕੋਈ ਮਨੁੱਖ ਇਹ ਸੋਚੇ, "ਮੈਂ ਲੰਗਰ ਵਿਚ ਐਨੇ ਪੈਸੇ ਪਾਏ ਜਾਂ ਮੈਂ ਐਨਾ ਮੱਥਾ ਟੇਕਿਆ", ਇਹ ਉਸਦੀ ਭੁੱਲ ਹੈ ਕਿਉਂਕਿ ਮਾਇਆ :

"ਕਹੁ ਨਾਨਕ ਸਾਧੂ ਤੇ ਭਾਗੀ,
ਹੋਇ ਚੇਰੀ ਚਰਣ ਗਹੀ॥"



Namdhari Elibrary NamdhariElibrary@gmail.com

# ਚੌਦਾਂ ਸਤਿਗੁਰ ਰਾਇ

ਜੀਵਨ ਨਗਰ ਵਿਖੇ ਇਕ ਦਿਨ ਟਿੱਬੇ ਵਾਲੇ ਖੂਹ ਤੇ ਪੰਪ ਫਿੱਟ ਕਰਨ ਦਾ ਪ੍ਰੋਗ੍ਰਾਮ ਬਣਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਜੀਪ ਤੇ ਸੂਬਾ ਜੀ ਨੂੰ, ਤੇ ਰਤਨ ਸਿੰਘ ਜੀ ਨੂੰ ਨਾਲ ਲੈਕੇ ਖੂਹ ਵਾਲੇ ਪਾਸੇ ਚਲ ਪਏ। ਜੀਪ ਨੂੰ ਨਹਿਰ ਦੇ ਪੁਲ ਤੇ ਖੜਾ ਕਰਕੇ ਸਤਿਗੁਰੂ ਜੀ ਨੇ ਸੂਬਾ ਜੀ ਨੂੰ ਨਾਲ ਲਿਆ ਤੇ ਪੈਦਲ ਤੁਰਨਾ ਸ਼ੁਰੂ ਕਰ ਦਿਤਾ। ਰਸਤੇ ਵਿਚ ਤੁਰਦਿਆਂ-ਤੁਰਦਿਆਂ ਸੂਬਾ ਗੰਡਾ ਸਿੰਘ ਜੀ ਨੇ ਅਰਜ਼ ਕੀਤੀ, "ਸੱਚੇ ਪਾਤਸ਼ਾਹ ਜੀ, ਜਿਹੜਾ ਅਜਿੱਤੇ ਰੰਧਾਵੇ ਦੀ ਸਾਖੀ ਵਿਚ ਲਿਖਿਆ ਹੈ ਕਿ, "ਸੱਤਰ ਜਾਮੇ ਭਗਤ ਜਨ, ਚੋਦਾਂ ਸਤਿਗੁਰੂ ਰਾਇ", ਇਸ ਤੋਂ ਕੀ ਭਾਵ ਹੈ, ਕਿਰਪਾ ਕਰਕੇ ਸਮਝਾਵੋ ਜੀ।" ਸਤਿਗੁਰੂ ਜੀ ਨੇ ਉੱਤਰ ਦਿਤਾ, "ਇਸਦਾ ਭਾਵ ਇਹ ਹੈ ਕਿ ਚੋਦਾਂ ਗੁਰੂ ਰਾਇ ਭਾਵ ਬਾਦਸ਼ਾਹ ਹੋਕੇ ਵਰਤਨਗੇ ਤੇ ਸੱਤਰ ਭਗਤ ਰੂਪ।" ਆਪ ਜੀ ਨੇ ਫਿਰ ਪੁਛਿਆ, "ਸੱਚੇ ਪਾਤਸ਼ਾਹ ਜੀ, ਹੁਣ ਕਿੰਨੇ ਕੁ ਰਾਇ ਗੁਰੂ ਹੋ ਚੁਕੇ ਹਨ ?" ਸਤਿਗੁਰੂ ਜੀ ਨੇ ਉੱਤਰ ਦਿਤਾ, "ਇਕ ਹਰਗੋਬਿੰਦ ਸਾਹਿਬ ਤੇ ਇਕ ਗੁਰੂ ਗੋਬਿੰਦ ਸਿੰਘ ਜੀ।"

ਧੰਨੁ ਧੰਨੁ ਗੁਰ ਗੁਰ ਸਤਿਗੁਰੂ ਪਾਧਾ
ਜਿਨਿ ਹਰਿ ਉਪਦੇਸੁ ਦੇ ਕੀਏ ਸਿਆਂਣੇ ॥



Namdhari Elibrary NamdhariElibrary@gmail.com

## ਅਪਨੇ ਸਾਹਿਬ ਕਾ ਭਰਵਾਸਾ

ਇਕ ਦਿਨ ਜੀਵਨ ਨਗਰ ਆਪਣੀ ਕੋਠੀ ਵਿਖੇ ਵੱਡੇ ਬਰਾਂਡੇ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਬਿਰਾਜਮਾਨ ਸਨ। ਸੂਬਾ ਗੰਡਾ ਸਿੰਘ ਜੀ ਨੂੰ ਸਤਿਗੁਰੂ ਜੀ ਨੇ ਹੁਕਮ ਕੀਤਾ, "ਮਿਸਤ੍ਰੀ ਜੀ, ਕਾਕਿਆਂ ਨਾਲ ਤੁਹਾਡਾ ਬੜਾ ਪਿਆਰ ਹੈ, ਵੱਡੇ ਕਾਕੇ ਦੇ ਵਿਆਹ ਨੂੰ ਕਈ ਸਾਲ ਹੋ ਚੁਕੇ ਹਨ, ਪਰ ਕੋਈ ਸੰਤਾਨ ਨਹੀਂ ਹੋਈ, ਤੁਸੀਂ ਜਾਕੇ ਉਨ੍ਹਾਂ ਨੂੰ ਪੁਛ ਲਵੋ, ਜੇ ਰਾਜ਼ੀ ਹੋ ਜਾਣ ਤਾਂ ਦੂਸਰਾ ਵਿਆਹ ਕਰ ਦੇਵੀਏ।" ਵੱਡੇ ਕਾਕਾ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਕੋਠੀ ਦੇ ਅੰਦਰ ਸਨ। ਹੁਕਮ ਅਨੁਸਾਰ ਸੂਬਾ ਜੀ ਨੇ ਵੱਡੇ ਕਾਕਾ ਜੀ ਦੇ ਚਰਨਾਂ ਵਿਚ ਸੁਨੇਹਾ ਦੇ ਦਿਤਾ। ਸਤਿਗੁਰੂ ਜਗਜੀਤ ਸਿੰਘ ਜੀ ਨੇ ਅਗੋਂ ਉੱਤਰ ਦਿਤਾ, "ਮੇਰਾ ਦੂਜਾ ਵਿਆਹ ਜੁ ਕਰਦੇ ਨੇ, ਇਹਦੇ ਵਿਚੋਂ ਹੀ ਕਿਉਂ ਨਹੀਂ ਸੰਤਾਨ ਦਿੰਦੇ।" ਸੂਬਾ ਜੀ ਨੇ ਇੰਝ ਹੀ ਆ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਅਗੇ ਅਰਜ਼ ਕਰ ਦਿਤੀ, "ਸਤਿਗੁਰੂ ਸੱਚੇ ਪਾਤਸ਼ਾਹ ਜੀ, ਆਪ ਜੀ ਬੀਬੀ ਚੰਦ ਕੌਰ ਤੇ ਹੀ ਕ੍ਰਿਪਾ ਕਰੋ।" ਅਗੋਂ ਸਤਿਗੁਰੂ ਜੀ ਚੁਪ ਕਰ ਰਹੇ। ਇੰਝ ਲਗਾ, ਜਿਵੇਂ ਅਰਜ਼ ਪ੍ਰਵਾਨ ਹੋ ਗਈ ਹੋਵੇ। ਕੁਝ ਸਮੇਂ ਪਿਛੋਂ ਬੀਬਾ ਜੀ ਨੇ ਜਨਮ ਲੈ ਕੇ ਖੁਸ਼ੀਆਂ ਦੀ ਮਿੱਠੀ-ਮਿੱਠੀ ਫੁਹਾਰ ਲੈ ਆਂਦੀ।

"ਕੋਇ ਨ ਪਹੁਚਨਹਾਰਾ ਦੂਜਾ
ਅਪਨੇ ਸਾਹਿਬ ਕਾ ਭਰਵਾਸਾ ॥"



Namdhari Elibrary NamdhariElibrary@gmail.com

# ਅੰਤਿਮ ਦਰਸ਼ਨ

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਰੀਰ ਕੁਝ ਢਿੱਲਾ ਜਿਹਾ ਰਹਿਣ ਲਗ ਪਿਆ ਸੇਵਕ ਜਨ ਆਪਣੇ ਪਿਆਰੇ ਪ੍ਰੀਤਮ ਦੀ ਦੇਹ ਅਰੋਗਤਾ ਵਾਸਤੇ ਪਾਠ, ਅਰਦਾਸ, ਕਰਨ ਵਿਚ ਜੁਟ ਗਏ। ਸੰਤ ਗੰਡਾ ਸਿੰਘ ਜੀ ਨੂੰ ਵੀ ਸਤਿਗੁਰੂ ਜੀ ਦੀ ਦੇਹ ਰੋਗਤਾ ਬਾਰੇ ਪਤਾ ਲਗਾ। ਸੁਣਦਿਆਂ ਸਾਰ ਹੀ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਤੁਰ ਪਏ। ਸੱਚੇ ਪਾਤਸ਼ਾਹ ਜੀ ਉਹਨਾਂ ਦਿਨਾਂ ਵਿਚ ਸ਼ਹਿਰ ਮੰਡੀ ਦੇ ਪਾਸ ਵਗਦੇ ਦਰਿਆ ਬਿਆਸ ਵਿਚ ਇਕ ਵੱਡੇ ਤੇ ਸਮਤਲ ਪੱਥਰ ਤੇ ਬਹਿਕੇ ਨਾਮ ਸਿਮਰਨ ਕਰਿਆ ਕਰਦੇ ਸਨ। ਜਦੋਂ ਸੂਬਾ ਜੀ ਮੰਡੀ ਪਹੁੰਚੇ, ਉਸ ਵੇਲੇ ਸ੍ਰੀ ਸਤਿਗੁਰੂ ਜੀ ਉਸ ਪੱਥਰ ਤੇ ਬਿਰਾਜਮਾਨ ਸਨ। ਆਪ ਜੀ ਨੇ ਆਪਣੇ ਪਿਆਰੇ ਪ੍ਰੀਤਮ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਇਸ ਤੋਂ ਉਪਰੰਤ ਸਤਿਗੁਰੂ ਜੀ ਨੇ ਦਰਿਆ ਦੇ ਕਿਨਾਰੇ ਬਣੀ ਹੋਈ ਕੋਠੀ ਅੰਦਰ ਬਹਿਕੇ ਪ੍ਰਸ਼ਾਦਾ ਛਕਿਆ ਤੇ ਫਿਰ ਸ਼ਾਮ ਦਾ ਨਿਤਨੇਮ ਸ਼ੁਰੂ ਕਰ ਦਿਤਾ। ਨਿਤਨੇਮ ਕਰਦਿਆਂ-ਕਰਦਿਆਂ ਸਤਿਗੁਰੂ ਜੀ ਆਪਣੀਆਂ ਲੱਤਾਂ ਨਿਸਲ ਕਰਦੇ ਤੇ ਕਦੇ ਇਕੱਠੀਆਂ ਕਰਦੇ। ਫਿਰ ਕਹਿਣ ਲਗੇ, "ਮਿਸਤ੍ਰੀ ਜੀ, ਅਸੀਂ ਜੁਆਨੀ ਵਿਚ ਇਸ ਸਰੀਰ ਤੋਂ ਬਹੁਤ ਕੰਮ ਲਿਆ ਹੈ।"

ਦੂਸਰੇ ਦਿਨ ਫਿਰ ਨਿਤਨੇਮ ਆਦਿ ਕਰਕੇ ਹਲਕਾ ਜਿਹਾ ਪ੍ਰਸ਼ਾਦਾ ਛਕਿਆ। ਰਤਨ ਸਿੰਘ ਲਾਂਗਰੀ ਨੇ ਥੋੜੇ ਸਮੇਂ ਪਿਛੋ ਪੰਜ ਅੰਬ ਲਿਆਕੇ ਰਖ ਦਿਤੇ। ਇਕ ਅੰਬ ਸੂਬਾ ਜੀ ਨੂੰ ਦਿੰਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਫੁਰਮਾ-ਇਆ, "ਵੇਖੋ ਮਿਸਤ੍ਰੀ ਜੀ, ਇਹਨਾਂ ਅੰਬਾਂ ਦਾ ਰਸ ਕਿੰਨਾ ਸੁਆਦੀ ਹੈ।" ਅੰਬ ਛਕਣ ਤੋਂ ਉਪਰੰਤ ਸਤਿਗੁਰੂ ਜੀ ਨੇ ਬਚਨ ਕੀਤਾ, "ਮਿਸਤ੍ਰੀ ਜੀ, ਤੁਸੀਂ ਆਏ ਓ ਤਾਂ, ਅਸੀਂ ਅਜ ਪ੍ਰਸ਼ਾਦਾ ਵੀ ਛਕਿਆ ਏ ਤੇ ਅੰਬ ਵੀ ਛੱਕੇ ਹਨ।" ਤੇ ਫਿਰ ਥੋੜੀ ਦੇਰ ਪਿਛੋਂ ਹੁਕਮ ਕੀਤਾ, ਤੁਸੀਂ ਛੋਟੇ ਕਾਕੇ (ਮਹਾਰਾਜ ਬੀਰ ਸਿੰਘ ਜੀ) ਨਾਲ ਚਲੇ ਜਾਵੋ, ਅਸੀਂ ਹੁਣ ਰਾਜ਼ੀ ਹਾਂ।" ਸੂਬਾ ਜੀ ਨੇ ਉੱਤਰ ਦਿਤਾ, "ਗਰੀਬ ਨਿਵਾਜ, ਮੈਂ ਜ਼ਰਾ ਸੋਚ ਲਵਾਂ।" ਕੁਝ ਚਿਰ ਲਈ ਸੂਬਾ ਜੀ ਨੇ ਸੋਚਿਆ ਕਿ "ਸੱਚੇ ਪਾਤਸ਼ਾਹ ਜੀ ਫੁਰਮਾ ਰਹੇ ਹਨ ਕਿ ਉਹ ਰਾਜ਼ੀ ਹਨ ਤੇ ਦੂਸਰਾ ਮਹਾਰਾਜ ਬੀਰ ਸਿੰਘ ਜੀ ਨਾਲ ਜਾਣ ਵਿਚ ਆਰਾਮ ਵੀ ਰਹੇਗਾ", ਇਹ ਸੋਚਕੇ ਸੂਬਾ ਜੀ ਨੇ ਦਿੱਲੀ ਵਾਪਿਸ ਜਾਣ ਦਾ ਪ੍ਰੋਗ੍ਰਾਮ ਬਣਾ ਲਿਆ। ਐਨੇ



Namdhari Elibrary NamdhariElibrary@gmail.com

ਚਿਰ ਵਿਚ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ, "ਮਿਸਤ੍ਰੀ ਜੀ, ਜਿੰਨੀ ਦੇਰ ਤੁਸੀਂ ਇਥੇ ਹੋ, ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਦੇ ਬਚਨ ਸੁਣਾਓ।" ਸੂਬਾ ਜੀ ਨੇ ਚਵਿੰਡੇ ਵਾਲਿਆਂ ਦੇ ਬਚਨ ਸਤਿਗੁਰੂ ਜੀ ਨੂੰ ਸੁਨਾਣੇ ਸ਼ੁਰੂ ਕਰ ਦਿਤੇ। ਥੋੜੀ ਹੀ ਦੇਰ ਪਿਛੋਂ ਮਹਾਰਾਜ ਬੀਰ ਸਿੰਘ ਜੀ ਨੇ ਕਾਰ ਦਾ ਹਾਰਨ ਵਜਾਇਆ, ਤੇ ਸੂਬਾ ਜੀ ਨੇ ਸ੍ਰੀ ਸਤਿਗੁਰੂ ਜੀ ਕੋਲੋਂ ਆਗਿਆ ਮੰਗੀ।

ਅਜੇ ਇਕ ਹਫਤਾ ਹੀ ਗੁਜ਼ਰਿਆ ਸੀ, ਕਿ ਗੁਰਦੇਵ ਸਿੰਘ ਸੱਚੇ ਪਾਤਸ਼ਾਹ ਜੀ ਦੇ ਡਰਾਈਵਰ ਵਲੋਂ ਤਾਰ ਆਈ, "ਸਤਿਗੁਰੂ ਜੀ ਨੇ ਸੂਬਾ ਜੀ ਨੂੰ ਯਾਦ ਕੀਤਾ ਹੈ, ਛੇਤੀ ਸ੍ਰੀ ਭੈਣੀ ਸਾਹਿਬ ਪਹੁੰਚੋ।" ਰਾਤ ਦੇ ੧੦:੩੦ ਵਜੇ ਦਾ ਸਮਾਂ ਸੀ। ਉਸ ਵੇਲੇ ਸ੍ਰੀ ਭੈਣੀ ਸਾਹਿਬ ਜਾਨ ਲਈ ਕੋਈ ਰੇਲ ਬਸ ਆਦਿ ਦਾ ਪ੍ਰਬੰਧ ਨਹੀਂ ਸੀ। ਸੂਬਾ ਜੀ ਸਵੇਰੇ ਹੀ ਪਹਿਲੀ ਬਸ ਤੇ ਸ੍ਰੀ ਭੈਣੀ ਸਾਹਿਬ ਆਪਣੇ ਪਿਆਰੇ ਦੇ ਦਰਸ਼ਨਾਂ ਨੂੰ ਤੁਰ ਪਏ। ਰਸਤੇ ਵਿਚ ਗੋਬਿੰਦਗੜ੍ਹ ਬਸ ਰੁਕੀ ਤੇ ਉਥੇ ਪੰਜ-ਸਤ ਨਾਮਧਾਰੀ ਸ਼ਰੀਰ ਉਸੇ ਹੀ ਬਸ ਵਿਚ ਆਕੇ ਸਵਾਰ ਹੋ ਗਏ। ਸੂਬਾ ਜੀ ਕੋਲੋਂ ਰਿਹਾ ਨਾ ਗਿਆ। ਪੁਛਿਆ ਕਿ ਉਹ ਕਿਧਰ ਜਾ ਰਹੇ ਸਨ। ਉਹਨਾ ਉੱਤਰ ਦਿਤਾ ਕਿ ਉਹ ਸ੍ਰੀ ਭੈਣੀ ਸਾਹਿਬ ਜਾ ਰਹੇ ਹਨ, ਕਿਉਂਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੀਤੀ ਰਾਤ ਦੇ ਬਾਰਾਂ ਵਜੇ ਸ਼ਰੀਰ ਤਿਆਗ ਦਿਤਾ ਹੈ। ਸੂਬਾ ਜੀ ਨੂੰ ਵਿਸ਼ਵਾਸ ਨਹੀਂ ਸੀ ਹੋ ਰਿਹਾ, ਇਹ ਸਭ ਕੁਝ ਜਿਵੇਂ ਝੂਠ ਹੀ ਕਿਹਾ ਗਿਆ ਹੋਵੇ। ਘੜੀ-ਮੁੜੀ ਸਤਿਗੁਰੂ ਜੀ ਦੇ ਆਖਰੀ ਬਚਨ, "ਮਿਸਤ੍ਰੀ ਜੀ, ਅਸੀਂ ਹੁਣ ਰਾਜ਼ੀ ਹਾਂ, ਤੁਸੀਂ ਛੋਟੇ ਕਾਕੇ ਨਾਲ ਚਲੇ ਜਾਵੋ", ਬਾਰ-ਬਾਰ ਕੰਨਾਂ ਵਿਚ ਗੂੰਜਣ ਲਗ ਪਏ। ਮਨ ਨੇ ਆਪਣੇ ਆਪ ਨੂੰ ਕੋਸਿਆ, "ਅਗਰ ਸ੍ਰੀ ਸਤਿਗੁਰੂ ਜੀ ਨੇ ਇਹ ਭਾਣਾ ਵਰਤਾਣਾ ਹੀ ਸੀ, ਤਾਂ ਮੈਂ ਦਿੱਲੀ ਵਾਪਿਸ ਕਿਉਂ ਆਇਆ?" ਆਪਣੇ ਵੱਸ ਵਿਚ ਹੁਣ ਕੁਝ ਵੀ ਨਹੀਂ ਸੀ, ਭਾਣਾ ਮੰਨਣਾ ਹੀ ਪੈਣਾ ਸੀ।

ਸ੍ਰੀ ਭੈਣੀ ਸਾਹਿਬ ਵਿਚ ਸਾਧ-ਸੰਗਤ ਸ੍ਰੀ ਸਤਿਗੁਰੂ ਜੀ ਦੇ ਆਖਰੀ ਦਰਸ਼ਨ ਕਰਨ ਲਈ ਕਤਾਰ ਬੱਧ ਹੋਕੇ ਖੜੀ ਸੀ। ਇਹ ਭੀੜ, ਸਾਧ ਸੰਗਤ ਦੀ ਭੀੜ, ਜਿਸ ਵਿਚ ਹੁਲਾਸ, ਹੱਸੀ-ਖੁਸ਼ੀ ਨਹੀਂ ਸਗੋਂ ਵਿਛੋੜੇ, ਸਿਕ, ਵਿਰਹ ਤੇ ਅਫਸੋਸ ਦਾ ਸਮੁੰਦਰ ਵਹਿ ਰਿਹਾ ਸੀ। ਸ੍ਰੀ ਸਤਿਗੁਰੂ ਜੀ ਦੇ ਛੋਟੇ ਭਰਾ ਵੀ ਮਹਾਰਾਜ ਨਿਹਾਲ ਸਿਘ ਜੀ ਤੇ ਬਾਬਾ ਜਗ ਸਿੰਘ ਜੀ ਵੀ ਸ੍ਰੀ ਸਤਿਗੁਰੂ ਜੀ ਦੇ ਅੰਤਿਮ ਦਰਸ਼ਨ ਕਰਨ ਲਈ ਸ੍ਰੀ ਭੈਣੀ ਸਾਹਿਬ ਪਹੁੰਚੇ ਹੋਏ ਸਨ। ਗੋਲ ਮੰਦਿਰ ਦੇ ਬਾਹਰ ਸਾਧ-ਸੰਗਤ ਸਿਸਕ ਰਹੀ ਸੀ।


Namdhari Elibrary NamdhariElibrary@gmail.com

# ਸਤਿਗੁਰੂ ਜਗਜੀਤ ਸਿੰਘ ਜੀ ਨੇ ਬਾਂਹ ਫੜਨੀ

ਸ੍ਰੀ ਭੈਣੀ ਸਾਹਿਬ ਵਿਖੇ ਸੂਬਾ ਜੀ ਦੇ ਦਿਲ ਵਿਚ ਬਾਰ-ਬਾਰ ਇਹਨਾਂ ਵਿਚਾਰਾਂ ਦਾ ਪ੍ਰਵਾਹ ਉਮੜ ਪੈਂਦਾ ਕਿ "ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਨੇ ਮੇਰੀ ਬਾਂਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਫੜਾਈ ਸੀ, ਸਤਿਗਰੂ ਜੀ ਮੇਰੀ ਬਾਂਹ ਅਗੋਂ ਕਿਸੇ ਨੂੰ ਨਹੀਂ ਫੜਾ ਗਏ।" ਇਨ੍ਹਾਂ ਵਿਚਾਰਾਂ ਦੀ ਉਧੇੜ ਬੁਣ ਦੇ ਅੰਦਰ, ਆਪ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਕੀਤੀ, "ਸੱਚੇ ਪਾਤਸ਼ਾਹ ਜੀ, ਹੁਣ ਮੈਨੂੰ ਦਿੱਲੀ ਜਾਣ ਦੀ ਆਗਿਆ ਦਿਓ।" ਇਹ ਅਰਜ਼ ਸੁਣਕੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਜੀ ਦੀ ਬਾਂਹ ਘੁੱਟਕੇ ਫੜੀ ਤੇ ਕਿਹਾ, "ਸੰਤ ਜੀ, ਅਜੇ ਤੁਸੀਂ ਕਿਧਰੇ ਨਹੀਂ ਜਾਣਾ, ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਭੋਗ ਪੈਣ ਤਕ ਤੁਸੀਂ ਇਥੇ ਹੀ ਰਵੋ।" ਸਤਿਗੁਰਾਂ ਵਲੋਂ ਬਾਂਹ ਫੜਦਿਆਂ ਹੀ ਸ਼ੰਕਾ ਦੇ ਬੱਦਲ ਉਡ-ਪੁਡ ਗਏ। ਸੂਬਾ ਜੀ ਨੂੰ ਪੂਰਨ ਵਿਸ਼ਵਾਸ ਹੋ ਗਿਆ ਕਿ ਸਤਿਗੁਰੂ ਜੀ ਨੇ ਆਪ ਜੀ ਦੀ ਬਾਂਹ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਫੜਾ ਦਿਤੀ ਹੈ। ਫਿਰ ਬਾਈ ਦਿਨ ਸੂਬਾ ਜੀ ਸ੍ਰੀ ਭੈਣੀ ਸਾਹਿਬ ਹੀ ਰਹੇ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਪਹਿਲੇ ਦੌਰੇ ਸਮੇਂ ਸੂਬਾ ਜੀ ਉਨ੍ਹਾਂ ਦੇ ਨਾਲ ਹਜ਼ੂਰ ਸਾਹਿਬ ਜੀ ਗਏ, ਤੇ ਉਸ ਦੌਰੇ ਦੇ ਦੌਰਾਨ ਰਾਹ ਵਿਚ ਗਵਾਲੀਅਰ ਵੀ ਕੁਝ ਚਿਰ ਲਈ ਰੁਕੇ ਤੇ ਉਥੇ ਸੰਤ ਪੰਜਾਬ ਸਿੰਘ ਜੀ ਦੇ ਸਪੁਤ੍ਰ ਸ. ਰਤਨ ਸਿੰਘ ਜੀ ਨੂੰ ਗਵਾਲੀਅਰ ਦਾ ਸੂਬਾ ਬਣਾਇਆ।

ਜਦੋਂ ਸਤਿਗੁਰੂ ਜਗਜੀਤ ਸਿੰਘ ਜੀ ਦਿੱਲੀ ਦਰਸ਼ਨ ਦਿੰਦੇ, ਆਪ ਜੀ ਦਾ ਡੇਰਾ ਸੂਬਾ ਗੰਡਾ ਸਿੰਘ ਜੀ ਦੇ ਘਰ ਹੀ ਹੁੰਦਾ।

ਦੋ ਸਾਲਾਂ ਪਿਛੋਂ ਇਕ ਦਿਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੂਬਾ ਗੰਡਾ ਸਿੰਘ ਜੀ ਨੂੰ ਕਿਹਾ, "ਸੰਤ ਜੀ, ਇਥੇ ਜਗ੍ਹਾ ਕੁਝ ਤੰਗ ਹੈ, ਇਸ ਕਰਕੇ ਸਾਡਾ ਖਿਆਲ ਹੈ, ਕਿ ਸੇਠ ਤ੍ਰਿਲੋਕ ਸਿੰਘ ਜੀ ਦੀ ਜਗ੍ਹਾ ਖੁਲ੍ਹੀ ਹੈ, ਡੇਰਾ ਉਥੇ ਹੀ ਰਖੀਏ।" ਸੂਬਾ ਜੀ ਨੇ ਸਤਿ ਬਚਨ ਕਰਦਿਆਂ ਹੋਇਆਂ ਕਿਹਾ, "ਮੈਂ ਤੇ ਇਹ ਨਹੀਂ ਚਾਹੁੰਦਾ ਕਿ ਤੁਸੀਂ ਜਾਵੋ, ਪਰ ਜਿਵੇਂ ਆਪ ਜੀ ਦੀ ਰਜ਼ਾ।"



Namdhari Elibrary NamdhariElibrary@gmail.com

## ਸੂਬਾ ਦਿੱਲੀ ਦਾ

ਦਿੱਲੀ ਦੀ ਸਾਧ-ਸੰਗਤ ਇਕੱਠੀ ਹੋ ਕੇ ਦਮਦਮੇ ਮੇਲੇ ਤੇ ਪਹੁੰਚੀ। ਮੇਲੇ ਦਾ ਭੋਗ ਪੈਣ ਪਿਛੋਂ ਸ. ਕਰਤਾਰ ਸਿੰਘ ਜੀ ਬਿਜਲੀ ਵਾਲੇ ਨੇ ਸਤਿਗੁਰਾਂ ਦੇ ਚਰਨਾਂ ਵਿਚ ਬੇਨਤੀ ਕੀਤੀ, "ਸੱਚੇ ਪਾਤਸ਼ਾਹ ਜੀ, ਦਿੱਲੀ ਦਾ ਕੋਈ ਸੂਬਾ ਨਹੀਂ ਇਸ ਕਰਕੇ ਸੂਬਾ ਥਾਪਨ ਦੀ ਕਿਰਪਾ ਕਰੋ ਜੀ।" ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਤ ਗੰਡਾ ਸਿੰਘ ਜੀ ਦਾ ਨਾਂ ਸੂਬੇ ਦੇ ਤੌਰ ਤੇ ਐਲਾਨ ਕਰ ਦਿਤਾ। ਸੰਤ ਗੰਡਾ ਸਿੰਘ ਜੀ ਨੇ ਕਿਹਾ, "ਮੈਂ ਤਾਂ ਇਸ ਦੇ ਲਾਇਕ ਨਹੀਂ।" ਪਰ ਸਾਰੀ ਸੰਗਤ ਨੇ ਇਕਦਮ ਜੈਕਾਰਾ ਛੱਡ ਦਿਤਾ। ਸ. ਕਰਤਾਰ ਸਿੰਘ ਨੇ ਆਖਿਆ, "ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਨੇ ਆਪ ਜੀ ਨੂੰ ਭਜਨ ਦੀ ਦਾਤ ਬਖਸ਼ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨੀਂ ਲਾਇਆ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਜੀ ਨੂੰ ਮਿਸਤ੍ਰੀ ਤੇ ਫਿਰ ਸੰਤ ਬਣਾਇਆ ਹੈ। ਅਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਜੀ ਨੂੰ ਸੂਬਾ ਥਾਪ ਦਿਤਾ ਹੈ, ਆਪ ਖੁਸ਼ੀ-ਖੁਸ਼ੀ ਪਰਵਾਨ ਕਰੋ।" ਸੂਬਾ ਜੀ ਸਹਿਮਤ ਹੋ ਗਏ।

Namdhari Elibrary NamdhariElibrary@gmail.com

# ਦਰਸ਼ਨ ਦੇਖਤ ਦੋਖ ਨਸੈ

ਸਤਿਗੁਰੂ ਜੀ ਦੇ ਸਿੱਖ ਸਵਾਸ-ਸਵਾਸ ਨਾਮ ਸਿਮਰਨ ਤੇ ਕਰਦੇ ਹੀ ਹਨ, ਪਰ ਸਾਕਾਰ ਰੂਪ ਸਤਿਗੁਰੂ ਦੇ ਦਰਸ਼ਨ ਕਰਕੇ ਹੀ ਸੇਵਕਾਂ ਨੂੰ ਤ੍ਰਿਪਤੀ ਹੁੰਦੀ ਹੈ। ਜਦੋਂ ਕੋਈ ਔਖੀ ਘੜੀ ਆ ਜਾਂਦੀ ਹੈ, ਉਸ ਵੇਲੇ ਸਿੱਖ ਆਪਣੇ ਪਿਆਰੇ ਪ੍ਰੀਤਮ ਨੂੰ ਹੀ ਪੁਕਾਰਦੇ ਹਨ ਤੇ ਸਤਿਗੁਰੂ ਪੁਕਾਰ ਨੂੰ ਸੁਣਕੇ ਆਪਣੇ ਪਿਆਰੇ ਸੇਵਕ ਦੀ ਸਹਾਇਤਾ ਕਰਨ ਲਈ ਪਹੁੰਚ ਜਾਂਦੇ ਹਨ।

ਜਹਾਂ-ਜਹਾਂ ਭੀਰ ਬਨੇ ਸੰਤਨ ਕੀ
ਤਹਾਂ ਤਹਾਂ ਉਠ ਧਾਵੈ ॥

ਇਕ ਦਿਨ ਸੂਬਾ ਗੰਡਾ ਸਿੰਘ ਜੀ ਬੜੇ ਸਖਤ ਬੀਮਾਰ ਹੋ ਗਏ। ਡਾਕਟਰ ਸਾਰੀ ਵਾਹ ਲਾ ਬੈਠੇ, ਬੱਚਣ ਦੀ ਕੋਈ ਆਸ ਨਾ ਰਹਿ ਗਈ। ਸੂਬਾ ਜੀ ਨੇ ਆਪ ਆਪਣੇ ਸਭ ਤੋਂ ਛੋਟੇ ਲੜਕੇ ਬੇਅੰਤ ਸਿੰਘ ਜੀ ਨੂੰ ਕਿਹਾ, "ਜਲਦੀ ਪੋਸਟ ਆਫ਼ਿਸ ਜਾਕੇ ਸ੍ਰੀ ਭੈਣੀ ਸਾਹਿਬ ਤਾਰ ਦੇ ਆ ਤਾਂਕਿ ਮੈਂ ਆਖਰੀ ਵਾਰ ਸਤਿਗੁਰੂ ਜੀ ਦੇ ਦਰਸ਼ਨ ਕਰ ਸਕਾਂ।" ਪੂਜਯ ਗੁਰਦੇਵ ਪਿਤਾ ਨੂੰ ਜਦੋਂ ਆਪ ਜੀ ਦੀ ਬੀਮਾਰੀ ਦਾ ਪਤਾ ਲਗਿਆ, ਉਸੇ ਵੇਲੇ ਗੁਰਦੇਵ ਸਿੰਘ ਨੂੰ ਕਿਹਾ, "ਜਲਦੀ ਜਾਕੇ ਕਾਰ ਲੈ ਆ।" ਉਸਨੇ ਹੱਥ ਜੋੜਕੇ ਬੇਨਤੀ ਕੀਤੀ, "ਇਕਦਮ ਕਿਧਰ ਜਾਣ ਦਾ ਪ੍ਰੋਗ੍ਰਾਮ ਬਣ ਗਿਆ ਹੈ ?" ਸਤਿਗੁਰੂ ਜੀ ਨੇ ਉੱਤਰ ਦਿਤਾ, "ਲੁਧਿਆਣੇ ਜਾਣਾ ਹੈ।" ਗੁਰਦੇਵ ਸਿੰਘ ਜੀ ਕਾਰ ਲੈ ਆਏ ਤੇ ਸ੍ਰੀ ਸਤਿਗੁਰੂ ਜੀ ਡਾ: ਗੁੱਜਰਮਲ ਦੇ ਘਰ ਲੁਧਿਆਣੇ ਪਹੁੰਚ ਗਏ। ਰਾਤ ਦੇ ਅੱਠ ਵਜ ਚੁਕੇ ਸਨ। ਡਾ: ਗੁੱਜਰਮਲ ਘਰ ਨਹੀਂ ਸੀ। ਉਹ ਆਪਣੇ ਫਾਰਮ ਤੇ ਗਿਆ ਹੋਇਆ ਸੀ। ਸਤਿਗੁਰੂ ਜੀ ਵੀ ਉਸਦੀ ਫਾਰਮ ਤੇ ਪਹੁੰਚ ਗਏ, ਡਾ: ਗੁੱਜਰਮਲ ਜੀ ਕੁਝ ਜ਼ਿਆਦਾ ਹੀ ਰੁਝੇ ਹੋਏ ਸਨ। ਉਨ੍ਹਾਂ ਕੋਲ ਦਿੱਲੀ ਜਾਣ ਦੀ ਫੁਰਸਤ ਨਹੀਂ ਸੀ, ਉਨ੍ਹਾਂ ਨੇ ਬੇਬਸੀ ਪ੍ਰਗਟ ਕੀਤੀ। ਸਤਿਗੁਰੂ ਜੀ ਨੇ ਫੇਰ ਬਚਨ ਕੀਤਾ, "ਜੇਕਰ ਤੂੰ ਅਜ ਸਾਡੇ ਨਾਲ ਦਿੱਲੀ ਨਹੀਂ ਜਾਵੇਂਗਾ ਤਾਂ ਤੇਰੀ ਸਾਡੀ ਬਸ।" ਇਹ ਗਲ ਗੁੱਜਰਮਲ ਜੀ ਕਿਵੇਂ ਸਹਾਰ ਸਕਦੇ ਸਨ। ਆਪਣਾ ਦਵਾਈਆਂ ਵਾਲਾ ਬੈਗ ਲੈ ਕੇ ਝਟ-ਪਟ ਕਾਰ ਤੇ ਸਵਾਰ ਹੋ ਗਏ। ਰਾਤ ਦੇ ਨੌਂ ਵਜ ਚੁਕੇ ਸਨ। ਸਤਿਗੁਰੂ ਜੀ ਨੇ ਕਾਰ ਦਾ ਸਟੇਰਿੰਗ ਗੁਰਦੇਵ ਸਿੰਘ ਕੋਲੋਂ ਆਪ ਲੈ ਲਿਆ, ਤੇਜ਼ ਤੇਜ਼ ਕਾਰ ਚਲਾਣੀ



Namdhari Elibrary NamdhariElibrary@gmail.com

ਸ਼ੁਰੂ ਕਰ ਦਿਤੀ। ਰਸਤੇ ਵਿਚ ਕਿਧਰੇ ਵੀ ਕਿਸੇ ਕਿਸਮ ਦੀ ਰੁਕਾਵਟ ਨਾ ਆਈ, ਕੋਈ ਰੇਲ ਦਾ ਫਾਟਕ ਬੰਦ ਨਾ ਮਿਲਿਆ ਤੇ ਰਾਤ ਦੇ ਬਾਰਾਂ ਵਜੇ ਸਤਿਗੁਰੂ ਜੀ ਨੇ ਸੂਬਾ ਗੰਡਾ ਸਿੰਘ ਜੀ ਦੇ ਘਰ ਆਣ ਦਰਸ਼ਨ ਦਿਤੇ। ਜਿਸ ਵੇਲੇ ਸਤਿਗੁਰੂ ਜੀ ਨੇ ਆਪਣੇ ਪਵਿਤ੍ਰ ਹਸਤ-ਕੰਵਲਾਂ ਨੂੰ ਸੂਬਾ ਜੀ ਦੇ ਸਿਰ ਤੇ ਰਖਿਆ, ਉਨ੍ਹਾਂ ਨੂੰ ਇਸ ਬਾਰੇ ਕੁਝ ਪਤਾ ਨਹੀਂ ਸੀ। ਫਿਰ ਸ਼ਤਿਗੁਰਾਂ ਨੇ ਸੂਬਾ ਜੀ ਦੀ ਬਾਂਹ ਫੜ ਕੇ ਜ਼ੋਰ ਦੀ ਹਲੂਣਿਆ। ਉਨ੍ਹਾਂ ਨੇ ਆਪਣੀਆਂ ਅੱਖਾਂ ਖੋਹਲੀਆਂ। ਵੇਖਿਆ ਕਿ ਉਹਨਾਂ ਦਾ ਪਿਆਰਾ ਪ੍ਰੀਤਮ ਦੋ ਜਹਾਨ ਦਾ ਵਾਲੀ ਸਾਹਮਣੇ ਕੁਰਸੀ ਤੇ ਬਿਰਾਜਮਾਨ ਹੈ, ਤੇ ਕੋਲ ਡਾਕਟਰ ਬੈਠਾ ਹੈ। ਸਤਿਗੁਰੂ ਜੀ ਨੇ ਡਾਕਟਰ ਨੂੰ ਕਿਹਾ ਕਿ ਉਹ ਚੰਗੀ ਤਰ੍ਹਾਂ ਸੂਬਾ ਜੀ ਨੂੰ ਵੇਖੇ। ਡਾਕਟਰ ਨੇ ਟੀਕਾ ਲਗਾਣ ਵਾਸਤੇ ਸੋਚਿਆ। ਕੋਲ ਬੈਠੇ ਸੂਬਾ ਜੀ ਦੇ ਸਭ ਤੋਂ ਛੋਟੇ ਭਰਾ ਸ: ਹਜ਼ੂਰ ਸਿੰਘ ਜੀ ਨੇ ਡਾਕਟਰ ਨੂੰ ਕਿਹਾ, "ਡਾਕਟਰ ਸਾਹਿਬ, ਟੀਕਾ ਜ਼ਰਾ ਧਿਆਨ ਨਾਲ ਲਗਾਣਾ, ਇਹਨਾਂ ਨੇ ਸਾਰੀ ਉਮਰ ਟੀਕਾ ਨਹੀਂ ਲਗਵਾਇਆ।" ਡਾਕਟਰ ਨੂੰ ਗੱਲ ਸਮਝ ਆ ਗਈ। ਉਸਨੇ ਟੀਕਾ ਨਹੀਂ ਲਗਾਇਆ। ਸਿਰਫ ਗੋਲੀ ਘੋਲ ਕੇ ਸੂਬਾ ਜੀ ਦੇ ਮੂੰਹ ਵਿਚ ਪਾ ਦਿਤੀ। ਪੰਜ ਮਿੰਟਾਂ ਪਿਛੋਂ ਪੁਛਿਆ, "ਕੋਈ ਫਰਕ ਪਿਆ ?" ਅਗੋਂ "ਨਹੀਂ" ਵਿਚ ਉਤਰ ਮਿਲਿਆ। ਸਤਿਗੁਰੂ ਜੀ ਨੇ ਕੋਲ ਬੈਠੇ ਹਜ਼ੂਰ ਸਿੰਘ ਨੂੰ ਕਿਹਾ, "ਹਜ਼ੂਰ ਸਿੰਘਾ, ਤੂੰ ਭੀ ਭਲਵਾਨੀ ਕਰਦਾ ਏਂ, ਤੂੰ ਹੀ ਕੁਝ ਕਰ।" ਹਜ਼ੂਰ ਸਿੰਘ ਨੇ ਉਤਰ ਦਿਤਾ, "ਸਤਿ ਬਚਨ ਸੱਚੇ ਪਾਤਸ਼ਾਹ, ਜੋ ਮੈਨੂੰ ਜਣਾਇਆ ਜੇ ਮੈਂ ਕਰਦਾ ਹਾਂ।" ਹਜ਼ੂਰ ਸਿੰਘ ਨੇ ਆਪਣੀ ਭਾਬੀ ਸ੍ਰੀਮਤੀ ਕੇਸਰ ਕੌਰ ਨੂੰ ਆਵਾਜ ਮਾਰੀ, "ਭਾਬੀ ਜਲਦੀ ਗੜਵੀ ਲਿਆਓ"। ਹਜ਼ੂਰ ਸਿੰਘ ਸੂਬਾ ਜੀ ਦੀ ਪਿਠ ਦੇ ਸੱਜੇ ਪਾਸੇ ਗੜਵੀ ਨੂੰ ਲਗਾ ਦਿਤਾ, ਜਿਵੇਂ ਪੁਰਾਣੇ ਜ਼ਮਾਨੇ ਵਿਚ ਕੁੱਜਾ ਲਗਾਂਦੇ ਸਨ। ਸੂਬਾ ਜੀ ਦਸਦੇ ਹਨ ਕਿ ਉਸ ਵੇਲੇ ਦੋ ਭੈੜੀਆਂ ਸ਼ਕਲਾਂ, ਬਲਾਵਾਂ ਵਰਗੀਆਂ, ਇਕ ਪਿਛਲੇ ਪਾਸੇ, ਤੇ ਇਕ ਅਗਲੇ ਪਾਸੇ ਖਿੱਚਾ-ਖਿੱਚੀ ਕਰ ਰਹੀਆਂ ਸਨ। ਕੁਝ ਚਿਰ ਦੀ ਖਿਚੋਤਾਨੀ ਪਿਛੋਂ ਪਿਛਲੇ ਪਾਸੇ ਵਾਲੀ ਖਿੱਚ ਕੇ ਲੈ ਗਈ। ਇਸ ਤੋਂ ਉਨ੍ਹਾਂ ਨੂੰ ਇੰਝ ਅਨੁਭਵ ਹੋਇਆ ਕਿ ਉਨ੍ਹਾਂ ਦਾ ਸ਼ਰੀਰ ਬਿਲਕੁਲ ਠੀਕ-ਠਾਕ ਅਤੇ ਨਰੋਆ ਹੋ ਗਿਆ ਹੈ, ਜਿਵੇਂ ਦੁਖ ਕਦੇ ਨੇੜੇ ਹੀ ਨਾ ਆਇਆ ਹੋਵੇ।" ਸਤਿਗੁਰੂ ਜੀ ਨੇ ਪੁਛਿਆ, "ਸੂਬਾ ਜੀ, ਹੁਣ ਕੁਝ ਆਰਾਮ ਹੈ ?" ਸੂਬਾ ਜੀ ਨੇ ਉੱਤਰ ਦਿਤਾ, "ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਮੈਂ ਬਿਲਕੁਲ ਠੀਕ-ਠਾਕ ਹੋ ਗਿਆ ਹਾਂ।" ਸਤਿਗੁਰੂ ਜੀ ਰਾਤੀਂ ਸ. ਭਗਵਾਨ ਸਿੰਘ ਜੀ ਦੇ ਘਰ ਜਾ ਬਿਰਾਜੇ ਤੇ ਸਵੇਰੇ ਚਾਰ ਵਜੇ ਸੂਬਾ ਜੀ ਨੂੰ ਦਰਸ਼ਨ ਦਿਤੇ। ਆਪਣੀ ਵਿਸ਼ੇਸ਼ ਬਖਸ਼ਸ਼ ਕਰਕੇ ਜੀਵਨ ਦਾਨ ਦੇ ਕੇ ਦਰਸਨਾਂ ਦੀ ਦਾਤ ਬਖਸ਼ਕੇ ਸਤਿਗੁਰੂ ਜੀ ਹਿਸਾਰ ਵਲ ਨੂੰ ਚਲੇ ਗਏ। ਇਹ ਗੱਲ ੧੯੬੧ ਈ: ਦੀ ਹੈ।


Namdhari Elibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ ਸੂਬਾ ਜੀ ਬਿਲਕੁਲ ਤੰਦਰੁਸਤ ਹੋ ਗਏ, ਤੇ ਸਾਧ ਸੰਗਤ ਦੀ ਸੇਵਾ ਵਿਚ ਜੁਟ ਗਏ। ਕਿਧਰੇ ਵਿਆਹ, ਆਨੰਦ-ਕਾਰਜ ਕਰਾਣ, ਕਿਧਰੇ ਟੁੱਟਦੇ ਹੋਏ ਰਿਸ਼ਤੇ ਨੂੰ ਜੋੜਕੇ ਫੈਸਲੇ ਕਰਾ ਦੇਣ ਰੋਜ਼ ਅੰਮ੍ਰਿਤ ਵੇਲੇ ਉਠਕੇ ਪੈਦਲ ਧਰਮਸ਼ਾਲਾ ਰਮੇਸ਼ ਨਗਰ, ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਪਹੁੰਚ ਜਾਣਾ; ਕਿਧਰੇ ਭਜਨ ਦੇ ਕੇ ਨਾਮਧਾਰੀ ਸਿੰਘ ਸਜਾਣਾ, ਨਾਮ-ਸਿਮਰਨ, ਭਜਨ-ਬਾਣੀ ਨਿਤਨੇਮ ਆਦਿ ਚੜ੍ਹਦੀਆਂ ਕਲਾਂ ਵਿਚ ਹੋਣ ਲਗਾ।

ਸੰਨ ੧੯੮੨ ਵਿਚ ਸੂਬਾ ਜੀ ਫੇਰ ਸਖਤ ਬੀਮਾਰ ਹੋ ਗਏ। ਚਾਰ ਮਹੀਨੇ ਮੰਜੇ ਤੇ ਪੈਣਾ ਪਿਆ, ਫਿਰ ਕਦੇ ਹਾਏ ਜਾਂ ਸੀ ਨਹੀਂ ਕੀਤੀ। ਕਈ ਇਲਾਜ ਕੀਤੇ, ਪਰ ਗੁਰਦੇ ਦੀ ਦਰਦ ਤੇ ਪਿਸ਼ਾਬ ਰੁਕ ਕੇ ਆਉਣ ਨੂੰ ਆਰਾਮ ਨਾ ਆਇਆ। ਆਸਾ ਦੀ ਵਾਰ ਵਿਚ ਜਾਣ ਦੀ ਸਮਰਥਾ ਨਹੀਂ ਸੀ। ਆਪਣੀ ਛੋਟੀ ਲੜਕੀ ਨੂੰ ਆਖਿਆ ਕਿ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਬੇਨਤੀ ਕਰ ਕਿ ਆ ਕੇ ਦਰਸ਼ਨ ਦੇ ਜਾਣ। ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਗਈ। ਆਸਾ ਦੀ ਵਾਰ ਦਾ ਭੋਗ ਪਾ ਕੇ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਤੋਂ ਆਕੇ ਸੱਚੇ ਪਾਤਸ਼ਾਹ ਜੀ ਨੇ ਆਕੇ ਸੂਬਾ ਜੀ ਨੂੰ ਦਰਸ਼ਨ ਦਿਤੇ। ਸ੍ਰੀ ਐਚ.ਐਸ. ਹੰਸਪਾਲ ਜੀ ਤੇ ਸੇਠ ਤ੍ਰਿਲੋਕ ਸਿੰਘ ਜੀ ਤੇ ਹੋਰ ਸਾਧ-ਸੰਗਤ ਵੀ ਸੱਚੇ ਪਾਤਸ਼ਾਹ ਜੀ ਨਾਲ ਸੂਬਾ ਜੀ ਦਾ ਪਤਾ ਲੈਣ ਆਏ। ਸੂਬਾ ਜੀ ਨੂੰ ਐਨੀ ਜਿਆਦਾ ਤਕਲੀਫ਼ ਸੀ ਕਿ ਉਠਕੇ ਬੈਠ ਵੀ ਨਹੀਂ ਸਨ ਸਕਦੇ। ਆਪਣੇ ਛੋਟੇ ਦਾਮਾਦ ਸ: ਸੰਤ ਜੀ ਨੂੰ ਕਿਹਾ, "ਜਦੋਂ ਸੱਚੇ ਪਾਤਸ਼ਾਹ ਜੀ ਦਰਸ਼ਨ ਦੇਣ ਲਈ ਆਉਣਗੇ ਤਾਂ ਮੈਨੂੰ ਆਸਰਾ ਦੇ ਕੇ ਜ਼ਰੂਰ ਉਠਾ ਦੇਣਾ ਤਾਂਕਿ ਮੈਂ ਚੰਗੀ ਤਰ੍ਹਾਂ ਚਰਨਾਂ ਦਾ ਸਪਰਸ਼ ਕਰ ਸਕਾਂ।" ਸੂਬਾ ਜੀ ਦੀ ਸੁਪਤਨੀ ਕੇਸਰ ਕੌਰ ਜੀ ਨੇ ਵੀ ਦੌੜ ਕੇ ਅੰਦਰੋਂ ਪ੍ਰਸ਼ਾਦ ਲਿਆ ਮੱਥਾ ਟੇਕਿਆ, ਸੂਬਾ ਜੀ ਨੂੰ ਸੰਤ ਜੀ ਨੇ ਸੱਚੇ ਪਾਤਸ਼ਾਹ ਜੀ ਦੇ ਚਰਨ-ਕੰਵਲਾਂ ਨੂੰ ਸਪਰਸ਼ ਕਰਨ ਲਈ ਉਠਾਕੇ ਝੁਕਾਇਆ। ਸੱਚੇ ਪਾਤਸ਼ਾਹ ਜੀ ਨੇ ਕਿਹਾ, "ਸੂਬਾ ਜੀ, ਤੁਸੀਂ ਉਠਣ ਦੀ ਬਿਲਕੁਲ ਖੇਚਲ ਨਾ ਕਰੋ।" ਆਪਣੇ ਚਰਣ ਉਹਨਾਂ ਦੇ ਸਾਹਮਣੇ ਮੰਜੇ ਤੇ ਰਖਦਿਆਂ ਫੁਰਮਾਇਆ, "ਲਓ ਮੱਥਾ ਟੇਕ ਲਓ", ਅਸੀਮ ਪਿਆਰ ਦਾ ਇਹ ਦ੍ਰਿਸ਼ ਵੇਖਣ ਵਾਲਾ ਸੀ। ਸ: ਸੰਤ ਸਿੰਘ ਜੀ ਕੋਲ ਬੈਠਕੇ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਅਰਜ਼ ਕੀਤੀ ਕਿ ਇਹਨਾਂ ਦਾ ਆਪਰੇਸ਼ਨ ਕੀਤਾ ਜਾਵੇ। ਸਤਿਗੁਰੂ ਜੀ ਨੇ ਬਚਨ ਕੀਤਾ, "ਨਹੀਂ", ਆਪਰੇਸ਼ਨ ਬਿਲਕੁਲ ਨਹੀਂ ਕਰਾਣਾ।" ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਦੇ ਕੇ ਜਾਣ ਦੀ ਦੇਰ ਸੀ ਕਿ ਪ੍ਰਤੱਖ ਕਰਾਮਾਤ ਸਾਹਮਣੇ ਆ ਗਈ। ਸੂਬਾ ਜੀ ਬਿਲਕੁਲ ਸਵਸਥ ਹੋ ਗਏ। ਗੁਰਦਿਆਂ ਦੀਆਂ ਚਾਰ-ਚਾਰ ਪਥਰੀਆਂ ਪਤਾ



Namdhari Elibrary NamdhariElibrary@gmail.com

ਨਹੀਂ ਕਿਧਰ ਗਾਇਬ ਹੋ ਗਈਆਂ, ਆਪਰੇਸ਼ਨ ਜਾਂ ਦਵਾਈ ਤੋਂ ਬਗੈਰ ਇਹ ਸਭ ਕੁਝ ਹੋ ਗਿਆ।

ਸੂਬਾ ਜੀ ਨੂੰ ਬਚਪਨ ਵਾਲਾ ਸਾਖੀਆਂ ਪੜ੍ਹਨ ਦਾ ਸ਼ੌਕ ਨਿਰੰਤਰ ਬਣਿਆ ਰਿਹਾ। ਗੁਰੂ ਸਾਹਿਬਾਂ ਦੀਆਂ ਜੀਵਨੀਆਂ ਬਾਰ-ਬਾਰ ਪੜ੍ਹਨ ਵਿਚ ਉਨ੍ਹਾਂ ਨੂੰ ਆਨੰਦ ਆਉਂਦਾ। ਥੋੜੇ ਦਿਨਾਂ ਪਿਛੋਂ ਇਹਨਾਂ ਨੂੰ ਹਲਕਾ-ਹਲਕਾ ਬੁਖਾਰ ਫੇਰ ਹੋਨ ਲਗ ਪਿਆ। ਸੂਬਾ ਜੀ ਦੀ ਸਭ ਤੋਂ ਛੋਟੀ ਲੜਕੀ ਬੇਅੰਤ ਕੌਰ ਤੇ ਉਸਦਾ ਪਤੀ ਸ: ਸੰਤ ਸਿੰਘ ਗਰਮੀਆ ਦੀਆਂ ਛੁਟੀਆਂ ਕੱਟਣ ਲਈ ਸੰਨ ੧੯੮੨ ਵਿਚ ਕੁਲੂ ਮਿਨਾਲੀ ਦਾ ਪ੍ਰੋਗ੍ਰਾਮ ਬਣਾ ਰਹੇ ਸਨ। ਪਰ ਕੁਲੂ ਜਾਣ ਤੋਂ ਪਹਿਲਾਂ ਸਤਿ-ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਸਨ। ਸੂਬਾ ਜੀ ਨੇ ਸੰਤ ਸਿੰਘ ਜੀ ਨੂੰ ਕਿਹਾ "ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਬੇਨਤੀ ਕਰਨੀ, ਕਿ ਸਰੀਰ ਫੇਰ ਢਿੱਲਾ ਹੋ ਗਿਆ ਹੈ, ਹਲਕਾ-ਹਲਕਾ ਬੁਖਾਰ ਵੀ ਰੋਜ਼ ਤੰਗ ਕਰਦਾ ਹੈ। ਉਹਨਾਂ ਨੂੰ ਯਾਦ ਕਰਵਾਉਣਾ ਕਿ ਸਤਿਗੁਰੂ ਬਾਲਕ ਸਿੰਘ ਜੀ ਵੇਲੇ ਜਿਵੇਂ ਸੰਤ ਅਮਰ ਸਿੰਘ ਜੀ ਨੂੰ ਖੰਡ ਦੀ ਚੁਟਕੀ ਦੇ ਕੇ ਬੁਖਾਰ ਲਾਹ ਦਿਤਾ ਸੀ, ਉਸੇ ਤਰ੍ਹਾਂ ਮੇਰੇ ਤੇ ਵੀ ਕਿਰਪਾ ਕਰਨ"। ਸੰਤ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਜਾਕੇ ਉਸੇ ਤਰ੍ਹਾਂ ਹੀ ਸਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਸੂਬਾ ਜੀ ਦੇ ਸ਼ਬਦਾਂ ਵਿਚ ਬੇਨਤੀ ਦੁਹਰਾ ਦਿਤੀ। ਸਤਿਗੁਰੂ ਜੀ ਨੇ ਬਚਨ ਕੀਤਾ, "ਸੂਬਾ ਜੀ ਨੂੰ ਦੋ ਗੋਲੀਆਂ ਸਵੇਰੇ, ਦੋ ਦੁਪਹਿਰੇ ਤੇ ਦੋ ਸ਼ਾਮ ਨੂੰ ਦਿੰਦੇ ਰਹੋ। ਬੁਖਾਰ ਉਤਰ ਜਾਵੇਗਾ।" ਕਾਲੀਆਂ ਗੋਲੀਆਂ ਸੂਬਾ ਜੀ ਪਹਿਲਾਂ ਤੋਂ ਹੀ ਖਾ ਰਹੇ ਸਨ, ਲਾਭ ਨਹੀਂ ਸੀ ਹੋ ਰਿਹਾ। ਠੀਕ ਬੀਬੀ ਈਸ਼ਰ ਕੌਰ ਦੇ ਗੋਡਿਆਂ ਦੀ ਪੀੜ ਨਿਵਾਰਨ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਝ ਹੀ ਬਚਨ ਕੀਤਾ ਸੀ ਜਦੋਂ ਬੀਬੀ ਨੇ ਫੁਰਮਾਇਆ ਸੀ, "ਮੈਂ ਤਾਂ ਪਹਿਲਾਂ ਹੀ ਗੋਲੀਆਂ ਖਾ ਰਹੀ ਹਾਂ।" ਸੱਚੇ ਪਾਤਸ਼ਾਹ ਜੀ ਨੇ ਫੁਰਮਾਇਆ ਸੀ, "ਇਹ ਗੋਲੀਆਂ ਦੇਣ ਵਾਲੇ ਹੱਥ ਹੋਰ ਹਨ, ਤੇ ਉਹ ਹੋਰ।"

ਸੂਬਾ ਜੀ ਦਾ ਲੜਕਾ ਸ: ਗੁਰਮੁਖ ਸਿੰਘ ਚੰਡੀਗੜ੍ਹ ਆਇਆ ਹੋਇਆ ਸੀ। ਸਤਿਗੁਰੂ ਜੀ ਦਾ ਸੁਨੇਹਾ ਉਸ ਨੂੰ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਦੇ ਦਿਤਾ ਗਿਆ। ਉਸਨੇ ਦਿੱਲੀ ਪਹੁੰਚਕੇ ਸੂਬਾ ਜੀ ਨੂੰ ਉਹੀ ਦੋ ਕਾਲੀਆਂ ਗੋਲੀਆਂ ਸਵੇਰੇ ਤੇ ਦੋ ਸ਼ਾਮੀਂ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਦੇ ਦਿਤੀਆਂ, ਬੁਖਾਰ ਦਾ ਪਤਾ ਹੀ ਨਹੀਂ ਲਗਾ, ਕਿਧਰ ਭਜ ਗਿਆ। ਸ਼ਰੀਰ ਤੰਦਰੁਸਤ ਹੋ ਗਿਆ।

ਸੂਬਾ ਜੀ ਦੀ ਉਮਰ ੯੪ ਸਾਲ ਤੋਂ ਉਪਰ ਹੋ ਗਈ ਸੀ। ਸਿਹਤ ਦਿਨੋ-ਦਿਨ ਢਿੱਲੀ ਰਹਿਣ ਲਗ ਪਈ। ਪੱਥਰੀ ਵਾਲੀ ਤਕਲੀਫ਼ ਫਿਰ ਜਾਗ੍ਰਤ ਹੋ ਉਠੀ। ਸ਼ਰੀਰ ਨੂੰ ਕਸ਼ਟ ਪੀੜਾਂ ਸਤਾਣ ਲਗ ਪਈਆਂ। ਸੱਚੇ ਪਾਤਸ਼ਾਹ ਜੀ ਦੇ


Namdhari Elibrary NamdhariElibrary@gmail.com

ਚਰਨਾਂ ਵਿਚ ਅਰਜ਼ੋਈਆਂ ਹੁੰਦੀਆਂ। ਕਦੇ ਸਤਿਗੁਰੂ ਜੀ ਆਕੇ ਆਪ ਜੀ ਨੂੰ ਦਰਸ਼ਨ ਦਿੰਦੇ ਤੇ ਕਦੇ ਆਪ ਕਾਰ ਦੀ ਪਿਛਲੀ ਸੀਟ ਤੇ ਲੇਟ ਸਤਿਗੁਰੂ ਜੀ ਦੇ ਦਰਸ਼ਨ ਕਰਨ ਜਾਂਦੇ। ਦਰਸ਼ਨਾਂ ਦੀ ਤਾਂਘ ਤਾਂ ਹਮੇਸ਼ਾਂ ਹੀ ਬਣੀ ਰਹਿੰਦੀ।

ਸਾਰੇ ਪਰਿਵਾਰ ਨੇ ਯਥਾ ਯੋਗ ਸੇਵਾ ਕੀਤੀ ਪਰ ਸ: ਸੁਰਮੁਖ ਸਿੰਘ ਸਪੁਤਰ ਸ: ਸੁਰਮੁਖ ਸਿੰਘ ਜੀ, ਆਪ ਜੀ ਦੇ ਪੋਤਰੇ ਨੇ ਤਾਂ ਕਮਾਲ ਹੀ ਕਰ ਵਿਖਾਈ। ਆਪਣਾ ਕਾਰੋਬਾਰ ਇਕਦਮ ਬੰਦ ਕਰ ਦਿਤਾ, ਤੇ ਦਿਨ ਰਾਤ ਸੇਵਾ ਵਿਚ ਜੁੱਟ ਗਿਆ। ਵੇਲੇ ਸਿਰ ਦੁਆਈ ਦੇਣੀ, ਖਾਣ-ਪੀਣ ਦਾ ਧਿਆਨ ਰਖਣਾ ਤੇ ਦਿਲ ਲਗਾਣ ਲਈ ਪਾਠ ਕਰਕੇ ਸੁਨਾਣਾ। ਸਰੀਰ ਭਾਵੇਂ ਕਿੰਨਾ ਢਿਲਾ ਹੋਵੇ, ਪਾਠ ਸੁਣਕੇ, ਸਤਿਗੁਰੂ ਪ੍ਰਤਾਪ ਸਿੰਘ ਜੀ, ਸੰਤ ਕੇਸਰ ਸਿੰਘ ਜੀ ਚਵਿੰਡਾ, ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਚਨ ਕਰਕੇ ਜਾਂ ਸੁਣਕੇ ਨੌ-ਬਰ-ਨੌ ਹੋ ਜਾਣਾ, ਜਿਵੇਂ ਸਰੀਰ ਕਦੇ ਢਿੱਲਾ ਹੀ ਨਾ ਹੋਇਆ ਹੋਵੇ। ਨਾਮ ਸਿਮਰਨ ਵੀ ਮੰਜੇ ਤੇ ਲੇਟੇ-ਲੇਟੇ ਕਰਦੇ ਰਹਿਣਾ। ਅਖੀਰਲੇ ਦਿਨਾਂ ਵਿਚ ਜਦੋਂ ਸਰੀਰ ਜ਼ਿਆਦਾ ਹੀ ਕਮਜ਼ੋਰ ਹੋ ਗਿਆ, ਤਾਂ ਕਹਿਣਾ, 'ਕੋਈ ਮੇਰਾ ਮਲ ਮੂਤ੍ਰ ਸੁਟੇ, ਮੈਨੂੰ ਬਹੁਤ ਪਰੇਸ਼ਾਨੀ ਹੁੰਦੀ ਹੈ।'' ਹਿੰਮਤ ਕਰਨੀ ਤੇ ਕਹਿਣਾ, ''ਮੈਨੂੰ ਉਠਾਕੇ ਗੁਸਲਖਾਨੇ ਲੈ ਚਲੋ।'' ੧੮ ਜੂਨ ੧੯੯੯ ਨੂੰ ਤਬੀਅਤ ਜ਼ਿਆਦਾ ਹੀ ਖਰਾਬ ਹੋ ਗਈ। ਡਾਕਟਰਾਂ ਨੇ ਨੱਕ ਰਾਹੀਂ ਗਲੇ ਵਿਚ ਨਾਲੀ ਪਾ ਦਿਤੀ ਤਾਂਕਿ ਖ਼ੁਰਾਕ ਠੀਕ ਤਰ੍ਹਾਂ ਦਿਤੀ ਜਾ ਸਕੇ। ਹੁਣ ਬੋਲਣਾ ਬਹੁਤ ਹੀ ਮੁਸ਼ਕਲ ਹੋ ਗਿਆ। ਪਰ ਸੂਬਾ ਜੀ ਨੇ ਆਪਣੇ ਪਿਆਰੇ ਸਤਿਗੁਰੂ ਜੀ ਨੂੰ ਵਿਸਾਰਿਆ ਨਹੀਂ। ਹਰਵਿੰਦਰ ਸਿੰਘ ਹੰਸਪਾਲ ਜੀ ਜਦੋਂ ਪਤਾ ਲੈਣ ਗਏ, ਤੇ ਸੂਬਾ ਜੀ ਨੇ ਹੱਥ ਜੋੜਕੇ ਬੇਨਤੀ ਕੀਤੀ ਕਿ ''ਜਦੋਂ ਵੀ ਤੁਸੀਂ ਸੱਚੇ ਪਾਤਸਾਹ ਜੀ ਦੇ ਦਰਸ਼ਨ ਕਰੋ। ਮੇਰੇ ਵਲੋਂ ਇਹ ਬੇਨਤੀ ਜ਼ਰੂਰ ਕਰਨੀ ਕਿ ਉਹ ਮੈਨੂੰ ਆਪਣਾ ਬਣਾਈ ਰਖਣ।'' ਸੂਬਾ ਜੀ ਨੇ ਸਤਿਗੁਰੂ ਦੀ ਫ਼ੋਟੋ ਨੂੰ ਆਪਣੇ ਬਿਸਤਰੇ ਦੇ ਇਕ ਪਾਸੇ ਰਖਿਆ ਹੋਇਆ ਸੀ। ਦਿਨ ਵਿਚ ਕਈ ਵਾਰੀ ਉਨ੍ਹਾਂ ਆਪਣੀ ਪੱਗ ਲੈ ਕੇ ਉਸ ਫ਼ੋਟੋ ਨੂੰ ਸਾਫ਼ ਕਰਕੇ ਨਮਸਕਾਰ ਕਰਨੀ।

੨੦ ਜੂਨ ਨੂੰ ਦਿਨੇ ਦਸ ਕੁ ਵਜੇ ਦੇ ਕਰੀਬ ਮਹਾਰਾਜ ਬੀਰ ਸਿੰਘ ਜੀ ਸੂਬਾ ਜੀ ਦਾ ਪਤਾ ਲੈਣ ਆਏ। ਕੋਲ ਬੈਠੇ ਹੋਏ ਘਰ ਦੇ ਪਰਿਵਾਰ ਨੂੰ ਸੂਬਾ ਜੀ ਨੇ ਇਸ਼ਾਰਾ ਕੀਤਾ ਕਿ ਉਨ੍ਹਾ ਦੇ ਸਿਰ ਤੇ ਕਪੜਾ ਦੇਣ। ਸਿਰ ਤੇ ਕਪੜਾ ਲੈ ਕੇ ਤੇ ਪਾਸਾ ਪਰਤਕੇ ਸੂਬਾ ਜੀ ਨੇ ਆਪਣੇ ਦੋਵੇਂ ਹੱਥ ਮੰਜੇ ਤੋਂ ਹੇਠਾਂ ਲਮਕਾ ਕੇ ਮਹਾਰਾਜ ਜੀ ਦੇ ਚਰਨਾਂ ਨੂੰ ਛੂਹਣ ਦੀ ਕੋਸ਼ਿਸ਼ ਕੀਤੀ, ਪਰ ਕਮਜ਼ੋਰ ਹੋਣ ਕਰਕੇ ਉਨ੍ਹਾਂ ਲਈ ਇਹ ਕੰਮ ਕੁਝ ਔਖਾ ਹੀ ਸੀ। ਬੀਬੀ ਬੇਅੰਤ ਕੌਰ ਨੇ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਸੂਬਾ ਜੀ ਤੋਂ ਚਰਨਾਂ ਤੇ ਮੱਥਾ ਟਿਕਾਣ। ਬੇਨਤੀ ਪ੍ਰਵਾਨ ਹੋਈ।



Namdhari Elibrary NamdhariElibrary@gmail.com

ਦੁਪਹਿਰ ਦੇ ਦੋ ਕੁ ਵਜੇ ਦਾ ਸਮਾਂ ਸੀ। ਬੀਬੀ ਬੇਅੰਤ ਕੌਰ ਜੀ ਕੋਲੋਂ ਉਨ੍ਹਾਂ ਦਾ ਕਸ਼ਟ ਵੇਖਿਆ ਨਹੀਂ ਸੀ ਜਾ ਰਿਹਾ। ਮਨ ਉਧੇੜ ਬੁਨ ਕਰ ਰਿਹਾ ਸੀ, ਕਿ ਐਡੀ ਵੱਡੀ ਭਜਨ ਬੰਦਗੀ ਕਰਨ ਵਾਲੀ ਸ਼ਖਸੀਅਤ ਨੂੰ ਐਨਾ ਕਸ਼ਟ ਕਿਉਂ ਹੋ ਰਿਹਾ ਹੈ ? ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਕੋਲੋਂ ਭਜਨ ਪੁਛਿਆ ਹੋਵੇ, ਤੇ ਫਿਰ ਦੇਹ ਨੂੰ ਕਸ਼ਟ, ਤਸੀਹੇ, ਪੀੜਾਂ ਕਿਵੇਂ ? ਸਤਿਗੁਰੂ ਜੀ ਨੇ ਇਸ ਦੇਹ ਨੂੰ ਛੋਹਕੇ ਵਿਸ਼ੇਸ਼ ਕ੍ਰਿਪਾ ਕੀਤੀ ਹੋਈ ਹੈ। ਗੱਲ ਵਿਚ ਨਲੀ ਪਈ ਹੋਣ ਕਰਕੇ ਸੂਬਾ ਜੀ ਬੋਲਣ ਤੋਂ ਅਸਮਰਥ ਸਨ। ਸੁਰਮੁਖ ਸਿੰਘ ਨੇ ਪੁਛਿਆ, "ਸੂਬਾ ਜੀ ਮੈਨੂੰ ਪਛਾਣਦੇ ਹੋ।" ਸਿਰ ਹਿਲਾਕੇ ਸੂਬਾ ਜੀ ਨੇ 'ਹਾਂ' ਵਿਚ ਉਤਰ ਦਿਤਾ। ਉਨ੍ਹਾਂ ਨੇ ਫਿਰ ਸੂਬਾ ਜੀ ਦੇ ਮੋਢਿਆਂ ਤੇ ਹੱਥ ਫੇਰਦਿਆਂ ਆਖਿਆ, "ਸੰਤ ਕੇਸਰ ਸਿੰਘ ਜੀ ਚਵਿੰਡਾ ਵਾਲਿਆਂ ਤੋਂ ਭਜਨ ਪੁਛਿਆ ਹੋਵੇ, ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਥਾਹ ਪਿਆਰ ਪ੍ਰਾਪਤ ਕੀਤਾ ਹੋਵੇ, ਸਤਿਗੁਰੂ ਜਗਜੀਤ ਸਿੰਘ ਜੀ ਦੀ ਵਿਸ਼ੇਸ਼ ਬਖਸ਼ਸ਼ ਪਾਈ ਹੋਵੇ, ਫਿਰ ਭਲਾ ਤੁਹਾਡੀ ਦੇਹ ਨੂੰ ਕਸ਼ਟ ਕਿਵੇਂ ਆ ਸਕਦਾ ਹੈ। ਤੁਹਾਡਾ ਸ਼ਰੀਰ ਬਿਲਕੁਲ ਅਰੋਗ ਹੈ, ਤੁਹਾਨੂੰ ਕੋਈ ਕਸ਼ਟ ਨਹੀਂ।" ਸੂਬਾ ਜੀ ਬੀਬੀ ਜੀ ਦੀਆਂ ਗੱਲਾਂ ਨੂੰ ਬੜੇ ਧਿਆਨ ਨਾਲ ਸੁਣਿਆ। ਤੇ ਬੀਬੀ ਨੇ ਫੇਰ ਆਖਿਆ, "ਤੁਸੀਂ ਮੈਨੂੰ ਸੰਤ ਕੇਸਰ ਸਿੰਘ ਚਵਿੰਡਾ, ਸਤਿਗੁਰੂ ਪ੍ਰਤਾਪ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਦੇ ਬਚਨ, ਇਕ ਵਾਰੀ ਨਹੀਂ ਸੌ ਵਾਰੀ ਸੁਣਾਏ ਹਨ, ਹੁਣ ਮੇਰੀ ਵਾਰੀ ਹੈ, ਮੈਂ ਤੁਹਾਨੂੰ ਉਹਨਾਂ ਦੇ ਬਚਨ ਤੁਹਾਡੇ ਲਫ਼ਜ਼ਾਂ ਵਿਚ ਸੁਣਾ ਰਹੀ ਹਾਂ। ਸੁਣੋਗੇ, ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਦੇ ਬਚਨ ?" ਉਤਰ ਵਿਚ ਸੂਬਾ ਜੀ ਨੇ ਆਪਣੀ ਗਰਦਨ 'ਹਾਂ' ਵਿਚ ਅਗੇ ਵਲ ਨੂੰ ਕੀਤੀ, ਸੂਬਾ ਜੀ ਦੀ ਬਿਰਤੀ ਸੰਤਾਂ ਦੇ, ਸਤਿਗੁਰੂ ਜੀ ਦੇ ਚਰਨਾਂ ਵਿਚ ਜੁੜ ਗਈ। ਸਿਰਫ਼ ਇਕ ਸੁਆਸ ਲੰਬਾ ਜਿਹਾ ਆਇਆ ਤੇ ਆਤਮਾ ਪੰਜ ਭੌਤਿਕ ਸ਼ਰੀਰ ਨੂੰ ਅਲਵਿਦਾ ਕਹਿ ਗਈ।

ਇਕ ਪਲ ਵਿਚ ਇਹ ਸ਼ਰੀਰਕ ਓਹਲਾ ਕਿੰਨਾ ਸਹਿਜ, ਕਿੰਨਾ ਆਸਾਨ। ਉਹ ਮੌਤ ਜਿਸਦੀ ਭਿਅੰਕਰਤਾ ਬਾਰੇ ਬਹੁਤ ਕੁਝ ਸੁਣ ਰਖਿਆ ਸੀ, ਇਥੇ ਤਾਂ ਉਸਦਾ ਕੋਈ ਆਸਾਰ ਨਹੀਂ ਸੀ। ੭ ਹਾੜ ੨੦੪੬ ਬਿ: (੨੦-੬ ੮੯) ਦਿਨ ਮੰਗਲਵਾਰ ਨੂੰ ਆਪਣੇ ਨਿਵਾਸ ਸਥਾਨ ਏ-੩੦ ਵਿਚ ਸੂਬਾ ਜੀ ਦੇ ਪ੍ਰਾਣ ਪੰਖੇਰੂ ਅਡੋਲ ਹੀ ਉਡਕੇ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ।

੨੧ ਜੂਨ ਨੂੰ ਪੰਜਾਬੀ ਬਾਗ ਵਿਖੇ ਨਾਮਧਾਰੀ ਸਾਧ-ਸੰਗਤ, ਤੇ ਮਹਾਰਾਜ ਬੀਰ ਸਿੰਘ ਜੀ ਦੀ ਹਜ਼ੂਰੀ ਵਿਚ ਸਸਕਾਰ ਕੀਤਾ ਗਿਆ। ਅੰਤਿਮ ਭੋਗ ੨੧ ਹਾੜ ੨੦੪੬ (੪-੭-੮੯) ਮੰਗਲਵਾਰ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਪਾਇਆ ਗਿਆ।



Namdhari Elibrary NamdhariElibrary@gmail.com

ਸੰਤ ਹਰਭਜਨ ਸਿੰਘ ਜੀ ਨੇ "ਆਗੇ ਖਾਟ ਚਲਹੁ ਹਰਿ ਲਾਹਾ" ਸ਼ਬਦ ਪੜ੍ਹਕੇ ਅਨਗਿਣਤ ਸਰੋਤਿਆਂ ਦੇ ਦਿਲਾਂ ਨੂੰ ਵੈਰਾਗਮਈ ਕਰ ਦਿਤਾ। 'ਸ੍ਰੀ ਹਰਵਿੰਦਰ ਸਿੰਘ ਹੰਸਪਾਲ' ਨੇ ਸੂਬਾ ਜੀ ਦਾ ਸਤਿਗੁਰੂ ਜੀ ਦੇ ਚਰਨਾਂ ਨਾਲ ਅਥਾਹ ਪਿਆਰ ਬਾਰੇ ਵਿਚਾਰ ਪ੍ਰਗਟ ਕੀਤੇ। ਸਤਿਗੁਰੂ ਜੀ ਨੇ ਵਿਸ਼ੇਸ਼ ਕ੍ਰਿਪਾ ਕੀਤੀ ਤੇ ਫੁਰਮਾਇਆ, "ਜਿਥੇ ਸੂਬਾ ਜੀ ਗਏ ਹਨ, ਸਾਰੇ ਜਣੇ ਉਨ੍ਹਾਂ ਵਾਂਗ ਉਥੇ ਜਾਣ ਦਾ ਰਾਹ ਉਨ੍ਹਾਂ ਕੋਲੋਂ ਸਿਖੋ", ਤੇ ਸਭ ਉਪਸਥਿਤ ਸਾਧ-ਸੰਗਤ ਨੂੰ ਪ੍ਰੇਰਣਾ ਦਿਤੀ ਕਿ ਦੋ ਘੰਟੇ ਸਵੇਰੇ, ਦੋ ਘੰਟੇ ਸ਼ਾਮ ਨਿਤਨੇਮ ਕਰਕੇ ਆਪਣਾ ਅੱਗਾ ਸਵਾਰੋ। ਦੂਰ ਜਿਧਰ ਵੀ ਨਜ਼ਰ ਜਾਂਦੀ, ਨਾਮਧਾਰੀ ਸਾਧ-ਸੰਗਤ ਦੇ ਦਰਸ਼ਨ, ਇਕ ਤਿਲ ਭਰ ਸੁੱਟਣ ਦੀ ਥਾਂ ਨਹੀਂ ਸੀ। ਕਿਉਂਕਿ......

ਪਾਰਬ੍ਰਹਮ ਪਰਮੇਸਰ ਮਾਧੋ,
ਪਰਮ ਹੰਸੁ ਲੇ ਸਿਧਾਨਾ ॥
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਆਪਨਾ ॥
ਚਲਤੇ ਰਾਖਿਓ ਚੀਤਿ ॥



Namdhari Elibrary NamdhariElibrary@gmail.com

# ਅੰਤਿਕਾ

ਪੰਜ ਫੁੱਟ, ਦੁਬਲਾ-ਪਤਲਾ ਸ਼ਰੀਰ, ਗੋਲ ਚਿਹਰਾ ਤੇ ਚਿਹਰੇ ਤੇ ਨੂਰ ਤੇ ਅੱਖਾਂ ਤੇ ਮੋਟੇ-ਮੋਟੇ ਸ਼ੀਸ਼ੇ,ਰਸਨਾ ਤੇ ਹਰ ਵੇਲੇ ਨਾਮ,ਪੂਰਨ ਨਾਮਧਾਰੀ ਪਹਿਰਾਵਾ,ਬਾਣੀ ਵਿਚ ਮਿਠਾਸ ਤੇ ਸਤਿਕਾਰ, ਇਹ ਸਨ ਸੂਬਾ ਗੰਡਾ ਸਿੰਘ ਜੀ ਦਿੱਲੀ। ਸੂਬਾ ਜੀ ਦਾ ਜੀਵਨ ਨਾਮਧਾਰੀ ਸਮਾਜ ਲਈ ਪੂਰਨ ਰੂਪ ਵਿਚ ਅਰਪਿਤ ਸੀ। ਆਪ ਨੇ ਸਤਿਗੁਰੂ ਜੀ ਦੀ ਸੇਵਾ ਤੇ ਹੁਕਮਾਂ ਦੀ ਪਾਲਨਾ ਕਰਨਾ, ਉਨ੍ਹਾਂ ਦੇ ਜੀਵਨ ਦਾ ਮਨੋਰਥ ਸੀ। ਉਨ੍ਹਾਂ ਨੇ ਨਾਮਧਾਰੀ ਪੰਥ ਵਾਸਤੇ ਅਨੇਕਾਂ ਹੀ ਘਾਲਣਾ ਘਾਲੀਆਂ। ਇਸ ਕਰਕੇ ਉਹ ਸਾਰੇ ਨਾਮਧਾਰੀ ਜਗਤ ਵਿਚ ਪ੍ਰਸਿੱਧ ਹੋ ਗਏ।

੧੯੯੫ ਦੇ ਹੋਲੇ-ਮਹੱਲੇ ਤੇ ਨਾਮਧਾਰੀ ਪੰਥ ਦੀਆਂ ਕੁਝ ਵਿਸ਼ੇਸ਼ ਹਸਤੀਆਂ ਨੂੰ ਸਨਮਾਨਿਤ ਕਰਨ ਦਾ ਸਿਲਸਿਲਾ ਸ਼ੁਰੂ ਹੋਇਆ। ਮਾਸਟਰ ਅਨੋਤਾ ਸਿੰਘ ਜੀ ਤੇ ਮਾਸਟਰ ਨਿਹਾਲ ਸਿੰਘ ਜੀ ਨੂੰ ਪੰਥ ਰਤਨ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ੧੯੯੬ ਦੇ ਹੋਲੇ ਤੇ ਸੂਬਾ ਗੰਡਾ ਸਿੰਘ ਜੀ ਤੇ ਵਰਿਆਮ ਸਿੰਘ ਜੀ ਮੁਸੱਵਰ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਪੰਥ ਲਈ ਕੀਤੀ ਗਈ ਅਣ-ਥੱਕ ਸੇਵਾ ਤੇ ਘਾਲਣਾ ਸਦਕਾ ਪੰਥ ਰਤਨ ਦੀ ਉਪਾਧੀ ਨਾਲ ਸਨਮਾਨਿਤ-ਕੀਤਾ।

ਸੂਬਾ ਜੀ ਨੇ ਅੰਮ੍ਰਿਤ ਵੇਲੇ ਉਠਕੇ ਸਣੇ-ਕੇਸੀ ਇਸ਼ਨਾਨ ਕਰਨਾ ਤੇ ਫਿਰ ਨਾਮ ਸਿਮਰਨ ਵਿਚ ਜੁੱਟ ਜਾਣਾ। ਸੂਰਜ ਦੀ ਟਿੱਕੀ ਨਾਲ ਚੰਡੀ ਦੀ ਵਾਰ ਦੇ ਪਾਠ ਦਾ ਭੋਗ ਪਾਣਾ, ਤੇ ਫਿਰ ਜਪੁਜੀ ਸਾਹਿਬ, ਆਸਾ ਦੀ ਵਾਰ ਤੇ ਸੁਖਮਣੀ ਸਾਹਿਬ ਦਾ ਪਾਠ ਕਰਨਾ। ਬਿਰਧਾਵਸਥਾ ਵਿਚ ਵੀ ਅੱਖਾਂ ਤੇ ਮੋਟੇ-ਮੋਟ ਸ਼ੀਸ਼ੇ ਲਗਾਕੇ, ਪਾਠ ਕਰਨ ਵਿਚ ਰਤੀ ਭਰ ਵੀ ਢਿੱਲ ਨਾ ਆਉਣ ਦਿਤੀ। ਭਾਈ ਬਾਲੇ ਵਾਲੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਪੜ੍ਹਨ ਦਾ ਸ਼ੌਕ ਅਖੀਰ ਤਕ ਬਣਿਆ ਰਿਹਾ। ਸ਼ਾਮ ਨੂੰ ਫਿਰ ਨਿਤਨੇਮ ਕਰਨਾ। ਹੱਥਾਂ ਵਿਚ ਮਾਲਾ ਰਸਨਾ ਤੇ ਨਾਮ। ਉਨ੍ਹਾਂ ਦੇ ਨਾਲ-ਨਾਲ ਉਨ੍ਹਾਂ ਦੀ ਮਾਲਾ ਵੀ ਬਿਰਧ ਹੋ ਚੁਕੀ ਸੀ, ਤੇ ਉਸ ਮਾਲਾ ਨੂੰ ਉਨ੍ਹਾਂ ਦੇ ਪੋਤਰੇ ਸ: ਸੁਰਮੁਖ ਸਿੰਘ ਜੀ ਨੇ ਉਨ੍ਹਾਂ ਦੀ ਯਾਦ ਵਜੋਂ ਆਪਣੇ ਕੋਲ ਸੰਭਾਲ ਕੇ ਰਖ ਲਿਆ ਤੇ ਜਦੋਂ ਕਦੇ ਸੁਰਮੁਖ ਸਿੰਘ ਨੂੰ ਆਪਣੇ ਪਿਆਰੇ ਦਾਦਾ ਜੀ ਦੀ ਯਾਦ ਆਉਂਦੀ ਹੈ, ਮਾਲਾ ਕੱਢਕੇ ਨਾਮ ਸਿਮਰਨ ਕਰ ਲੈਂਦਾ ਹੈ।



Namdhari Elibrary NamdhariElibrary@gmail.com

ਨਾਮਧਾਰੀ ਨਿਤਨੇਮ ਦੇ ਵੱਡੇ ਗੁਟਕੇ ਨੂੰ ਛਪਵਾਇਆ। ਉਨ੍ਹਾਂ ਵਿਚੋਂ ਕੁਝ ਬਾਣੀਆਂ ਦੇ ਪੰਨੇ ਵਾਧੂ ਬਚ ਗਏ। ਸੂਬਾ ਜੀ ਨੇ ਜਿਹੜੇ ਪੰਨੇ ਘੱਟ ਹੁੰਦੇ, ਉਨ੍ਹਾਂ ਨੂੰ ਜਾਂ ਤੇ ਆਪਣੇ ਹੱਥਾਂ ਨਾਲ ਸੁੰਦਰ ਲਿਖਾਈ ਵਿਚ ਲਿਖ ਲੈਣਾ ਜਾਂ ਸ. ਤੇਜਵੀਰ ਸਿੰਘ ਕੋਲੋਂ ਫੋਟੋਸਟੇਟ ਕਰਵਾਕੇ, ਵੱਖ-ਵੱਖ ਬਾਣੀਆਂ ਨੂੰ ਪੂਰਿਆਂ ਕਰਕੇ ਛਪਵਾ ਦੇਣਾ, ਤਾਂਕਿ ਵੱਧ ਤੋਂ ਵੱਧ ਲੋਕ ਇਸ ਦਾ ਪਾਠ ਕਰ ਸਕਣ। ਗੁਟਕਿਆਂ ਦੀ ਸੇਵਾ ਵਿਚ ਲਗਕੇ ਖਾਣਾ ਪੀਣਾ ਵੀ ਯਾਦ ਨਾ ਰਹਿੰਦਾ, ਕਿਉਂਕਿ ਬਚਪਨ ਤੋਂ ਹੀ ਸਖਤ ਮਿਹਨਤ ਕਰਨ ਦੀ ਆਦਤ ਬਣੀ ਹੋਈ ਸੀ। ਸੂਬਾ ਜੀ ਕਦੇ ਵਿਹਲੇ ਨਾ ਬੈਠਦੇ, ਕੁਝ ਨਾ ਕੁਝ ਕਰਦਿਆਂ ਹੋਇਆਂ ਆਪਣੇ ਸਮੇਂ ਦਾ ਸਦ-ਉਪਯੋਗ ਕਰਦੇ। ਸੂਬਾ ਜੀ ਨੇ ਸ਼ਹੀਦੀਆਂ ਤੇ ਸ੍ਰੀ ਭੈਣੀ ਸਾਹਿਬ ਲਈ ਲੰਗਰ ਦੀ ਮਾਇਆ ਇਕੱਤ੍ਰ ਕਰਨ ਦੀ ਜ਼ਿੰਮੇਵਾਰੀ ਸੰਭਾਲੀ ਹੋਈ ਸੀ। ਇਹ ਕੰਮ ਬੜੇ ਸੁਚਾਰੂ ਢੰਗ ਨਾਲ ਕਰਨਾ। ਰਸੀਦਾਂ ਕਟਕੇ, ਵੱਖ-ਵੱਖ ਮਾਇਆ ਦਾ ਜੋੜ ਹਿਸਾਬ ਰਖਣਾ ਤੇ ਜਦੋਂ ਸਤਿਗੁਰੂ ਜੀ ਜਾਂ ਮਹਾਰਾਜ ਬੀਰ ਸਿੰਘ ਜੀ ਦਰਸ਼ਨ ਦਿੰਦੇ, ਉਨ੍ਹਾਂ ਦੇ ਚਰਨਾਂ ਵਿਚ ਸ਼ਹੀਦੀਆਂ ਤੇ ਲੰਗਰ ਦੀ ਮਾਇਆ ਭੇਟ ਕਰ ਦੇਣੀ।

ਉਸ ਮਾਇਆ ਨੂੰ ਕਪੜੇ ਦੀ ਗੁੱਥੀ ਵਿਚ ਪਾਕੇ ਇਕ ਪਾਸੇ ਰਖ ਦੇਣੀ ਤੇ ਕਹਿਣਾ ਕਿ ਇਹ ਮਾਇਆ ਸ਼ਹੀਦਾਂ ਤੇ ਲੰਗਰ ਲਈ ਹੋਣ ਕਰਕੇ ਬੜੀ ਕਰੜੀ ਹੈ, ਇਹ ਕਦੇ ਗਵਾਚ ਨਹੀਂ ਸਕਦੀ। ਸ਼ਹੀਦ ਆਪੇ ਹੀ ਇਸ ਦੀ ਸੰਭਾਲ ਕਰਦੇ ਹਨ।

ਸੂਬਾ ਜੀ ਨੇ ਮਾਇਆ ਦੀ ਕਦੇ ਫਜ਼ੂਲ ਵਰਤੋਂ ਨਹੀਂ ਕਰਨੀ। ਉਸਦਾ ਹਮੇਸ਼ਾਂ ਸਦਉਪਯੋਗ ਕਰਨਾ। ਸ੍ਰੀ ਭੈਣੀ ਸਾਹਿਬ ਵਿਖੇ ਸਾਲ ਵਿਚ ਇਕ ਦੋ ਵਾਰੀ ਲੰਗਰ ਕਰਵਾਕੇ, ਉਸਦੀ ਠੀਕ ਵਰਤੋਂ ਕਰਨੀ।

ਸੂਬਾ ਜੀ ਨੇ ਸਾਰੀ ਆਯੂ ਸਤਿਗੁਰੂ ਜੀ ਦੇ ਚਰਨ ਸੇਵਕ ਬਣਕੇ ਗੁਜ਼ਾਰੀ। ਸਤਿਗੁਰੂ ਜੀ ਦੇ ਦਸੇ ਰਾਹਾਂ ਤੇ ਚਲਕੇ ਆਪਣੇ ਜਨਮ ਨੂੰ ਸਫਲ ਕੀਤਾ। ਸਤਿ-ਗੁਰੂ ਜੀ ਦੇ ਹੁਕਮ ਦੀ ਪਾਲਣਾ ਆਪ ਵੀ ਕਰਨੀ ਤੇ ਦੂਸਰਿਆਂ ਨੂੰ ਵੀ ਪਾਲਣਾ ਕਰਨ ਲਈ ਪ੍ਰੇਰਿਤ ਕਰਨਾ। ਜਿਥੇ ਵੇਖਣਾ ਕਿ ਸਤਿਗੁਰੂ ਜੀ ਦੇ ਆਦਰਸ਼ਾਂ ਦਾ ਪਾਲਣ ਨਹੀਂ ਹੋ ਰਿਹਾ, ਉਸਨੂੰ ਪਹਿਲਾਂ ਤਾਂ ਸਮਝਾਣਾ, ਅਗਰ ਸਮਝਾਣ ਵਿਚ ਸਫਲ ਨਹੀਂ ਹੋਏ ਤਾਂ ਉਸ ਦੇ ਘਰ ਨਹੀਂ ਜਾਣਾ, ਭਾਵੇਂ ਉਹ ਸਕੇ ਸੰਬਧੀ ਹੀ ਕਿਉਂ ਨਾ ਹੋਣ।

ਸੂਬਾ ਜੀ ਨੂੰ ਸਤਿਗੁਰੂ ਜੀ ਦੇ ਬਚਨ ਕਰਨ ਜਾਂ ਸੁਣਨ ਦਾ ਬਹੁਤ ਹੀ ਸ਼ੌਕ ਸੀ। ਜਦੋਂ ਕਦੇ ਕੋਈ ਵੀ ਸੂਬਾ ਜੀ ਨੂੰ ਮਿਲਣ ਆਉਂਦਾ, ਸਤਿਗੁਰੂ ਪ੍ਰਤਾਪ



Namdhari Elibrary NamdhariElibrary@gmail.com

ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਤੇ ਸੰਤ ਕੇਸਰ ਸਿੰਘ ਜੀ ਚਵਿੰਡਾ ਦੀਆਂ ਸਾਖੀਆਂ ਦਾ ਪ੍ਰਵਾਹ ਸ਼ੁਰੂ ਹੋ ਜਾਂਦਾ। ਬੀਮਾਰ ਹੋਣ ਤੇ ਜਦੋਂ ਕੁਝ ਮਾਈਆਂ, ਬੀਬੀਆਂ ਕੋਲ ਬਹਿਕੇ ਗੱਲਾਂ ਕਰਦੀਆਂ, ਉਸ ਵੇਲੇ ਝੱਟ ਕਹਿੰਦੇ, "ਬੀਬੀਓ, ਸਤਿਗੁਰੂ ਜੀ ਦੇ ਬਚਨ ਕਰੋ ਤੇ ਮੈਨੂੰ ਵੀ ਸੁਣਾਓ, ਨਹੀਂ ਤੇ ਬਾਹਿਰ ਜਾਕੇ ਗੱਲਾਂ ਕਰੋ।"

ਸੂਬਾ ਜੀ ਸਰਬ ਸੰਤੋਖ ਧੀਰਜ ਦੀ ਪ੍ਰਤਿਮਾ ਸਨ। ਉਹ ਆਪ ਵੀ ਹਮੇਸ਼ਾਂ ਖੁਸ਼ ਰਹਿੰਦੇ ਤੇ ਦੂਸਰਿਆਂ ਨੂੰ ਖੁਸ਼ ਰਖਣ ਦਾ ਯਤਨ ਕਰਦੇ। ਆਮ ਤੌਰ ਤੇ ਵੇਖਿਆ ਗਿਆ ਹੈ, ਕਿ ਬੁਢਾਪੇ ਵਿਚ ਸੁਭਾਵ ਚਿੜ-ਚਿੜਾ ਹੋ ਜਾਂਦਾ ਹੈ, ਪਰ ਸੂਬਾ ਜੀ ਹਮੇਸ਼ਾਂ ਖਿੜੇ-ਖਿੜੇ ਰਹਿੰਦੇ। ਵਡੇਰੀ ਉਮਰ ਹੋਣ ਕਰਕੇ ਸਰੀਰ ਭਾਵੇਂ ਬਹੁਤ ਨਿਰਬਲ ਤੇ ਢਿੱਲਾ ਹੋ ਗਿਆ ਸੀ।

ਹੱਸਣਾ ਤੇ ਕਹਿਣਾ ਹੁਣ ਸਰੀਰ ਦੇ ਸਾਰੇ ਅੰਗ ਇਕ-ਇਕ ਜੁਆਬ ਦੇ ਰਹੇ ਹਨ। ਕੰਨ ਉੱਚਾ ਸੁਣਦੇ ਹਨ, ਗਲੇ ਵਿਚੋਂ ਬੋਲ ਸਪਸ਼ਟ ਨਹੀਂ, ਅੱਖਾਂ ਚੰਗੀ ਤਰ੍ਹਾਂ ਵੇਖ ਨਹੀਂ ਸਕਦੀਆਂ ਤੇ ਫਿਰ ਫਰੀਦ ਜੀ ਦੀਆਂ ਤੁਕਾਂ ਪੜ੍ਹਨੀਆਂ :

"ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥
ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥੭੭॥

ਸੂਬਾ ਜੀ "ਅਲਪ ਅਹਾਰ ਸੁਲਪ ਸੀ ਨਿੰਦ੍ਰਾ" ਅਨੁਸਾਰ ਅਲਪ ਅਹਾਰ ਕਰਦੇ ਤੇ ਜਿੰਨਾ ਕੁ ਸ਼ਰੀਰ ਨੂੰ ਥੋੜੀ ਜਿਹਾ ਲੋੜ ਹੁੰਦੀ, ਖਾ ਕੇ ਤ੍ਰਿਪਤ ਹੋ ਜਾਂਦੇ। ਉੱਨਾ ਹੀ ਖਾਣਾ, ਜਿਸਦੇ ਨਾਲ ਸ਼ਰੀਰ ਚਲ ਫਿਰ ਸਕੇ। ਸਵਾਦਿਸ਼ਟ ਪਕਵਾਨ ਖਾਣ ਦਾ ਬਿਲਕੁਲ ਸ਼ੌਕ ਨਹੀਂ ਸੀ।

ਸੂਬਾ ਜੀ ਕਦੇ ਵੀ ਕਿਸੇ ਨੂੰ ਕੜਵਾ ਬਚਨ ਨਹੀਂ ਸਨ ਬੋਲਦੇ। ਬੜੇ ਮਿਠਾਸ ਨਾਲ ਬਚਨ ਕਰਦੇ। ਉਮਰ ਵਿਚ ਭਾਵੇਂ ਕੋਈ ਕਿੰਨਾ ਵੀ ਛੋਟਾ ਹੁੰਦਾ, ਉਸਨੂੰ ਜੀ ਕਰਕੇ ਬੁਲਾਂਦੇ।

ਨਾਮਧਾਰੀ ਅਸੂਲਾਂ ਅਨੁਸਾਰ ਆਪਣੇ ਜੀਵਨ ਨੂੰ ਪੂਰਨ ਰੂਪ ਵਿਚ ਢਾਲਿਆ ਹੋਇਆ ਸੀ। ਜਿਸ ਦਿਨ ਘਰ ਵਿਚ ਕਿਸੇ ਵੀ ਬੱਚੇ ਦਾ ਆਨੰਦ ਕਾਰਜ ਹੋਣਾ, ਉਸਦੇ ਘਰੋਂ ਪਾਣੀ ਤਕ ਵੀ ਨਹੀਂ ਪੀਣਾ, ਭਾਵੇਂ ਉਹ ਸੂਬਾ ਜੀ ਦਾ ਆਪਣਾ ਸਗਾ-ਸੰਬੰਧੀ ਹੀ ਕਿਉਂ ਨਾ ਹੋਵੇ।

ਸੂਬਾ ਜੀ ਆਪਣੇ ਹਿਸਾਬ ਕਿਤਾਬ ਵਿਚ ਪੂਰਨ ਰੂਪ ਵਿਚ ਸਪਸ਼ਟ ਸਨ। ਜੇਕਰ ਕਦੇ ਕਿਸੇ ਨੂੰ ਕਦੇ ਉਧਾਰ ਦੇਣ ਦੀ ਲੋੜ ਪੈ ਜਾਂਦੀ ਤਾਂ ਆਪਣੇ ਮਨ ਵਿਚ ਇਹ ਸੋਚਕੇ ਦਿੰਦੇ ਕਿ ਇਹ ਮਾਇਆ ਹਮੇਸ਼ਾਂ ਵਾਸਤੇ ਦੇਣ ਵਾਲੇ ਨੂੰ ਦੇ



Namdhari Elibrary NamdhariElibrary@gmail.com

ਦਿਤੀ ਹੈ। ਉਸ ਕੋਲੋਂ ਮੰਗਣਾ ਨਹੀਂ। ਜੇਕਰ ਉਹ ਵਾਪਸ ਦੇ ਦੇਵੇ, ਤਾਂ ਇਹ ਸੋਚਕੇ ਕਿ ਉਸਨੂੰ ਦਾਨ ਦੇ ਦਿਤਾ ਹੈ, ਕਦੇ ਵਾਪਸ ਨਹੀਂ ਮੰਗਣਾ, ਕਿਉਂਕਿ ਉਨ੍ਹਾਂ ਨੇ ਸੰਤ ਕੇਸਰ ਸਿੰਘ ਜੀ ਚਵਿੰਡਾ ਦਾ ਬਚਨ ਪੱਲੇ ਬੰਨ੍ਹਿਆ ਹੋਇਆ ਸੀ ਸੰਤ ਜੀ ਬਚਨ ਕਰਦੇ ਕਿ ਜੇਕਰ ਉਧਾਰ ਦੀ ਮਾਇਆ ਵਾਪਸ ਨਾ ਦਿਤੀ ਜਾਵੇ, ਤਾਂ ਉਧਾਰ ਦੇਣ ਤੇ ਲੈਣ ਵਾਲੇ ਦੋਹਾਂ ਨੂੰ ਹਿਸਾਬ-ਕਿਤਾਬ ਸਾਫ਼ ਕਰਨ ਲਈ ਫਿਰ ਜਨਮ ਲੈਣਾ ਪੈਂਦਾ ਹੈ, ਇਸ ਲਈ ਜਦੋਂ ਵੀ ਕਿਸੇ ਨੂੰ ਉਧਾਰ ਦੇਵੋ, ਵਾਪਸ ਲੈਣ ਦੀ ਆਸ਼ੇ ਨਾਲ ਨਾ ਦਿਓ। ਇਹ ਸੋਚਕੇ ਦਿਓ ਜੇਕਰ ਇਸਨੇ ਵਾਪਸ ਨਹੀਂ ਦਿਤਾ, ਤਾਂ ਇਸਨੂੰ ਦਾਨ ਦੇ ਦਿਤਾ ਹੈ।

ਦਿਨ ਦੇਖ ਕਈ-ਕਈ ਵਾਰ ਸਤਿਗੁਰੂ ਪ੍ਰਤਾਪ ਸਿੰਘ ਜੀ, ਸੰਤ ਕੇਸਰ ਸਿੰਘ ਜੀ ਚਵਿੰਡਾ ਦੇ ਬਚਨ ਕਰਨੇ ਤੇ ਵੈਰਾਗਮਈ ਅਵਸਥਾ ਵਿਚ ਪਹੁੰਚ ਜਾਣਾ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਚਨ ਕਰਨਾ, "ਮਿਸਤ੍ਰੀ ਜੀ, ਸਾਡਾ ਜੀ ਕਰਦਾ ਹੈ, ਕਿ ਅਸੀਂ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰੀਏ ਤੇ ਤੁਹਾਨੂੰ ਵੀ ਕਰਵਾਈਏ", ਸਤਿਗੁਰੂ ਜੀ ਨੇ ਬਚਨ ਕਰਨੇ ਤੇ ਫਿਰ ਕਹਿਣਾ, "ਸਤਿਗੁਰੂ ਜੀ ਕਰਨ-ਕਾਰਨ ਸਮਰਥ ਹਨ, ਸਤਿਗੁਰੂ ਨਿਹਕਲੰਕ ਹੈ, ਸਤਿਗੁਰੂ ਮੌਜ ਦਾ ਮਾਲਿਕ ਹੈ, ਜੋ ਚਾਹੇ ਸੋ ਕਰੇ।"

ਸੂਬਾ ਜੀ ਨੇ ਅਜ ਦਾ ਕੰਮ ਕਲ ਤੇ ਨਹੀਂ ਛੱਡਣਾ। ਜੇਕਰ ਕਿਸੇ ਨੂੰ ਕੰਮ ਲਈ ਕਹਿਣਾ ਤੇ ਕਦੇ ਕਿਸੇ ਨੇ ਟਾਲ-ਮਟੋਲ ਕਰਨਾ, ਉਸੇ ਵੇਲੇ ਸੂਬਾ ਜੀ ਨੇ ਉਸਨੂੰ ਤਾੜਨਾ ਕਰਨੀ ਕਿ ਕਲ ਤੇ ਕੰਮ ਛਡਣਾ ਚਗਾ ਨਹੀਂ।

ਇਕ ਦਿਨ ਸੂਬਾ ਜੀ ਬੜੇ ਵੈਰਾਗਮਈ ਅਵਸਥਾ ਵਿਚ ਬੈਠੇ ਸਨ। ਧਾਰਮਕ ਪੱਖ ਦੀਆਂ ਕੁਝ ਗੁੱਝੀਆਂ ਗੱਲਾਂ ਆਪਣੀ ਛੋਟੀ ਲੜਕੀ ਨਾਲ ਕਰ ਲੈਂਦੇ ਸਨ। ਉਸਦੇ ਪੁਛਣ ਤੇ ਕਹਿਣ ਲਗੇ, "ਅਜ ਮੈਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਖਿਆਤ ਦਰਸ਼ਨ ਦਿਤੇ ਹਨ। ਦੋ ਘੰਟੇ ਮੇਰੇ ਕੋਲ ਬੈਠੇ ਰਹੇ ਹਨ ਤੇ ਅਨੇਕਾਂ ਹੀ ਬਚਨ ਕੀਤੇ ਹਨ, ਉਨ੍ਹਾਂ ਬਚਨਾਂ ਦਾ ਸੁਆਦ ਮੈਨੂੰ ਹਲਾਂ ਤਕ ਆ ਰਿਹਾ ਹੈ।" ਬਚਨ ਕਰਦਿਆਂ-ਕਰਦਿਆਂ ਸੂਬਾ ਜੀ ਦੇ ਨੇਤਰਾਂ ਵਿਚ ਪਿਆਰ ਦੇ ਅੱਥਰੂ ਵਗ ਰਹੇ ਸਨ।

Namdhari Elibrary NamdhariElibrary@gmail.com

ਕੁਝ ਵਿਸ਼ੇਸ਼ ਪਾਤਰ ਜਿਨ੍ਹਾਂ ਨੂੰ ਸੂਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਸੀ



ਸੂਬਾ ਜੀ ਦੀ ਧਰਮ ਸੁਪਤਨੀ ਸ੍ਰੀਮਤੀ ਕੇਸਰ ਕੌਰ

Namdhari Elibrary NamdhariElibrary@gmail.com



ਬੀਬੀ ਪਿਆਰ ਕੌਰ

(ਜਿਨ੍ਹਾਂ ਤੇ ਸੰਤ ਕੇਸਰ ਸਿੰਘ ਜੀ ਦੀ ਅਪਾਰ ਬਖਸ਼ਿਸ਼ ਸੀ)

Namdhari Elibrary NamdhariElibrary@gmail.com



ਸੂਬਾ ਹੀਰਾ ਸਿੰਘ ਜੀ



ਸ. ਹਰੀ ਸਿੰਘ ਜੀ (ਸੂਬਾ ਜੀ ਦੇ ਵਡੇ ਭਰਾ)

Namdhari Elibrary NamdhariElibrary@gmail.com



ਸ. ਹਰਨਾਮ ਸਿੰਘ (ਸੂਬਾ ਜੀ ਦੇ ਛੋਟੇ ਭਰਾ)



ਸ. ਹਜ਼ੂਰ ਸਿੰਘ (ਸੂਬਾ ਜੀ ਦੇ ਛੋਟੇ ਭਰਾ)

Namdhari Elibrary NamdhariElibrary@gmail.com



ਸ. ਹਰਦਰਸ਼ਨ ਸਿੰਘ



ਸ. ਬੇਅੰਤ ਸਿੰਘ



ਸ. ਜਸਵੰਤ ਸਿੰਘ



ਸ. ਗੁਰਮੁਖ ਸਿੰਘ

Namdhari Elibrary NamdhariElibrary@gmail.com



ਸੂਬਾ ਜੀ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਵਿਖੇ ਸਤਿਗੁਰ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ

Namdhari Elibrary NamdhariElibrary@gmail.com



ਸੂਬਾ ਜੀ ਅਪਨੀ ਸਪੁੱਤ੍ਰੀ ਬੀਬੀ ਬੇਅੰਤ ਕੋਰ ਦੇ ਗ੍ਰਿਹ ਵਿਖੇ ਸਤਿਗੁਰੂ ਜੀ ਦੀਆ ਅਪਾਰ ਖੁਸ਼ੀਆਂ ਦੇ ਪਾਤਰ

Namdhari Elibrary NamdhariElibrary@gmail.com



ਨਾਮਧਾਰੀ ਧਰਮਸ਼ਾਲਾਂ ਰਮੇਸ਼ ਨਗਰ ਵਿਖੇ ਸੂਬਾ ਬਨਣ ਤੇ ਸਤਿਕਾਰ ਪ੍ਰਾਪਤ ਕਰਦੇ ਹੋਏ

Namdhari Elibrary NamdhariElibrary@gmail.com



ਸੂਬਾ ਜੀ ਆਪਣੇ ਚਾਰ ਪੁੱਤਰਾਂ ਨਾਲ

Namdhari Elibrary NamdhariElibrary@gmail.com



ਸ. ਸੰਤ ਸਿੰਘ



ਬੀਬੀ ਬੇਅੰਤ ਕੌਰ



ਸ. ਪਰਮਵੀਰ ਸਿੰਘ



ਸ. ਤੇਜਵੀਰ ਸਿੰਘ

Namdhari Elibrary NamdhariElibrary@gmail.com



ਸ. ਸੰਤੋਖ ਸਿੰਘ



ਬੀਬੀ ਸਤਵੰਤ ਕੌਰ



ਸ. ਸੁਰਮੁਖ ਸਿੰਘ



ਸ. ਪ੍ਰੇਮ ਸਿੰਘ

Namdhari Elibrary NamdhariElibrary@gmail.com



ਸ. ਜਸਵਿੰਦਰ ਸਿੰਘ



ਪਰਮਜੀਤ ਸਿੰਘ (ਕਮਰਸ਼ੀਅਲ ਆਰਟਿਸਟ)

Namdhari Elibrary NamdhariElibrary@gmail.com

## ਸੂਬਾ ਜੀ ਦੀ ਹਸਤ-ਲਿਪੀ

੧ੴ ਸ੍ਰੀ ਸਤਗੁਰੂ ਰਾਮ ਸਿੰਘ ਸਹਾਏ

੨੦

ਪਿਆਰੇ ਸਤਗੁਰੂ ਜੀ ਆਪ ਜੀ ਦੇ ਪਵਿੱਤਰ ਚਰਨਾਂ ਤੇ ਦੋਵੇਂ ਹਥ ਜੋੜ ਕੇ ਨਮਸਕਾਰ
ਬੇਨਤੀ ਹੈ ਤਉ ਪੈਲੇ ਸਤਗੁਰੂ ਤੇਰੇ ਪਰਤਾਪ ਵਾਲੇ ਸਤਗੁਰੂ ਪਰਤਾਪ ਸਿੰਘ ਜੀ
ਬਚਨ ਸੁਣਾਏ ਸਾ ਏਆ॥ ਇਕ ਦਿਨ ਗੁਰਸਿੰਘ ਵਾਲੇ ਤਾਰ ਵੇਲਨ ਵਾਲੀ ਸੜਕ
ਤੇ ਮੈਂ ਦਰਸ ਕਰਾਇਆ। ਜੀ ਤੇ ਮਹਾਰਾਜ ਜੀ ਘਰ ਫੇਰਾ ਕਰਾਇਆ। ਇਕ
ਆ ਗਈ ਸਤਗੁਰੂ ਉਸੇ ਵੇਲੇ ਪਰਤਖ ਦਰਸ਼ਨ ਦੇ ਕੇ ਆਪਣਾ ਹਥ ਮਾਰ
ਕੇ ਸਾਰੀ ਰਕੀ ਬਾਰਸ਼ਾਂ ਕਢ ਕੇ ਗਿਆ। ਪਰ ਜੇ ਸਤਗੁਰ ਜੀ ਨਾ
ਕਰਦੇ ਤੇ ਅਗਾਂਹ ਜਿਸ ਨਾਲ ਸਬ ਜਾਣਾ ਸੀ ਦੂਸਰੇ ਦਿਨ ਸਤਗੁਰੂ
ਜੀ ਗੁਜਰਾਂ ਵਾਲੇ ਸਾਡੇ ਘਰ ਆਏ ਤੇ ਮੈਨੂੰ ਪੁਛਿਆ। ਸਤਗੁਰ ਜੀ
ਦੀ ਚਾਲ ਤੋਂ ਮੈਂ ਆਖਿਆ ਗਰੀਬ ਨਵਾਜ਼ ਬਾਹਾਂ ਤੇ ਆਪ ਰਖੀ ਹੈ
ਮੈਨੂੰ ਹੋਰ ਗਲ ਨਹੀ ਕਰਨ ਦਿਤੀ ਆਖਿਆ। ਚੁਪ ਜਿਸ ਨੂੰ ਲੋੜ ਸੀ ਉਸ
ਨੇ ਰਖ ਲਈ ਹੈ ਏ ਸਤਗੁਰੂ ਜੀ ਪੰਤਾ ਜੀ ਕੀ ਦਰਸ ਕਰਾਏ ਨੇ ਆਪ ਜੀ
ਸਾਰੀ ਬਾਹਾਂ ਨੂੰ ਬਾਰ ਏਥੀ ਕਥਾ ਦਾ ਜਿਸਨੇ ਹੈ॥

ਕਿਰਪਾ ਨਾਥ

Namdhari Elibrary
NamdhariElibrary@gmail.com

ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਪ੍ਰੇਮਾਂ [illegible] ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਸੰਤਾਂ ਭਾਈਆਂ [illegible] ਦੇ ਸਮਾਗਮ [illegible]

[illegible] ਸਤਿਗੁਰੂ ਜੀ ਦੇ ਦਰਸ਼ਨ ਕਰਕੇ [illegible]

[illegible]

Namdhari Library Namdharilibrary@gmail.com

ਸੋਆ ਕੇ ਸਤਗੁਰੂ ਜੀ ਮੈਨੂੰ ਸਤਾਰਾਂ ਸਾਲ ਹੋਏ ਹੋਣ ਦ
ਆਪ ਜੀ ਨੇ ਮੇਰੇ ਉਪਰ ਬੜੀ ਕਿਰਪਾ ਕੀਤੀ ਮੈਨੂੰ ਬੜੀ ਤਕਲੀਫ
ਆਪ ਜੀ ਰਾਤ ਦੇ ਨਉ ਵਜੇ ਡਾਕਟਰ ਗੁਜਰਮਲ ਦੇ ਫਾਰਮ ਵਿਚ
ਜਾ ਕੇ ਡਾਕਟਰ ਨਾਲ ਲੈਕੇ ਮੇਰੇ ਪਾਸ ਦਿਲੀ ਰਾਤ ਦੇ ਸਵਾ ਬਾਰਾਂ
ਵਜੇ ਪਹੁੰਚੇ ਮੇਰੇ ਸਿਰ ਤੇ ਹਥ ਫੇਰ ਮੈਨੂੰ ਤਉਂ ਫੜ ਕੇ ਹਲਾਇਆ
ਮੈਂ ਉਠਨ ਦੀ ਕੋਸ਼ਸ਼ ਕੀਤੀ ਆਪ ਜੀ ਹੁਕਮ ਕੀਤਾ ਸੋਆ ਰਹੋ ਤੇ
ਡਾਕਟਰ ਨੂੰ ਆਖਿਆ ਵੇਖ ਭਾਈ ਉਸ ਨੂੰ ਵੇਖ ਟੀਕਾ ਲਾਨ ਲਗਾ
ਕੇਲਿਓ ਹਜ਼ੂਰ ਸਿੰਘ ਆਖਿਆ ਅਰੋਗਇਆ ਟੀਕਾ ਨਹੀ ਲਾਇਆ
ਉਨ ਨੇ ਟੀਕ ਨਹੀ ਲਾਇਆ ਇਕ ਗੋਲੀ ਪਾਣੀ ਵਿਚ ਘੋਲ ਕੇ
ਮੇਰੇ ਮੂੰਹ ਪਾਈ ਪੁਛਿਆ ਕੁਝ ਫਰਕ ਪੈਆ ਹੈ ਮੈਂ ਆਖਿਆ ਨਹੀਂ
ਆਪ ਜੀ ਹੁਕਮ ਕੀਤਾ ਹਜ਼ੂਰ ਸਿੰਘ ਤੂੰ ਘੋਲ ਵਾਲੀ ਦਵਾ ਕੁਝ ਰ ਹਜ਼ੂਰ
ਵਾਂ. ਆਪ ਜੀ ਮੈਨ ਜਾਣਿਆਂ ਹੈ ਉ ਮੈਂ ਕਰਨਾ ਹਾਂ ਉਸ ਨੇ ਮੈਨੂੰ ਦੂਸ
ਲਾ ਦਿਤਾ ਮੈਨੂੰ ਭੁਲਣਕ ਸੁਰਾਲਾਂ ਦੇ ਨਦੀਰੀ ਆਈਆ ਇਕ ਜਾ
ਦੂਤ ਮੇਰੇ ਸਾਮਣੇ ਤੇ ਦੂਜਾ ਪਿਛੇ ਨਜ਼ਰੀ ਪਏ ਅਗਲੇ ਵਾਲੇ ਦੂਤ ਨੂੰ
ਪਿਛਲੇ ਵਾਲਾ ਖਿਚ ਕੇ ਲੈ ਗਿਆ ਆਪ ਜੀ ਪੁਛਿਆ ਹੋਣ ਕੀ ਹਾਲ ਹੈ
ਆਪ ਜੀ ਮੇਰੇ ਤੇ ਬੜੀ ਕਿਰਪਾ ਕੀਤੀ ਹੈ ਹੋਣ ਮੈਂ ਆਪ ਜੀ ਦੀ
ਕਿਰਪਾ ਨਾਲ ਬਿਲਕੁਲ ਠੀਕ ਹੋ ਗਿਆ ਹਾਂ ਜੀ ਫਿਰ ਆਪ ਜੀ
ਭਗਵਾਨ ਸਿੰਘ ਪਾਸ ਰਹੇ ਸਵੇਰ ਚਾਹ ਵੇਲੇ ਦਰਸ਼ਨ ਦੇ ਕੇ
ਮੋਟਰ ਅੰਦਰ ਲੈ ਕੇ ਚਲ ਗਈ ਬਹੁਤ ਧਨਵਾਦ

ਹੁਣ ਮੈਨੂੰ ਤੇ ਕੇਸਰ ਕੌਰ ਨੂੰ ਤਿੰਨ ਚਾਰ ਮਹੀਨੇ ਹੋਏ
ਹੋਣ ਸਰੀਰ ਕਸਤੇ ਸਫਰ ਨਹੀ ਕਰ ਸਕਦਾ ਆਪ ਜੀ
ਮੌਕੇ ਜਦਉ ਦਿਸਾਂ ਆਉ ਸਾਡੇ ਚਰਨ ਪਾਉ ਤੇ ਦਰਸਨ
ਦੇਣ ਦੀ ਕਿਰਪਾ ਕਰਨੀ ਆਪ ਜੀ ਦੇ ਚਰਨ ਸੇਵਕ

ਰੋਡਾ ਸਿੰਘ A 30 ਗਲਨਉਰੀ
ਦਿਲੀ 27    10 8/83

Namdhari Elibrary NamdhariElibrary@gmail.com

Namdhari Elibrary NamdhariElibrary@gmail.com

Namdhari Elibrary NamdhariElibrary@gmail.com



ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦੇ ਪ੍ਰਿੰਸੀਪਲ ਬੀਬੀ ਬੇਅੰਤ ਕੌਰ ਜੀ ਪੰਜਾਬੀ, ਅੰਗ੍ਰੇਜ਼ੀ ਅਤੇ ਹਿੰਦੀ ਵਿਚ ਐਮ. ਏ. ਹਨ ਅਤੇ ਬੀ.ਟੀ. ਦੀ ਡਿਗਰੀ ਪ੍ਰਾਪਤ ਕੀਤੀ ਹੋਈ ਹੈ। ਇਸ ਤੋਂ ਪਹਿਲਾ ਆਪ ਨੇ ਟ੍ਰੇਨਿੰਗ ਕਾਲਜ ਅੰਮ੍ਰਿਤਸਰ ਅਤੇ ਕੇਂਦਰੀ ਵਿਦਿਆਲਾ, ਹਰਿਦੁਆਰ ਵਿਚ ਅਧਿਆਪਨ ਦਾ ਕੰਮ ਕੀਤਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਆਪ ਜੀ ਕੇਂਦਰੀ ਵਿਦਿਆਲਾ ਦੀ ਨੌਕਰੀ ਛੱਡ ਕੇ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਵਿਚ ਆ ਗਏ। ਇਨ੍ਹਾਂ ਦੀ ਯੋਗ ਅਗਵਾਈ ਹੇਠ ਇਸ ਸਕੂਲ ਨੇ ਵਰਣਨਯੋਗ ਉੱਨਤੀ ਕੀਤੀ ਹੈ। ਬੀਬੀ ਜੀ ਨੂੰ ਲਿਖਣ ਦਾ ਬਹੁਤ ਸ਼ੌਕ ਹੈ। ਸੰਨ 1954 ਤੋਂ ਹੀ ਆਪ ਦੇ ਲੇਖ ਸਤਿਜੁਗ, ਵਰਿਆਮ, ਨਿਰੀਖਿਅਕ, ਅਕਸ ਅਤੇ ਪੰਜਾਬੀ ਡਾਈਜੈਸਟ ਆਦਿ ਵਿਚ ਪਾਠਕ ਪੜ੍ਹਦੇ ਆ ਰਹੇ ਹਨ। 'ਸੂਬਾ ਗੰਡਾ ਸਿੰਘ' ਬੀਬੀ ਬੇਅੰਤ ਕੌਰ ਦੀ ਪਾਠਕਾਂ ਨੂੰ ਪਹਿਲੀ ਭੇਟ ਹੈ।

Namdhari Elibrary NamdhariElibrary@gmail.com




**SHAHEED BISHAN SINGH MEMORIAL**
**SR. SEC. SCHOOL (RECOGNISED)**

MANSAROVER GARDEN, NEW DELHI-110 015

NamdhariElibrary NamdhariElibrary@gmail.com